


The Punjabi Newspaper
ਪੰਜਾਬੀ ਅਖ਼ਬਾਰ
ਪੰਜਾਬੀਅਤ ਦਾ ਪਹਿਰਾ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 | Regina/Saskatoon : 639 999 1000 : Winnipeg 431 733 3000
Chief Editor : Harbans Buttar




Vol: 9 No: 201 Website : www.punjabiakhbaar.ca Email: editor@punjabiakhbaar.ca Friday, 5 August 2022

# ਅਲ-ਕਾਇਦਾ ਆਗੂ ਅਲ-ਜ਼ਵਾਹਿਰੀ ਦੀ ਅਮਰੀਕੀ ਹਵਾਈ ਹਮਲੇ ’ਚ ਮੌਤ

ਵਾਸ਼ਿੰਗਟਨ (ਪੰਜਾਬੀ ਅਖ਼ਬਾਰ ਬਿਊਰੋ)- ਅਫਗਾਨਿਸਤਾਨ ‘ਚ ਅਮਰੀਕੀ ਹਵਾਈ ਹਮਲੇ ‘ਚ ਅਲ-ਕਾਇਦਾ ਨੇਤਾ ਅਯਮਨ ਅਲ-ਜ਼ਵਾਹਿਰੀ ਮਾਰਿਆ ਗਿਆ ਹੈ। ਓਸਾਮਾ ਬਿਨ ਲਾਦੇਨ ਦੇ ਅਮਰੀਕੀ ਕਾਰਵਾਈ ਵਿਚ ਮਾਰੇ ਜਾਣ ਤੋਂ ਬਾਅਦ ਜਵਾਹਿਰੀ ਅਲ-ਕਾਇਦਾ ਦਾ ਨੇਤਾ ਬਣ ਗਿਆ ਸੀ। ਲਗਭਗ ਦੋ ਦਹਾਕੇ ਲੰਬੇ ਆਪ੍ਰੇਸ਼ਨ ਤੋਂ ਬਾਅਦ ਅਮਰੀਕੀ ਸੈਨਿਕਾਂ ਦੇ ਅਫਗਾਨਿਸਤਾਨ ਛੱਡਣ ਦੇ 11 ਮਹੀਨੇ ਬਾਅਦ ਅਮਰੀਕਾ ਨੇ ਅੱਤਵਾਦ ਵਿਰੋਧੀ ਇੱਕ ਮਹੱਤਵਪੂਰਨ ਆਪ੍ਰੇਸ਼ਨ ਵਿੱਚ ਇਹ ਸਫਲਤਾ ਹਾਸਲ ਕੀਤੀ ਹੈ।




ਕੇਂਦਰੀ ਖੁਫੀਆ ਏਜੰਸੀ ਨੇ ਇਹ ਹਵਾਈ ਹਮਲਾ ਕੀਤਾ। ਮਾਮਲੇ ਨਾਲ ਜੁੜੇ ਪੰਜ ਲੋਕਾਂ ਨੇ ਨਾਮ ਨਾ ਛਾਪਣ ਦੀ ਸ਼ਰਤ ’ਤੇ ਹਮਲੇ ਦੀ ਪੁਸ਼ਟੀ ਕੀਤੀ ਹੈ। ਇਸ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਨੇ ਵੀ ਐਲਾਨ ਕੀਤਾ ਕਿ ਜਵਾਹਿਰੀ ਕਾਬੁਲ ਵਿੱਚ ਅਮਰੀਕੀ ਡਰੋਨ ਹਮਲੇ ਵਿੱਚ ਮਾਰਿਆ ਗਿਆ ਹੈ। ਉਹਨਾਂ ਨੇ ਇਸ ਨੂੰ ਇਨਸਾਫ ਲਈ ਇੱਕ ਮੁਹਿੰਮ ਦੱਸਿਆ। ਅਲ-ਜ਼ਵਾਹਿਰੀ ਇਕ ਸੁਰੱਖਿਅਤ ਘਰ ਦੀ ਬਾਲਕੋਨੀ ਵਿਚ ਸੀ, ਜਦੋਂ ਡਰੋਨ ਨੇ ਉਸ ’ਤੇ ਦੋ ਮਿਜ਼ਾਈਲਾਂ ਦਾਗੀਆਂ। ਹਮਲੇ ਦੌਰਾਨ ਉਸ ਦੇ ਪਰਿਵਾਰ ਦੇ ਹੋਰ ਮੈਂਬਰ ਵੀ ਘਰ ਵਿੱਚ ਮੌਜੂਦ ਸਨ, ਪਰ ਉਨ੍ਹਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ। ਬਾਈਡੇਨ ਨੇ ਕਿਹਾ ਕਿ ਉਹਨਾਂ ਨੇ ਅਲ-ਕਾਇਦਾ ਦੇ ਨੇਤਾ ਖ਼ਿਲਾਫ਼ ਸਟੀਕ ਕਾਰਵਾਈ ਲਈ ਅੰਤਿਮ ਮਨਜ਼ੂਰੀ ਦੇ ਦਿੱਤੀ ਸੀ। ਅਮਰੀਕੀ ਖੁਫੀਆ ਏਜੰਸੀ ਐੱਫ.ਬੀ.ਆਈ. ਨੇ ਆਪਣੀ ਵੈਬਸਾਈਟ ’ਤੇ ਜ਼ਵਾਹਿਰੀ ਦੀ ਪ੍ਰੋਫਾਈਲ ਤਸਵੀਰ ਜਾਰੀ ਕੀਤੀ ਹੈ। ਜਿਸ ਦੇ ਕੈਪਸ਼ਨ ਵਿਚ ਲਿਖਿਆ ਹੈ ਕਿ ਖਤਰਨਾਕ ਅੱਤਵਾਦੀ ਮਾਰਿਆ ਗਿਆ।

ਉਹਨਾਂ ਨੇ ਅੱਗੇ ਕਿਹਾ ਕਿ ਅਲ-ਜ਼ਵਾਹਿਰੀ ਨੇ ਅਦਨ ਵਿੱਚ ਅਕਤੂਬਰ-2000 ਵਿੱਚ ਅਮਰੀਕੀ ਮਰੀਨ ’ਤੇ ਹਮਲੇ ਸਮੇਤ ਹਿੰਸਾ ਦੀਆਂ ਹੋਰ ਕਾਰਵਾਈਆਂ ਵੀ ਕੀਤੀਆਂ। ਇਸ ਹਮਲੇ ਵਿੱਚ 17 ਅਮਰੀਕੀ ਮਲਾਹ ਮਾਰੇ ਗਏ ਸਨ। ਅਮਰੀਕੀ ਰਾਸ਼ਟਰਪਤੀ ਨੇ ਕਿਹਾ, ਭਾਵੇਂ ਕਿੰਨਾ ਵੀ ਸਮਾਂ ਲੱਗ ਜਾਵੇ, ਚਾਹੇ ਤੁਸੀਂ ਕਿਤੇ ਵੀ ਲੁਕ ਜਾਓ, ਜੇਕਰ ਤੁਸੀਂ ਸਾਡੇ ਲੋਕਾਂ ਲਈ ਖਤਰਾ ਹੋ, ਤਾਂ ਅਸੀਂ ਤੁਹਾਨੂੰ ਅਤੇ ਤੁਹਾਡੇ ਲੋਕਾਂ ਨੂੰ ਲੱਭ ਲਵਾਂਗੇ।ਸਾਲ 2011 ਵਿੱਚ ਓਸਾਮਾ ਬਿਨ ਲਾਦੇਨ ਦੀ ਮੌਤ ਤੋਂ ਬਾਅਦ ਅਲ-ਜ਼ਵਾਹਿਰੀ ਨੇ ਅਲ-ਕਾਇਦਾ ’ਤੇ ਕਬਜ਼ਾ ਕਰ ਲਿਆ। ਉਸ ਨੇ ਅਤੇ ਬਿਨ ਲਾਦੇਨ ਨੇ ਮਿਲ ਕੇ 9/11 ਦੇ ਹਮਲਿਆਂ ਦੀ ਸਾਜ਼ਿਸ਼ ਰਚੀ ਸੀ ਅਤੇ ਉਦੋਂ ਤੋਂ ਉਹ ਅਮਰੀਕਾ ਦੇ ਸਭ ਤੋਂ ਵੱਧ ਲੋੜੀਂਦੇ ਅੱਤਵਾਦੀਆਂ ਵਿੱਚੋਂ ਇੱਕ ਬਣ ਗਏ ਹਨ।

ਇਸ ਦੌਰਾਨ ਤਾਲਿਬਾਨ ਦੇ ਬੁਲਾਰੇ ਨੇ ਅਮਰੀਕੀ ਕਾਰਵਾਈ ਨੂੰ ਕੌਮਾਂਤਰੀ ਸਿਧਾਂਤਾਂ ਦੀ ਸਪੱਸ਼ਟ ਉਲੰਘਣਾ ਦੱਸਿਆ।ਉਨ੍ਹਾਂ ਕਿਹਾ ਕਿ ਅਜਿਹੀਆਂ ਕਾਰਵਾਈਆਂ ਪਿਛਲੇ 20 ਸਾਲਾਂ ਦੇ ਅਸਫਲ ਤਜ਼ਰਬਿਆਂ ਦੀ ਦੁਹਰਾਈ ਹਨ ਅਤੇ ਅਮਰੀਕਾ, ਅਫਗਾਨਿਸਤਾਨ ਅਤੇ ਖੇਤਰ ਦੇ ਹਿੱਤਾਂ ਦੇ ਖ਼ਿਲਾਫ਼ ਹਨ। ਅਮਰੀਕਾ ਨੇ ਜਿਹੜੀ ਮਿਜ਼ਾਈਲ ਨਾਲ ਹਮਲਾ ਕੀਤਾ ਹੈ ਉਸ ਨੂੰ RIX ਕਹਿੰਦੇ ਹਨ। ਇਸ ਵਿਚ ਬਾਰੂਦ ਦੀ ਮਾਤਰਾ ਬਹੁਤ ਘੱਟ ਹੁੰਦੀ ਹੈ। ਇਸ ਵਿਚ ਤੇਜ਼ ਧਾਰ ਵਾਲੇ ਧਾਤ ਦੇ ਬਲੇਡ ਹੁੰਦੇ ਹਨ ਜੋ ਵੱਖ-ਵੱਖ ਪਰਤਾਂ ਵਿਚ ਲਗਾਏ ਜਾਂਦੇ ਹਨ। ਫਟਣ @ਤੇ ਛੇ ਬਲੇਡਾਂ ਦਾ ਇਕ ਸੈੱਟ ਨਿਕਲਦਾ ਹੈ। ਇਸ ਦੇ ਸਾਹਮਣੇ ਆਉਣ ਵਾਲਾ ਕੋਈ ਵੀ ਇਨਸਾਨ ਕਈ ਟੁੱਕੜਿਆਂ ਵਿਚ ਕੱਟਿਆ ਜਾਂਦਾ ਹੈ।
























# ਹੁਣੇ ਖਰੀਦੋ, ਤਿੰਨ ਸਾਲ ਤੁਹਾਨੂੰ ਕੋਈ ਕੌਂਡੋ ਫੀਸ ਨਹੀਂ ਦੇਣੀ ਪਵੇਗੀ!








COPPERSTONE AT COPPERFIELD

SOUTHEAST CALGARY

**ਕਾਪਰਸਟੋਨ** ਵਿਖੇ ਅਸੀਂ ਤੁਹਾਡੇ ਲਈ ***ਤਿੰਨ ਸਾਲਾਂ ਲਈ ਬਿਨਾਂ ਕੰਡੋ ਫੀਸ** ਦੇ ਬਿਲਕੁਲ-ਨਵੇਂ ਅਵਾਰਡ-ਵਿਜੇਤਾ ਟਾਊਨਹੋਮ ਦੇ ਮਾਲਕ ਹੋਣਾ ਵਧੇਰੇ ਕਿਫਾਇਤੀ ਬਣਾ ਰਹੇ ਹਾਂ। **ਕਿਰਾਇਆ ਦੇਣਾ ਬੰਦ ਕਰੋ!**1,380 ਵਰਗ ਫੁੱਟ ਤੋਂ 1,885 ਵਰਗ ਫੁੱਟ ਤੱਕ ਦੇ 2 ਜਾਂ 3 ਬੈੱਡਰੂਮ ਵਾਲੇ ਟਾਊਨਹੋਮ ਦੇ ਮਾਲਕ ਬਣੋ, **ਜੀਐੱਸਟੀ ਸਮੇਤ ਸਿਰਫ਼ $409,900** ਤੋਂ ਸ਼ੁਰੂ ਹੋ ਕੇ।

## ਸਤੰਬਰ 2022 ਵਿਚ ਮੂਵ ਹੋਵੋ

COPPERSTONELIVING.COM
587.352.4266

SHOWHOMES & SALES CENTRE
1233 Copperfield Blvd SE,
Calgary, AB T2Z 5G1

# ਸਾਊਥ ਪੋਆਇੰਟ ਵਿਖੇ ਗਰਮੀਆਂ ਦੀ ਬੱਚਤ ਦਾ ਈਵੈਂਟ ਸ਼ੁਰੂ ਹੈ

SOUTHPOINT
A MASTER PLANNED COMMUNITY
SOUTHWEAST AIRDRIE

ਇਸ ਗਰਮੀ ਦੀ ਵੱਡੀ ਬੱਚਤ ਕਰੋ! ਇੱਕ ਸੀਮਤ ਸਮੇਂ ਲਈ ਸਿੰਗਲ ਫੈਮਿਲੀ ਲੇਨ ਹੋਮ ਦੀ ਖਰੀਦ 'ਤੇ ਹੋਮ ਅੱਪਗ੍ਰੇਡ ਵਿੱਚ **$25,000 ਤੱਕ** ਅਤੇ **ਰੋਅ ਹੋਮ 'ਤੇ $10,000 ਤੱਕ** ਪ੍ਰਾਪਤ ਕਰੋ। **ਜਲਦੀ ਕਰੋ!**

**ਪੇਸ਼ਕਸ਼ ਸਿਰਫ਼ ਸੀਮਤ ਸਮੇਂ ਲਈ ਹੈ। ਕੀਮਤ ਲਈ ਵਿਕਰੀ ਟੀਮ ਨਾਲ ਸੰਪਰਕ ਕਰੋ।**

VESTASOUTHPOINT.COM
403.980.1979

SHOWHOMES & SALES CENTRE
600 South Point Heath SW,
Airdrie AB









*3-years - up to a max value of $10k. Rendering, price and availability are subjects to change without notice. E. & O.E.

Proudly built by VESTA PROPERTIES

# ਮੈਡੀਸਨ ਹੈਟ ਵਿੱਚ ਯੂਨਾਈਟਿਡ ਕੰਜ਼ਰਵੇਟਿਵ ਪਾਰਟੀ ਲੀਡਰਸ਼ਿਪ ਬਹਿਸ ਕਿਸ ਨੇ ਜਿੱਤੀ?

## ਪੰਜਾਬੀ ਮੂਲ ਦੀ ਰਾਜਨ ਸਾਹਨੀ ਬਣ ਸਕਦੀ ਹੈ, ਅਲਬਰਟਾ ਦੀ ਅਗਲੀ ਪ੍ਰੀਮੀਅਰ !

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਸੂਬੇ ਅੰਦਰ ਇਸ ਵੇਲੇ ਰਾਜ ਕਰ ਰਹੀ ਯੂਨਾਈਟਿਡ ਕੰਜ਼ਰਵੇਟਿਵ ਪਾਰਟੀ ਦੀ ਲੀਡਰਸਿੱਪ ਰੇਸ ਹੋਣ ਜਾ ਰਹੀ ਹੈ । ਹੁਣ ਤੱਕ 7 ਉਮੀਂਦਵਾਰ ਮੈਦਾਨ ਵਿੱਚ ਹਨ । ਪੰਜਾਬੀ ਭਾਈਚਾਰੇ ਲਈ ਇਹ ਲੀਡਰਸਿੱਪ ਰੇਸ ਦਿਲਚਸਪੀ ਵਾਲੀ ਬਣੀ ਹੋਈ ਹੈ । ਉਮੀਦਵਾਰ ਟ੍ਰੈਵਿਸ ਟੋਵਜ਼, ਬ੍ਰਾਇਨ ਜੀਨ,ਰੇਬੇਕਾ ਸ਼ੁਲਜ਼,ਡੇਨੀਅਲ ਸਮਿੱਥ,ਲੋਵੈਨ ਅਤੇ ਪੰਜਾਬੀ ਮੂਲ ਦੀਆਂ ਦੋ ਔਰਤਾਂ ਲੀਲਾ ਆਹੀਰ ਅਤੇ ਰਾਜਨ ਸਾਹਨੀ ਸਾਮਿਲ ਹਨ। ਭਾਵੇਂ ਮਾਹਿਰਾਂ ਅਨੁਸਾਰ ਮੁਕਾਬਲਾ ਤਾਂ ਬਰਾਇਨ ਜੀਨ,ਡੇਨੀਅਨ ਸਮਿੱਥ ਅਤੇ ਟਰੈਵਿਸ ਟੋਵਜ਼ ਵਿਚਕਾਰ ਸਮਝਿਆ ਜਾ ਰਿਹਾ ਹੈ ਪਰ ਕਈ ਵਾਰ ਜਦੋਂ ਮੈਦਾਨ ਲੱਗਦਾ ਹੈ ਤਾਂ ਫਿਰ ਹਾਲਾਤ ਹੋਰ ਈ ਬਣ ਜਾਂਦੇ ਹਨ। ਅਜਿਹਾ ਹੀ ਬੀਤੇ ਦਿਨੀ ਅਲਬਰਟਾ ਦੇ ਮੈਡੀਸਨ ਹੈਟ ਸਹਿਰ ਵਿੱਚ ਹੋਈ ਡਿਬੇਟ ਦੌਰਾਨ ਵਾਪਰਿਆ ਦੱਸਿਆ ਜਾਂਦਾ ਹੈ। ਤੇਜ ਤਰਾਰ ਅਤੇ ਇਸ ਦੌੜ ਵਿੱਚ ਅੱਗੇ ਸਮਝੀ ਜਾਣ ਵਾਲੀ ਡੇਨੀਅਲ ਸਮਿੱਥ ਨੂੰ ਰਾਜਨ ਸਾਹਨੀ ਨੇ ਉਸਦੇ ਕੈਂਸਰ ਵਾਲੇ ਬਿਆਨ,ਜਿਸ ਵਿੱਚ ਸਮਿੱਥ ਨੇ ਕਿਹਾ ਸੀ ਕਿ ਆਖਿਰੀ ਸਟੇਜ ਉੱਪਰ ਪੁੱਜੇ ਕੈਂਸਰ ਦੇ ਮਰੀਜਾਂ ਨੂੰ ਖੁਦ ਹੀ ਕੋਈ ਓਹੜਪੋਹੜ ਕਰ ਲੈਣਾ ਚਾਹੀਦਾ ਹੈ, ਉਸਨੂੰ ਖੂਬ ਰਗੜਾ ਲਾਇਆ। ਰਾਜਨ ਸਾਹਨੀ ਨੇ ਆਪਣੇ ਸਾਥੀ ਕੰਜ਼ਰਵੇਟਿਵਾਂ ਨੂੰ ਚੇਤਾਵਨੀ ਦਿੱਤੀ ਕਿ ਅੱਜ ਡੈਨੀਅਲ ਸਮਿਥ ਦੀ ਜਿੱਤ ਦਾ ਅਰਥ ਹੈ ਕੱਲ੍ਹ ਨੂੰ ਰਾਚੇਲ ਨੌਟਲੀ ਦੀ ਜਿੱਤ ਹੈ। ਮਿਸਟਰ ਮੇਸਨ ਨੇ ਵੀ ਕਿਹਾ ਕਿ ਉਹ ਸ਼੍ਰੀਮਤੀ ਸਾਹਨੀ ਦੇ ਬਿਆਨ ਨਾਲ ਸਹਿਮਤ ਹਨ ਕਿ ਹੁਣ ਡੈਨੀਅਲ ਸਮਿਥ ਦੀ ਜਿੱਤ ਦਾ ਮਤਲਬ ਸੰਭਾਵਤ ਤੌਰ 'ਤੇ 2023 ਵਿੱਚ ਹੋਣ ਵਾਲੀਆਂ ਆਮ ਚੋਣਾਂ ਵਿੱਚ ਰਾਚੇਲ ਨੌਟਲੀ ਦੀ ਜਿੱਤ ਹੋਵੇਗੀ। ਹੁਣ ਅਗਲੀ ਡਿਬੇਟ 30 ਅਗਸਤ ਨੂੰ ਹੋਣੀ ਹੈ ਪਰ ਇਸ ਡਿਬੇਟ ਵਿੱਚ ਸਾਮਿਲ ਸਾਰੇ ਹੀ ਉਮੀਂਦਵਾਰਾਂ ਦੇ ਮੂੰਹੋਂ ਇਹ ਗੱਲਾਂ ਨਿਕਲੀਆਂ ਕਿ ਅਲਬਰਟਾ ਦੀਆਂ ਸਿਹਤ ਸੰਭਾਲ,ਸਿੱਖਿਆ ਆਦਿ ਦਾ ਸਿਸਟਮ ਟੁੱਟਿਆ ਹੋਇਆ ਹੈ। ਭਾਵੇਂ ਬੀਤੇ ਦੀ ਡਿਬੇਟ ਦੌਰਾਨ ਪੰਜਾਬੀ ਮੂਲ ਦੀ ਰਾਜਨ ਸਾਹਨੀ ਮਜਬੂਤ ਹੋਕੇ ਅੱਗੇ ਆਈ ਹੈ ਪਰ ਹਾਲੇ ਵੀ ਉਸਦੇ ਰਾਹ ਵਿੱਚ ਕਾਫੀ ਅੜਚਣਾਂ ਦਿਖਾਈ ਦਿੰਦੀਆਂ ਹਨ ਜਿਵੇਂ ਕਿ ਪੰਜਾਬੀ ਮੂਲ ਦੀਆਂ ਦੋ ਉਮੀਂਦਵਾਰ ਔਰਤਾਂ ਦਾ ਹੋਣਾ ਅਤੇ ਪੰਜਾਬੀ ਭਾਈਚਾਰੇ ਦੇ ਕੁੱਝ ਕੁ ਸੱਜਣਾਂ ਵੱਲੋਂ ਡੇਨੀਅਲ ਸਮਿੱਥ ਨੂੰ ਹਮਾਇਤ ਦੇਣੀ ਸਾਮਿਲ ਹਨ।








SUPERVISA Medical Insurance

ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ



Harpinder Sidhu
REGIONAL MANAGER
403 404 3500
sidhu.harpinder@gmail.com

Pii Punjab Insurance Inc

ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ ਮੈਂਬਰ ਤੁਹਾਡੀ ਸੇਵਾ ਵਿੱਚ

SERVICES
- Life Insurance
- Mortgage Insurance
- Critical Illness Insurance
- Disability Insurance



Gurinder Chahal
MANAGER
587 707 7000
cgyquotes@gmail.com

A PLUS

- ਤੁਹਾਡੇ ਮਿਹਨਤ ਨਾਲ ਕਮਾਏ ਡਾਲਰਾਂ ਦਾ ਸਹੀ ਮੁੱਲ ਮਿਲੇ ਅਤੇ ਲਾਰੇ ਲੱਪਿਆਂ ਤੋਂ ਪਹਿਲਾਂ ਠੀਕ ਟਿਕਾਣੇ ਉੱਪਰ ਪੁੱਜਣ।
- ਪੰਜਾਬ ਤੋਂ ਰੁਪਈਏ ਦੇ ਬਦਲੇ ਡਾਲਰ ਵਧੀਆ ਰੇਟ ਉੱਪਰ ਕਨੇਡਾ ਬੈਠੇ ਹੀ ਲਓ।
- ਸਾਡੇ ਕੋਲੋਂ ਇੱਕ ਬਾਰ ਰੇਟ ਜ਼ਰੂਰ ਜਾਣ ਲਓ।
- ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਭਰੋਸੇਮੰਦ ਨਾਂ।

A-Plus Foreign Exchange
#333-55 Westwinds Cres NE
(ਸੁਪਰ ਸਟੋਰ ਦੇ ਨੇੜੇ ਸਮੋਸਾ ਫੈਕਟਰੀ ਵਾਲੇ ਪਲਾਜੇ ਵਿਚ)
Calgary (AB) T3J 5H2



Kewal Sangha
587 582 6666

- ਤੁਹਾਨੂੰ ਕਚਿਹਰੀਆਂ ਵਿੱਚ ਖੱਜਲ ਖੁਆਰ ਹੋਣ ਦੀ ਲੋੜ ਨਹੀਂ।
- ਤੁਹਾਡੀ ਆਪਣੀ ਹੀ ਜ਼ਮੀਨ ਜਾਇਦਾਦ ਦੀ ਹੋਈ ਬੇ-ਮਾਲਕੀ ਨੂੰ ਅਸੀਂ ਮਾਲਕੀ ਬਣਾਵਾਂਗੇ।
- ਸਾਡੇ ਕੋਲ ਕਨੇਡਾ ਅਤੇ ਇੰਡੀਆ ਵਿੱਚ ਤਜ਼ਰਬੇਕਾਰ ਮਾਹਿਰ ਵਕੀਲਾਂ ਦੀ ਟੀਮ ਹੈ।
- ਜ਼ਮੀਨ/ਜਾਇਦਾਦ ਦੀ ਖ਼ਰੀਦ/ਵੇਚ ਸਬੰਧੀ ਕੋਈ ਵੀ ਮਸਲਾ ਹੋਵੇ ਤਾਂ ਸਾਨੂੰ ਸੰਪਰਕ ਕਰੋ।

A Plus
Immigration & NRI Solutions
nriservicecalgary@gmail.com

A-Class Auto Body Ltd.
Now Operating as
FIX AUTO CALGARY NORTH EAST
Complete Collison Repairs & Painting

ਆਟੋ ਬਾਡੀ ਦੇ ਤਸੱਲੀਬਖਸ਼ ਕੰਮ ਗਰੰਟੀ ਦੇ ਨਾਲ ਵਾਜਬ ਦਾਮ 'ਤੇ ਕਰਵਾਉਣ ਲਈ ਜ਼ਰੂਰ ਆਓ।

Mike Randev
R.Gill
Tel : (403) 273-8889
Fax : (403) 273-8812

Insurance Claims
Courtesy Cars
All Work Guaranteed



720 Moraine Road NE, Calgary, AB, T2A 2P3
Email: aclass@aclassautobody.ca



WE BUY, WE SELL
TRUCKS & TRAILERS

COLD IRON
TRUCK CENTER
SALE LEASING WARRANTY



212 - 6958 76 Ave NW, Edmonton
+1-416-560-2250, +1-780-904-0005
www.coldirontrucks.com

# ਸਿਆਸਤਦਾਨਾਂ ਵਿੱਚ ਸਾਹਿੱਤ ਪੜ੍ਹਨ ਦੀ ਰੁਚੀ ਘਟਣਾ ਭਵਿੱਖ ਲਈ ਖਤਰਨਾਕ : ਗੁਰਮੀਤ ਸਿੰਘ ਖੁੱਡੀਆਂ



ਲੁਧਿਆਣਾ (ਪੰਜਾਬੀ ਅਖਬਾਰ ਬਿਊਰੋ) ਲੰਬੀ(ਮੁਕਤਸਰ) ਹਲਕੇ ਤੋਂ ਪੰਜਾਬ ਦੇ ਪੰਜ ਵਾਰ ਮੁੱਖ ਮੰਤਰੀ ਰਹੇ ਸਿਰਮੌਰ ਅਕਾਲੀ ਆਗੂ ਸ ਪਰਕਾਸ ਸਿੰਘ ਬਾਦਲ ਨੂੰ ਹਰਾ ਕੇ ਪੰਜਾਬ ਵਿਧਾਨ ਸਭਾ ਵਿੱਚ ਪਹੁੰਚੇ ਵਿਧਾਨਕਾਰ ਸ ਗੁਰਮੀਤ ਸਿੰਘ ਖੁੱਡੀਆਂ ਨੇ ਬੀਤੀ ਸਾਮ ਲੁਧਿਆਣਾ ਵਿੱਚ ਕਿਹਾ ਹੈ ਕਿ ਪੰਜਾਬੀ ਸਿਆਸਤਦਾਨਾਂ ਵਿੱਚ ਸਾਹਿੱਤ ਪੜ੍ਹਨ ਦੀ ਘਾਟ ਭਵਿੱਖ ਲਈ ਖਤਰਨਾਕ ਹੈ। ਸਾਹਿੱਤ, ਕੋਮਲ ਕਲਾਵਾਂ ਤੇ ਸੰਗੀਤ ਮਨੁੱਖੀ ਸਖਸੀਅਤ ਨੂੰ ਸਮਤੋਲ ਵਿੱਚ ਉਸਾਰਦੇ ਹਨ।

ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਸਤਿਕਾਰਯੋਗ ਪਿਤਾ ਜਥੇਦਾਰ ਜਗਦੇਵ ਸਿੰਘ ਖੁੱਡੀਆਂ ਸਾਬਕਾ ਮੈਂਬਰ ਪਾਰਲੀਮੈਂਟ ਨੂੰ ਖਾਲਸਾ ਕਾਲਿਜ ਅੰਮ੍ਰਿਤਸਰ ਵਿੱਚ ਪੜ੍ਹਦਿਆਂ ਆਪਣੇ ਅਧਿਆਪਕਾਂ ਪਾਸੋਂ ਸਾਹਿੱਤ , ਇਕਿਹਾਸ ਤੇ ਸੱਭਿਆਚਾਰ ਬਾਰੇ ਪੜ੍ਹਨ ਦੀ ਪ੍ਰੇਰਨਾ ਮਿਲੀ ਸੀ ਅਤੇ ਆਖਰੀ ਸਵਾਸਾਂ ਵੇਲੇ ਉਹ ਪਰਿਵਾਰ ਨੂੰ ਵੱਡੀ ਲਾਇਬਰੇਰੀ ਸੌਂਪ ਕੇ ਗਏ ਜਿਸ ਕਾਰਨ ਸਾਡੇ ਸਾਰੇ ਪਰਿਵਾਰ ਨੂੰ ਪੜ੍ਹਨ ਦਾ ਸੌਕ ਹੈ।ਉਨ੍ਹਾਂ ਕਿਹਾ ਕਿ ਸਾਹਿੱਤ ਤੇ ਸੱਭਿਆਚਾਰਕ ਦਿਲਚਸਪੀਆਂ ਕਾਰਨ ਹੀ ਮੇਰਾ ਵੱਡੇ ਪੰਜਾਬੀ ਲੇਖਕਾਂ ਤੇ ਸਭਿਆਚਾਰਕ ਹਸਤੀਆਂ ਨਾਲ ਨੇੜ ਹੈ।

ਇਸ ਮੌਕੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਵੱਲੋਂ ਸ ਗੁਰਮੀਤ ਸਿੰਘ ਖੁੱਡੀਆਂ ਨੂੰ ਵਿਧਾਇਕ ਬਣਨ ਉਪਰੰਤ ਪਹਿਲੀ ਵਾਰ ਘਰ ਮਿਲਣ ਆਉਣ ਤੇ ਪ੍ਰੋ ਗੁਰਭਜਨ ਸਿੰਘ ਗਿੱਲ ਨੇ ਆਪਣੀਆਂ ਲਿਖੀਆਂ ਕਿਤਾਬਾਂ ਦਾ ਸੈੱਟ ਦੇ ਕੇ ਸਨਮਾਨਿਤ ਕੀਤਾ। ਪ੍ਰੋ ਗਿੱਲ ਨੇ ਕਿਹਾ ਕਿ ਪਹਿਲਾਂ ਪਹਿਲ ਹਰ ਚੰਗਾ ਸਿਆਸਤਦਾਨ ਚੰਗਾ ਪਾਠਕ ਤੇ ਕਈ ਵਾਰ ਸਿਰਕੱਢ ਲੇਖਕ ਵੀ ਹੁੰਦਾ ਸੀ।ਉਨ੍ਹਾਂ ਗਿਆਨੀ ਗੁਰਮੁਖ ਸਿੰਘ ਮੁਸਾਫਿਰ ਜੀ ਦੀ ਮਿਸਾਲ ਦੇਂਦਿਆਂ ਕਿਹਾ ਕਿ ਉਹ ਭਾਰਤੀ ਸਾਹਿੱਤ ਅਕਾਡਮੀ ਪੁਰਸਕਾਰ ਵਿਜੇਤਾ ਕਹਾਣੀ ਲੇਖਕ, ਕਵੀ,ਸੁਤੰਤਰਤਾ ਸੰਗਰਾਮੀਏ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ, ਮੈਂਬਰ ਪਾਰਲੀਮੈਂਟ ਤੇ ਪੰਜਾਬ ਦੇ ਮੁੱਖ ਮੰਤਰੀ ਵੀ ਰਹੇ।ਪੰਜਾਬੀ ਕਵੀ ਸ ਪ੍ਰੇਮ ਸਿੰਘ ਪ੍ਰੇਮ ਪੰਜਾਬ ਦੇ ਸਿੱਖਿਆ ਮੰਤਰੀ ਰਹੇ।ਕਪੂਰ ਸਿੰਘ ਆਈ ਸੀ ਐੱਸ, ਗਿਆਨੀ ਲਾਲ ਸਿੰਘ ਕਮਲਾ ਅਕਾਲੀ ਮੈਂਬਰ ਪਾਰਲੀਮੈਂਟ ਰਹੇ।

ਇਸ ਮੌਕੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਵਿੱਚ ਸੰਚਾਰ ਕੇਂਦਰ ਦੇ ਸੀਨੀਅਰ ਅਧਿਆਪਕ ਡਾ ਨਿਰਮਲ ਜੌੜਾ ਤੇ ਸਥਾਨਕ ਸਰਕਾਰਾਂ ਵਿਭਾਗ ਦੇ ਸੇਵਾ ਮੁਕਤ ਨਿਗਰਾਨ ਇੰਜਨੀਅਰ ਸ ਸੁਖਬੀਰ ਸਿੰਘ ਜਾਖੜ ਵੀ ਹਾਜਰ ਸਨ। ਸ ਜਾਖੜ ਨੂੰ ਵੀ ਪੁਸਤਕਾਂ ਦਾ ਸੈੱਟ ਭੇਂਟ ਕੀਤਾ ਗਿਆ।

## ਮਲਟੀਕਲਚਰਲ ਸੀਨੀਅਰ ਸੋਸਾਇਟੀ ਆਫ ਅਲਬਰਟਾ ਦੇ ਮੈਂਬਰਾਂ ਨੇ ਸਿਲਵਨ ਲੇਕ ਦਾ ਟੂਰ ਲਾਇਆ

ਕੈਲਗਰੀ ( ਪੰਜਾਬੀ ਅਖਬਾਰ ਬਿਊਰੋ) 16 ਜੁਲਾਈ ਨੂੰ ਇਸ ਸੋਸਾਇਟੀ ਦੇ ਪ੍ਰਬੰਧਕਾਂ ਵੱਲੋਂ ਮੈਂਬਰਾਂ ਨੂੰ ਸੂਬੇ ਦੀਆਂ ਅੱਤ ਰਮਣੀਕ ਥਾਂਵਾਂ ਵਜੋਂ ਜਾਣੀ ਜਾਂਦੀ ਸਿਲਵਨ ਲੇਕ ਦਾ ਟੂਰ ਲਗਵਾਉਣ ਦਾ ਪ੍ਰਬੰਧ ਕੀਤਾ ਗਿਆ ।ਇਸ ਸੰਬੰਧੀ ਸੋਸਾਇਟੀ ਦੇ ਪ੍ਰਧਾਨ ਗੁਰਬਖਸ ਸਿੰਘ ਜੱਸਲ ਦੀ ਅਗਵਾਈ ਵਿੱਚ ਸਾਰੇ ਪ੍ਰਬੰਧ ਮੁਕੰਮਲ ਕੀਤੇ ਗਏ ।ਜੋਗਿੰਦਰ ਸਿੰਘ ਸਮੇਤ ਕੁਝ ਹੋਰ ਮੈਂਬਰਾਂ ਨੇ ਪੀਣ ਵਾਲੇ ਪਾਣੀ ਅਤੇ ਖਾਣ-ਪੀਣ ਲਈ ਲੋੜੀਂਦੀਆਂ ਵਸਤੂਆਂ ਲਈ ਬਹੁਤ ਵਧੀਆ ਉਪਰਾਲੇ ਕੀਤੇ ।ਕਰੀਬ 40 ਮੈਂਬਰਾਂ ਦੀ ਸਮੂਲੀਅਤ ਵਾਲੇ ਇਸ ਟੂਰ ਲਈ ਵੱਡੀ ਵਾਤਾਅਨਕੂਲ ਬੱਸ ਦਾ ਸਫਰ ਬਹੁਤ ਹੀ ਅਨੰਦਮਈ ਰਿਹਾ ।ਉਸ ਦਿਨ ਮੌਸਮ ਵੀ ਬਹੁਤ ਵਧੀਆ ਰਿਹਾ , ਭਾਵੇ ਵਾਪਸੀ ਸਮੇਂ ਰਸਤੇ ਵਿੱਚ ਕਾਫੀ ਬਾਰਸ ਅਤੇ ਗੜ੍ਹੇ ਮਾਰੀ ਹੋਣ ਕਾਰਨ ਸਮਾਂ ਕੁਝ ਜ ?ਆਦਾ ਲੱਗਾ ਪਰ ਡਰਾਈਵਰ ਨੇ ਬੜੀ ਸੂਝ-ਬੂਝ ਨਾਲ ਸਭ ਨੂੰ ਸੁਰੱਖਿਅਤ ਕੈਲਗਰੀ ਵਾਪਸ ਪਹੁੰਚਾ ਦਿੱਤਾ ।ਲੇਕ ਦੇ ਸੁੰਦਰ ਨਜਾਰੇ ਮਾਨਣ ਦੇ ਨਾਲ ਨਾਲ ਸਵਾਦੀ ਖਾਣੇ ਦਾ ਵੀ ਅਨੰਦ ਮਾਣਿਆ ਗਿਆ । ਉੱਥੋਂ ਦੇ ਮਾਹੌਲ ਦੀਆਂ ਕੁਝ ਤਸਵੀਰਾਂ ਵੀ ਭਵਿੱਖ ਲਈ ਯਾਦਾਂ ਵਾਸਤੇ ਕੈਮਰੇ ਵਿੱਚ ਕੈਦ ਕੀਤੀਆਂ ਗਈਆਂ ।

## ਕੈਨੇਡਾ 'ਚ ਮੰਕੀਪੌਕਸ ਵਾਇਰਸ ਦੇ ਮਾਮਲਿਆਂ ਦੀ ਗਿਣਤੀ ਸਾਢੇ ਸੱਤ ਸੌ ਦੇ ਕਰੀਬ ਪਹੁੰਚੀ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਦਿਨੀਂ ਵਿਸ਼ਵ ਸਿਹਤ ਸੰਗਠਨ ਡਬਲਿਊ ਐਚ ਓ ਵੱਲੋਂ ਮੰਕੀ ਪੌਕਸ ਵਾਇਰਸ ਨੂੰ ਪਬਲਿਕ ਹੈਲਥ ਐਮਰਜੈਂਸੀ ਦੇ ਤੌਰ ਤੇ ਐਲਾਨ ਦਿੱਤਾ ਗਿਆ ਸੀ ਕਿਉਂਕਿ ਦੁਨੀਆਂ ਭਰ ਦੇ ਦੇਸ਼ਾਂ ਵਿੱਚ ਇਸ ਵਾਇਰਸ ਦੇ ਮਾਮਲੇ ਤੇਜ਼ੀ ਨਾਲ ਵਧ ਰਹੇ ਹਨ ਕੈਨੇਡਾ ਵਿੱਚ ਵੀ ਇਸ ਵਾਇਰਸ ਤੋਂ ਪੀੜਤਾਂ ਦੀ ਗਿਣਤੀ ਸਾਢੇ ਸੱਤ ਸੌ ਦੇ ਕਰੀਬ ਪਹੁੰਚ ਚੁੱਕੀ ਹੈ। ਕੈਨੇਡਾ ਦੀ ਮੁੱਖ ਸਿਹਤ ਅਧਿਕਾਰੀ ਡਾ ਟਰੀਜ਼ਾ ਟੈਮ ਨੇ ਅੰਕੜੇ ਸਾਂਝੇ ਕਰਦਿਆਂ ਦੱਸਿਆ ਕਿ ਦੁਨੀਆਂ ਦੇ ਪਚੱਤਰ ਦੇਸ਼ਾਂ ਵਿੱਚ ਇਸ ਵਾਇਰਸ ਦੇ ਸੋਲ਼ਾਂ ਹਜ਼ਾਰ ਤੋਂ ਵੱਧ ਮਾਮਲਿਆਂ ਦੀ ਪੁਸ਼ਟੀ ਹੋ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਕੈਨੇਡਾ ਵਿਚ ਹੁਣ ਤਕ ਇਸ ਵਾਇਰਸ ਦੇ ਜਿੰਨੇ ਪੀੜਤ ਮਿਲੇ ਹਨ ਉਨ੍ਹਾਂ ਚੋਂ ਨੜਿੰਨਵੇ ਫੀਸਦੀ ਮਰਦ ਹਨ ਅਤੇ ਇਹ ਵਾਇਰਸ ਮਰਦਾਂ ਦੁਆਰਾ ਇੱਕ ਦੂਜੇ ਨਾਲ ਜਿਸਮਾਨੀ ਸਬੰਧ ਸਥਾਪਤ ਕਰਨ ਕਾਰਨ ਫੈਲ ਰਹੀ ਹੈ। ਉਨ੍ਹਾਂ ਨਾਲ ਹੀ ਦੱਸਿਆ ਕਿ ਕੈਨੇਡਾ ਕੋਲ ਸੀਮਤ ਸਪਲਾਈ ਦੇ ਬਾਵਜੂਦ ਇਸ ਵਾਇਰਸ ਨਾਲ ਨਜਿੱਠਣ ਲਈ ਲੋੜੀਂਦੀ ਵੈਕਸੀਨ ਮੌਜੂਦ ਹੈ।

# ਵੈਨਕੂਵਰ ਵਿਚਾਰ ਮੰਚ ਵੱਲੋਂ ਸੀਨੀਅਰ ਪੱਤਰਕਾਰ ਤਰਲੋਚਨ ਸਿੰਘ ਅਤੇ ਸਾਹਿਤਕਾਰ ਡਾ. ਭੁਪਿੰਦਰ ਸਿੰਘ ਬੇਦੀ ਨਾਲ ਰੂਬਰੂ

## ਪੰਜਾਬ ਕਿਤੇ ਬਿਰਧ ਆਸ਼ਰਮ ਨਾ ਬਣ ਕੇ ਰਹਿ ਜਾਵੇ ਤਰਲੋਚਨ ਸਿੰਘ



ਸਰੀ (ਪੰਜਾਬੀ ਅਖਬਾਰ ਬਿਊਰੋ)-ਵੈਨਕੂਵਰ ਵਿਚਾਰ ਮੰਚ ਵੱਲੋਂ ਪੰਜਾਬ ਤੋਂ ਆਈਆਂ ਪੱਤਰਕਾਰੀ ਅਤੇ ਸਾਹਿਤਕ ਖੇਤਰ ਨਾਲ ਸੰਬੰਧਤ ਦੋ ਸ਼ਖ਼ਸੀਅਤਾਂ ਤਰਲੋਚਨ ਸਿੰਘ (ਸੀਨੀਅਰ ਸੰਪਾਦਕ 'ਦਾ ਸਮਰ ਨਿਊਜ਼') ਅਤੇ ਡਾ. ਭੁਪਿੰਦਰ ਸਿੰਘ ਬੇਦੀ (ਕਹਾਣੀਕਾਰ ਤੇ ਆਲੋਚਕ) ਨਾਲ ਰੂਬਰੂ ਪ੍ਰੋਗਰਾਮ ਕਰਵਾਇਆ ਗਿਆ।ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਦੇ ਸਹਿਯੋਗ ਨਾਲ ਕਰਵਾਏ ਇਸ ਪ੍ਰੋਗਰਾਮ ਵਿਚ ਪੰਜਾਬ ਵਿੱਚੋਂ ਵੱਡੇ ਪੱਧਰ ਤੇ ਹੋ ਰਹੇ ਪ੍ਰਵਾਸ, ਪੰਜਾਬੀ ਬੋਲੀ, ਸੱਭਿਆਚਾਰ ਅਤੇ ਪੰਜਾਬ ਦੇ ਮੌਜੂਦਾ ਮਾਹੌਲ ਬਾਰੇ ਗੰਭੀਰ ਚਰਚਾ ਹੋਈ। ਪ੍ਰੋਗਰਾਮ ਦਾ ਆਗਾਜ਼ ਮੋਹਨ ਗਿੱਲ ਦੇ ਸਵਾਗਤੀ ਸ਼ਬਦਾਂ ਨਾਲ ਹੋਇਆ। ਜਰਨੈਲ ਸਿੰਘ ਆਰਟਿਸਟ ਨੇ ਵੈਨਕੂਵਰ ਵਿਚਾਰ ਦੇ ਉਦੇਸ਼ ਸਾਰੇ ਸੰਖੇਪ ਵਿਚ ਜਾਣਕਾਰੀ ਦਿੰਦਿਆਂ ਕਿਹਾ ਕਿ ਇਹ ਇਕ ਅਜਿਹਾ ਪਲੇਟਫਾਰਮ ਹੈ ਜਿੱਥੇ ਹਰ ਖੇਤਰ ਦੇ ਕਲਾਕਾਰਾਂ, ਸਾਹਿਤਕਾਰਾਂ, ਪੱਤਰਕਾਰਾਂ, ਵਿਦਵਾਨਾਂ ਨਾਲ ਬੈਠ ਕੇ ਖੁੱਲ੍ਹ ਕੇ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ।ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਡਾ. ਭੁਪਿੰਦਰ ਸਿੰਘ ਬੇਦੀ ਅਤੇ ਤਰਲੋਚਨ ਸਿੰਘ ਬਾਰੇ ਸੰਖੇਪ ਜਾਣ ਪਛਾਣ ਕਰਵਾਈ। ਡਾ. ਭੁਪਿੰਦਰ ਸਿੰਘ ਬੇਦੀ ਨੇ ਆਪਣੇ ਜੀਵਨ ਅਤੇ ਵਿਦਿਅਕ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਉਹ ਕਵਿਤਾ ਅਤੇ ਕਹਾਣੀਆਂ ਲਿਖਣ ਦੇ ਨਾਲ ਨਾਲ 40 ਖੋਜ ਪੱਤਰ ਲਿਖ ਚੁੱਕੇ ਹਨ ਅਤੇ ਨੈਸ਼ਨਲ ਬੁੱਕ ਟਰਸਟ ਵੱਲੋਂ ਕਈ ਪੁਸਤਕਾਂ ਦਾ ਅਨੁਵਾਦ ਕਰ ਚੁੱਕੇ ਹਨ। ਉਨ੍ਹਾਂ ਕਹਾਣੀ ਲਿਖਣ ਦੀ ਪ੍ਰੇਰਨਾ ਪ੍ਰਸਿੱਧ ਨਾਵਲਕਾਰ, ਕਹਾਣੀਕਾਰ ਮਰਹੂਮ ਰਾਮ ਸਰੂਪ ਅਣਖੀ ਤੋਂ ਗ੍ਰਹਿਣ ਕੀਤੀ। ਬਰਨਾਲਾ ਦੀਆਂ ਸਾਹਿਤ ਸਭਾਵਾਂ ਵਿਚ ਆਪਣੇ ਭਰਵੇਂ ਰੋਲ ਬਾਰੇ ਵੀ ਉਨ੍ਹਾਂ ਗੱਲਬਾਤ ਕੀਤੀ। ਉਨ੍ਹਾਂ ਕੈਨੇਡਾ ਦੇ ਮਾਹੌਲ ਨੂੰ ਬਹੁਤ ਹੀ ਖੂਬਸੂਰਤ ਦੱਸਿਆ ਅਤੇ ਕਿਹਾ ਕਿ ਆਪਣੀ ਇਸ ਫੇਰੀ ਨੂੰ ਕਹਾਣੀ ਜਾਂ ਸਫਰਨਾਮੇ ਦੇ ਰੂਪ ਵਿਚ ਪਾਠਕਾਂ ਦੇ ਰੂਬਰੂ ਕਰਨਗੇ।'ਦਾ ਸਮਰ ਨਿਊਜ਼' ਦੇ ਸੀਨੀਅਰ ਸੰਪਾਦਕ ਤਰਲੋਚਨ ਸਿੰਘ ਨੇ ਪੰਜਾਬ, ਪੰਜਾਬੀ ਦੀ ਸਥਿਤੀ ਅਤੇ ਪਰਵਾਸ ਕਾਰਨ ਪੰਜਾਬ ਵਿਚ ਪੈਦਾ ਹੋ ਰਹੇ ਖ਼ਲਾਅ ਬਾਰੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਪੰਜਾਬ ਵਿੱਚੋਂ ਨੌਜਵਾਨ ਪੀੜ੍ਹੀ ਦਾ ਰੁਝਾਨ ਪਰਵਾਸ ਵੱਲ ਹੋ ਰਿਹਾ ਹੈ ਅਤੇ ਨਾਲ ਹੀ ਪੰਜਾਬ ਦਾ ਸਰਮਾਇਆ ਬਾਹਰ ਜਾ ਰਿਹਾ ਹੈ, ਇਸ ਨੂੰ ਵੇਖਦਿਆਂ ਵੱਡੀ ਚਿੰਤਾ ਇਹ ਹੈ ਕਿ ਆਉਣ ਵਾਲੇ ਸਮੇਂ ਵਿਚ ਪੰਜਾਬ ਕਿਤੇ ਬਿਰਧ ਆਸ਼ਰਮ ਨਾ ਬਣ ਕੇ ਰਹਿ ਜਾਵੇ। ਉਨ੍ਹਾਂ ਪੰਜਾਬ ਵਿਚ ਪੰਜਾਬੀ ਦੀ ਸਥਿਤੀ ਬਾਰੇ ਗੱਲਬਾਤ ਕਰਦਿਆਂ ਕਿਹਾ ਕਿ ਕਿੰਨੀ ਹਾਸੋਹੀਣੀ ਦਸ਼ਾ ਹੈ ਕਿ ਪੰਜਾਬੀ ਵਿਚ ਪੇਪਰ ਦੇ ਕੇ ਆਈ.ਏ.ਐਸ. ਤਾਂ ਬਣਿਆ ਜਾ ਸਕਦੇ ਹੈ ਪਰ ਆਈ.ਟੀ.ਆਈ. ਵਿਚ ਵੈਲਡਰ, ਕਾਰਪੈਂਟਰ, ਇਲੈਕਟ੍ਰੀਸ਼ਨ ਦਾ ਡਿਪਲੋਮਾ ਲੈਣ ਲਈ ਤੁਹਾਨੂੰ ਅੰਗਰੇਜ਼ੀ ਪੜ੍ਹਨੀ ਪਵੇਗੀ। ਉਨ੍ਹਾਂ ਕਿਹਾ ਕਿ ਜੇ ਕੈਨੇਡਾ ਵਿਚ ਪੰਜਾਬੀ ਰੁਜ਼ਗਾਰ ਦੀ ਭਾਸ਼ਾ ਬਣ ਸਕਦੀ ਹੈ ਤਾਂ ਪੰਜਾਬ ਵਿਚ ਕਿਉਂ ਨਹੀਂ ? ਚੰਡੀਗੜ੍ਹ ਵਿਚ ਸਰਕਾਰੀ ਭਾਸ਼ਾ ਅੰਗਰੇਜ਼ੀ ਹੋਣ ਬਾਰੇ ਉਨ੍ਹਾਂ ਕਿਹਾ ਕਿ ਚੰਡੀਗੜ੍ਹ ਵਿਚ ਰਹਿਣ ਵਾਲੇ ਵਿਚ ਇਕ ਵੀ ਬੰਦੇ ਦੀ ਮਾਤ-ਭਾਸ਼ਾ ਅੰਗਰੇਜ਼ੀ ਨਹੀਂ ਹੈ ਪਰ ਫਿਰ ਵੀ ਲੋਕਾਂ ਉਪਰ ਅੰਗਰੇਜ਼ੀ ਥੋਪੀ ਜਾ ਰਹੀ ਹੈ। ਪੰਜਾਬੀ ਸਾਹਿਤਕਾਰਾਂ ਵੱਲੋਂ ਪੰਜਾਬੀ ਪ੍ਰਤੀ ਅਮਲੀ ਤੌਰ ਤੇ ਬਣਦੀ ਭੂਮਿਕਾ ਨਾ ਨਿਭਾਉਣ ਦੀ ਗੱਲ ਵੀ ਉਨ੍ਹਾਂ ਕਹੀ। ਪ੍ਰੋਗਰਾਮ ਦੌਰਾਨ ਡਾ. ਗੁਰਵਿੰਦਰ ਸਿੰਘ ਧਾਲੀਵਾਲ, ਕਾਮਰੇਡ ਨਵਰੂਪ ਸਿੰਘ, ਡਾ.ਹਰਜੋਤ ਕੌਰ ਖਹਿਰਾ, ਭੁਪਿੰਦਰ ਮੱਲ੍ਹੀ, ਅਮਨ ਸੀ ਸਿੰਘ, ਮੋਹਨ ਗਿੱਲ, ਜਰਨੈਲ ਸਿੰਘ ਸੇਖਾ, ਜਰਨੈਲ ਸਿੰਘ ਆਰਟਿਸਟ ਨੇ ਵੀ ਆਪਣੇ ਵਿਚਾਰਾਂ ਰਾਹੀਂ ਪੰਜਾਬ, ਪੰਜਾਬੀ ਬਾਰੇ ਚਿੰਤਾ ਜ਼ਾਹਰ ਕੀਤੀ। ਪ੍ਰੋਗਰਾਮ ਵਿਚ ਹੋਰਨਾਂ ਤੋਂ ਇਲਾਵਾ ਕੰਵਲਜੀਤ ਸਿੰਘ ਰੰਧਾਵਾ (ਸੰਪਾਦਕ ਪੰਜਾਬੀ ਜਨਰਲ), ਸੁੱਚਾ ਸਿੰਘ ਕਲੇਰ, ਡਾ. ਚਰਨਜੀਤ ਸਿੰਘ, ਅਮਰ ਸਿੰਘ ਆਰਟਿਸਟ, ਗੁਰਦੀਪ ਭੁੱਲਰ, ਹਰਦਮ ਸਿੰਘ ਮਾਨ, ਮਿਸਜ ਬੇਦੀ ਸ਼ਾਮਲ ਸਨ।

## ਰਿਪੁਦਮਨ ਸਿੰਘ ਮਲਿਕ ਦੀ ਹੱਤਿਆ ਦੇ ਦੋ ਕਥਿਤ ਦੋਸ਼ੀ ਗ੍ਰਿਫ਼ਤਾਰ



ਸਰੀ(ਪੰਜਾਬੀ ਅਖ਼ਬਾਰ ਬਿਊਰੋ) ਸਿੱਖ ਕਾਰੋਬਾਰੀ ਰਿਪੁਦਮਨ ਸਿੰਘ ਮਲਿਕ ਜਿਨ੍ਹਾਂ ਨੂੰ ਉਨੀ ਸੌ ਪਚਾਸੀ ਵਿੱਚ ਹੋਏ ਏਅਰ ਇੰਡੀਆ ਬੰਬ ਧਮਾਕੇ ਚੋਂ ਬਰੀ ਕਰ ਦਿੱਤਾ ਗਿਆ ਸੀ ਦੀ ਚੌਦਾਂ ਜੁਲਾਈ ਨੂੰ ਸਰੀ ਵਿੱਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ ਤੇ ਉਸ ਤੋਂ ਬਾਅਦ ਪੁਲੀਸ ਵੱਲੋਂ ਲਗਾਤਾਰ ਹਤਿਆਰਿਆਂ ਨੂੰ ਫੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ ।ਇਸ ਸਬੰਧੀ ਪੁਲੀਸ ਨੇ ਖੁਲਾਸਾ ਕਰਦਿਆਂ ਆਖਿਆ ਹੈ ਕਿ ਮਲਿਕ ਦੇ ਦੋ ਕਥਿਤ ਹਤਿਆਰੇ ਗ੍ਰਿਫ਼ਤਾਰ ਕਰ ਲਏ ਗਏ ਹਨ ।

## ਹਮੇਸ਼ਾਂ ਮੁੱਦਿਆਂ ਨੂੰ ਮਜ਼ਬੂਤੀ ਨਾਲ ਪੇਸ਼ ਕੀਤਾ - ਰਾਜਨ ਸਾਹਨੀ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਦੀ ਯੂਨਾਈਟਿਡ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਰੇਸ ਵਿੱਚ ਕਿਸਮਤ ਅਜ਼ਮਾ ਰਹੇ ਉਮੀਦਵਾਰਾਂ ਵਿੱਚੋਂ ਇੱਕ ਰਾਜਨ ਸਾਹਨੀ ਜੋ ਕਿ ਅਲਬਰਟਾ ਦੇ ਸਾਬਕਾ ਟਰਾਂਸਪੋਰਟ ਮੰਤਰੀ ਵੀ ਹਨ ਵੱਲੋਂ ਲੀਡਰਸ਼ਿਪ ਉਮੀਦਵਾਰਾਂ ਦੀ ਪਹਿਲੀ ਡਿਬੇਟ ਵਿੱਚ ਜ਼ਬਰਦਸਤ ਪ੍ਰਦਰਸ਼ਨ ਦਿਖਾਇਆ ਗਿਆ ਸੀ । ਉਸ ਉਪਰੰਤ ਰਾਜਨ ਸਾਹਨੀ ਨੇ ਫੰਡ ਰੇਜ਼ਿੰਗ ਸਮਾਗਮ ਦੇ ਦੌਰਾਨ ਪੰਜਾਬੀ ਅਖ਼ਬਾਰ ਨਾਲ ਗੱਲ ਕਰਦਿਆਂ ਆਖਿਆ ਕਿ ਉਹ ਹਮੇਸ਼ਾ ਹੀ ਮੁੱਦਿਆਂ ਨੂੰ ਪੂਰੀ ਮਜ਼ਬੂਤੀ ਨਾਲ ਉਠਾਉਂਦੇ ਰਹੇ ਹਨ ਉਨ੍ਹਾਂ ਨਾਲ ਹੀ ਸਭ ਨੂੰ 12 ਅਗਸਤ ਤੱਕ ਯੂ ਸੀ ਪੀ ਦੀ ਮੈਂਬਰਸ਼ਿਪ ਲੈਣ ਦੀ ਅਪੀਲ ਵੀ ਕੀਤੀ ਹੈ।

## ਰੂਸ ਦੇ ਹੋਸਟਲ ਵਿਚ ਅੱਗ ਲੱਗਣ ਕਾਰਨ ਅੱਠ ਜਣਿਆਂ ਦੀ ਮੌਤ



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਰੂਸ ਦੀ ਰਾਜਧਾਨੀ ਮਾਸਕੋ ਦੇ ਇੱਕ ਹੋਸਟਲ ਵਿੱਚ ਅੱਗ ਲੱਗ ਜਾਣ ਕਾਰਨ ਅੱਠ ਜਣਿਆਂ ਦੀ ਮੌਤ ਹੋ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਅਧਿਕਾਰੀਆਂ ਨੇ ਦੱਸਿਆ ਕਿ ਮਾਸਕੋ ਦੇ ਦੱਖਣ ਪੂਰਬੀ ਹਿੱਸੇ ਵਿੱਚ ਸਥਿਤ ਇੱਕ ਬਹੁਮੰਜ਼ਲਾ ਇਮਾਰਤ ਵਿੱਚ ਸਥਿਤ ਇਸ ਹੋਸਟਲ ਵਿੱਚ ਅੱਗ ਲੱਗੀ । ਉਨ੍ਹਾਂ ਦੱਸਿਆ ਕਿ ਇਮਾਰਤ ਦੀਆਂ ਖਿੜਕੀਆਂ ਉੱਤੇ ਲੱਗੀਆਂ ਸਲਾਖਾਂ ਕਾਰਨ ਲੋਕ ਉਨ੍ਹਾਂ ਵਿਚੋਂ ਨਿਕਲਣ ਵਿੱਚ ਅਸਫਲ ਰਹੇ ਜਿਸ ਕਾਰਨ ਉਨ੍ਹਾਂ ਨੂੰ ਆਪਣੀ ਜਾਨ ਤੋਂ ਹੱਥ ਧੋਣਾ ਪਿਆ ।ਅੱਗ ਲੱਗਣ ਦੇ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ। ਅੱਗ ਲੱਗਣ ਕਾਰਨ ਚਾਰ ਜਣੇ ਬੁਰੀ ਤਰ੍ਹਾਂ ਝੁਲਸ ਗਏ ਜਿਨ੍ਹਾਂ ਨੂੰ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ ।
















# ਡਾਕਟਰ ਬਲਵਿੰਦਰ ਕੌਰ ਬਰਾੜ ਦੀ ਕਲਮ ਦੇ ਉਸਾਰੇ 'ਉੱਚੇ ਬੁਰਜ' ਹੁਣ ਕੈਲਗਰੀ ਵਾਲਿਆਂ ਦੇ ਘਰਾਂ ਅੰਦਰ ਦਿਖਾਈ ਦੇਣਗੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਸ਼ਬਦ ਸਾਂਝ ਵੱਲੋਂ ਡਾ: ਬਲਵਿੰਦਰ ਕੌਰ ਬਰਾੜ ਦੀ ਕਹਾਣੀਆਂ ਦੀ ਪੁਸਤਕ "ਉੱਚੇ ਬੁਰਜ" ਨੂੰ ਇੰਡੀਅਨ ਐਕਸ ਸਰਵਿਸਮੈਨ ਇਮੀਗ੍ਰੈਂਟ ਐਸੋਸੀਏਸ਼ਨ ਦੇ ਦਫ਼ਤਰ ਵਿੱਚ ਲੋਕ ਅਰਪਣ ਕੀਤਾ ਗਿਆ।

ਇਸ ਪ੍ਰੋਗਰਾਮ ਵਿੱਚ ਕੈਲਗਰੀ ਨਾਲ ਸੰਬੰਧਿਤ ਵੱਖ ਵੱਖ ਸਾਹਿਤਿਕ ਸਭਾਵਾਂ ਦੇ ਮੈਂਬਰ, ਵਿਮੈਨ ਐਸੋਸੀਏਸ਼ਨ ਨਾਲ ਸੰਬੰਧਿਤ ਬਹੁਤ ਸਾਰੀਆਂ ਨਾਮਵਾਰ ਸ਼ਖਸੀਅਤਾਂ ਹਾਜ਼ਰ ਸਨ। ਇਸ ਫੰਕਸ਼ਨ ਦੀ ਸ਼ੁਰੂਆਤ ਵਿੱਚ ਮਾਸਟਰ ਬਚਿੱਤਰ ਸਿੰਘ ਨੇ ਡਾ: ਬਲਵਿੰਦਰ ਕੌਰ ਬਰਾੜ ਦੇ 'ਪੰਜਾਬੀ ਅਖ਼ਬਾਰ' ਵਿੱਚ ਛਪਦੇ ਕਾਲਮ "ਉਹ ਵੇਲਾ ਯਾਦ ਕਰ" ਬਾਰੇ ਵਿਸਥਾਰਪੂਰਬਕ ਚਾਣਨਾ ਪਾਇਆ ਤੇ ਹਰ ਇੱਕ ਨੂੰ ਅਪੀਲ ਕੀਤੀ ਕਿ ਇਸ ਕਾਲਮ ਨੂੰ ਜ਼ਰੂਰ ਪੜ੍ਹਿਆ ਜਾਵੇ ਤੇ ਇਸ ਵਿੱਚੋਂ ਬਹੁਤ ਕੁੱਝ ਸਿੱਖਣ ਨੂੰ ਮਿਲਦਾ ਹੈ।ਸ: ਸਰਵਣ ਸਿੰਘ ਸੰਧੂ ਨੇ ਆਪਣੀ ਕਵਿਤਾ ਸੁਣਾ ਕੇ ਸਭਾ ਵਿੱਚ ਹਾਜ਼ਰੀ ਲੁਆਈ। ਇਹਨਾਂ ਤੋਂ ਬਾਦ ਡਾ: ਹਰਭਜਨ ਸਿੰਘ ਢਿੱਲੋਂ ਨੇ ਡਾ: ਬਰਾੜ ਦੀ ਪੁਸਤਕ ਬਾਰੇ ਬੋਲਦਿਆਂ ਕਿਹਾ ਕਿ ਕਹਾਣੀਆਂ ਬੰਦੇ ਦੇ ਜਨਮ ਨਾਲ ਹੀ ਸ਼ੁਰੂ ਹੋ ਜਾਂਦੀਆਂ ਹਨ ਤੇ ਅਸੀਂ ਨਿੱਜੀ ਜੀਵਨ ਵਿੱਚ ਮਨੌਤਾਂ ਵਿੱਚ ਜਿਉਂਦੇ ਜਾਗਦੇ ਸਾਹ ਲੈਂਦੇ ਹਾਂ। ਕਰ ਭਲਾ ਹੋ ਭਲਾ, ਸਦਾ ਸੱਚ ਬੋਲੋ। ਡਾ: ਢਿੱਲੋਂ ਨੇ ਡਾ: ਬਰਾੜ ਦੀਆਂ 2 ਕਹਾਣੀਆਂ ਨੂੰ ਅਧਾਰ ਬਣਾ ਕੇ ਪਾਠਕਾਂ ਨਾਲ ਚੰਗਾ ਵਿਚਾਰ ਵਟਾਂਦਰਾ ਕੀਤਾ। ਮਾਸਟਰ ਬਚਿੱਤਰ ਸਿੰਘ ਨੇ ਆਪਣੇ ਵੱਖਰੇ ਅੰਦਾਜ਼ ਵਿੱਚ ਕਰਨੈਲ ਸਿੰਘ ਪਾਰਸ ਦੀ ਲਿਖੀ



ਕਵੀਸ਼ਰੀ "ਮਾਂ" ਦਰਸ਼ਕਾਂ ਨੂੰ ਸੁਣਾਈ ਤੇ ਦਰਸ਼ਕਾਂ ਨੂੰ ਬੰਨ੍ਹੀ ਰੱਖਿਆ।

ਮਾਸਟਰ ਜੀ ਤੋਂ ਬਾਦ ਡਾ: ਲਖਵੀਰ ਸਿੰਘ ਰਿਆੜ ਨੇ ਡਾ: ਬਰਾੜ ਦੀਆਂ ਕਹਾਣੀਆਂ "ਉੱਚੇ ਬੁਰਜ", "ਚੱਲੇ ਕਾਰਤੂਸ", "ਕਸਟਮਰ ਸਰਵਿਸ" ਆਦਿ ਵਰਗੀਆਂ ਕਹਾਣੀਆਂ ਦਾ ਹਵਾਲਾ ਦੇ ਕੇ ਆਪਣੀ ਗੱਲ ਪਾਠਕਾਂ ਸਾਹਮਣੇ ਰੱਖੀ। ਉਹਨਾਂ ਕਿਹਾ ਕਿ ਲੇਖਕਾ ਨੇ ਜ਼ਿਆਦਾ ਫੈਸਲਾ ਪਾਠਕਾਂ 'ਤੇ ਹੀ ਛੱਡਿਆ ਹੈ ਤੇ ਸਿੱਧੇ ਰੂਪ ਵਿੱਚ ਕੋਈ ਟਿੱਪਣੀ ਨਹੀਂ ਕੀਤੀ। ਗੁਰਤੇਜ ਕੌਰ ਸਿੱਧੂ ਨੇ ਵੀ ਆਪਣੀ ਕਵਿਤਾ ਸੁਣਾ ਕੇ ਭਰੀ ਸਭਾ ਵਿੱਚ ਹਾਜ਼ਰੀ ਲਗਵਾਈ। ਛੋਟੀ ਬੱਚੀ ਸਲੋਨੀ ਗੌਤਮ ਨੇ ਕੈਨੇਡੀਅਨ ਸੱਭਿਆਚਾਰ ਨਾਲ ਮੇਲ ਖਾਂਦੀ ਆਪਣੀ ਕਵਿਤਾ ਸੁਣਾ ਕੇ ਸਰੋਤਿਆਂ ਦਾ ਪਿਆਰ ਬਟੋਰਿਆ। ਡਾ: ਸਰਬਜੀਤ ਕੌਰ ਜਵੰਦਾ ਨੇ ਡਾ: ਬਰਾੜ ਦੀਆਂ ਵੱਖ ਵੱਖ ਕਹਾਣੀਆਂ ਨੂੰ ਅਧਾਰ ਬਣਾ ਕੇ ਆਪਣੀ ਗੱਲ ਕਹਿਣ ਦਾ ਯਤਨ ਕੀਤਾ ਤੇ ਉਹਨਾਂ ਕਿਹਾ ਕਿ ਡਾ: ਬਰਾੜ ਹਮੇਸ਼ਾ ਹੀ ਪਾਠਕਾਂ ਦੇ ਹਾਣ ਦਾ ਲਿਖਦੇ ਹਨ। ਉਹਨਾਂ ਸਾਰੀਆਂ ਕਹਾਣੀਆਂ ਵਿੱਚ ਛੁਪੇ ਛੋਟੇ ਛੋਟੇ ਵੇਰਵੇ ਸਰੋਤਿਆਂ ਸਾਹਵੇਂ ਰੱਖੇ ਤੇ ਲਿਖਤ ਸਮੇਂ ਟਾਈਪਿੰਗ ਦੀਆਂ ਗ਼ਲਤੀਆਂ ਵੱਲ ਡਾ: ਬਰਾੜ ਦਾ ਧਿਆਨ ਦਵਾਇਆ। ਇਹਨਾਂ ਤੋਂ ਬਾਦ ਪੰਜਾਬੀ ਯੂਨਿਵਰਸਿਟੀ ਪਟਿਆਲਾ ਦੇ ਸਾਬਕਾ ਵਿਦਿਆਰਥੀ ਸੁਖਦੀਪ ਸਿੰਘ ਨੇ ਡਾ: ਬਰਾੜ ਦੇ ਸੁਭਾਅ ਅਤੇ ਕਹਿਣੀ ਤੇ ਕਰਨੀ ਵੇਰਵਿਆਂ ਨੂੰ ਸਰੋਤਿਆਂ ਸਾਹਮਣੇ ਪੇਸ਼ ਕੀਤਾ।

ਗੁਰਦੀਸ਼ ਕੌਰ ਗਰੇਵਾਲ ਨੇ ਡਾ: ਬਰਾੜ ਦੇ ਨਿਜੀ ਜੀਵਨ ਅਤੇ ਆਪਣੀ ਨਿਜੀ ਸਾਂਝ ਅਤੇ ਡਾ: ਬਰਾੜ ਵੱਲੋਂ ਨਿਭਾਈਆਂ ਜਾਂਦੀਆਂ ਜ਼ਿੰਮੇਵਾਰੀਆਂ ਦੀ ਖ਼ੂਬ ਪ੍ਰਸ਼ੰਸਾ ਕੀਤਾ। ਇਹਨਾਂ ਮਗਰੋਂ ਦਿਲਬਾਗ਼ ਸਿੰਘ ਗੁਰਾਇਆ ਨੇ ਆਪਣੀ ਜ਼ਿੰਦਗੀ ਵਿੱਚ ਕਿਵੇਂ ਜਿੱਤਣਾ, ਕਿਵੇਂ ਜਿਉਣਾ ਬਾਰੇ ਗੱਲਾ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਆਖ਼ਰ ਵਿੱਚ ਡਾ: ਬਲਵਿੰਦਰ ਕੌਰ ਬਰਾੜ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਜਿੱਥੇ ਆਏ ਹੋਏ ਲੋਕਾਂ ਦਾ ਧੰਨਵਾਦ ਕੀਤਾ ਉਥੇ ਆਪਣੇ ਨਿੱਜੀ ਜੀਵਨ ਦੇ ਤਜਰਬੇ ਸਾਂਝੇ ਕੀਤੇ ਅਤੇ ਇਸ ਫੰਕਸ਼ਨ ਨੂੰ ਕਾਮਯਾਬ ਕਰਨ ਵਾਲੀਆਂ ਦੀ ਪਿੱਠ ਥਪਥਪਾਈ। ਇਸ ਪਿਛੋਂ ਮਾਸਟਰ ਬਚਿੱਤਰ ਸਿੰਘ ਨੇ ਕਵੀਸ਼ਰੀ ਸਣਾ ਕੇ ਲੋਕਾਂ ਦਾ ਖ਼ੂਬ ਮਨੋਰੰਜਨ ਕੀਤਾ। ਸਟੇਜ ਦੀ ਜ਼ਿੰਮੇਵਾਰੀ ਡਾ: ਮੁਖਤਿਆਰ ਸਿੰਘ ਨੇ ਬਾਖ਼ੂਬੀ ਨਿਭਾਈ।

## ਪਰਿਵਾਰਕ ਝਗੜੇ ਚ ਪੰਜਾਬਣ ਦੀ ਹੋਈ ਮੌਤ, ਪੁਲਿਸ ਵੱਲੋਂ ਜਾਂਚ ਉਪਰੰਤ ਪਤੀ ਉੱਪਰ ਪਹਿਲੇ ਦਰਜੇ ਦੇ ਦੋਸ਼ ਲਗਾਏ ਗਏ

ਐਬਟਸਫੋਰਡ,(ਪੰਜਾਬੀ ਅਖ਼ਬਾਰ ਬਿਊਰੋ) ਬ੍ਰਿਟਿਸ਼ ਕੋਲੰਬੀਆ: ਕੈਨੇਡੀਅਨ ਸੂਬੇ ਬ੍ਰਿਟਿਸ਼ ਕੋਲੰਬੀਆ ਦੇ



ਸ਼ਹਿਰ ਐਬਟਸਫੋਰਡ ਵਿਖੇ 28 ਜੁਲਾਈ 2022 ਵਾਲੇ ਦਿਨ ਵੀਰਵਾਰ ਸ਼ਾਮੀ ਪੌਣੇ ਪੰਜ ਵਜੇ ਵਾਪਰੇ ਹਾਦਸੇ ਚ 45 ਸਾਲਾਂ ਦੀ ਕਮਲਜੀਤ ਕੌਰ ਸੰਧੂ ਦੀ ਹੋਈ ਮੌਤ ਦੇ ਸਿਲਸਲੇ ਚ ਉਸਦੇ 48 ਸਾਲਾਂ ਦੇ ਪਤੀ ਇੰਦਰਜੀਤ ਸੰਧੂ ਖਿਲਾਫ ਪਹਿਲੇ ਦਰਜੇ ਦੇ ਕਤਲ ਦੇ ਦੋਸ਼ ਆਇਦ ਕੀਤੇ ਗਏ ਹਨ। ਪੁਲਿਸ ਦੀ ਟੀਮ ਜਦੋ 2900-ਭਲੋਚਕ Eastivew Street ਵਿਖੇ ਇੱਕ ਰਿਹਾਇਸ਼ ਤੇ ਪਹੁੰਚੀ ਤਾਂ ਉਸ ਸਮੇਂ ਕਮਲਜੀਤ ਕੌਰ ਸੰਧੂ ਗੰਭੀਰ ਹਾਲਤ ਚ ਜਖਮੀ ਸੀ, ਪੈਰਾਮੈਡੀਕਲ ਟੀਮ ਵੱਲੋ ਉਸਨੂੰ ਬਚਾਉਣ ਦੀਆਂ ਕੋਸ਼ਿਸ਼ਾ ਕੀਤੀਆ ਗਈਆ ਸਨ ਪਰ ਉਸਦੀ ਮੌਕੇ ਤੇ ਹੀ ਮੌਤ ਹੋ ਗਈ। ਇਨਵੈਸਟੀਗੇਸ਼ਨ ਟੀਮ ਵੱਲੋ ਸਥਾਨਕ ਪੁਲਿਸ ਨਾਲ ਕੀਤੀ ਜਾਂਚ ਤੋਂ ਬਾਅਦ ਮ੍ਰਿਤਕ ਦੇ ਪਤੀ ਇੰਦਰਜੀਤ ਸੰਧੂ(48) ਉਪਰ ਕਤਲ ਦੇ ਪਹਿਲੇ ਦਰਜੇ ਦੇ ਦੋਸ਼ ਲਗਾਏ ਗਏ ਹਨ। ਇਸ ਪਰਿਵਾਰ ਦੇ 16 ਅਤੇ 21 ਸਾਲਾਂ ਦੇ 2 ਬੱਚੇ ਵੀ ਹਨ ਜੋ ਇਸ ਸਮੇਂ ਰਿਸ਼ਤੇਦਾਰਾਂ ਕੋਲ ਹਨ। ਦੱਸਣਯੋਗ ਹੈ ਕਿ ਕੈਨੇਡਾ ਵਰਗੇ ਸੁਪਨਿਆਂ ਦੇ ਮੁਲਕ ਚ ਪਹੁੰਚਣ ਤੋਂ ਬਾਅਦ ਵੀ ਘਰਾਂ ਦੇ ਕਲੇਸ਼ ਖਤਮ ਨਹੀ ਹੋ ਰਹੇ ਹਨ ਅਤੇ ਇੰਨਾ ਝਗੜਿਆ ਕਾਰਨ ਕੋਰਟ ਕੇਸਾ ਚ ਖੱਜਲ ਖੁਆਰ ਹੋਣ ਵਾਲਿਆ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ ਤੇ ਖਮਿਆਜ਼ਾ ਅੰਤ ਬੱਚਿਆ ਨੂੰ ਭੁਗਤਨਾ ਪੈ ਰਿਹਾ ਹੈ।

## ਹੁਣ ਸਿਹਤ ਅਧਿਕਾਰੀ ਦੀ ਤਨਖਾਹ ਦੇ ਚਰਚੇ ਛਿੜੇ ਹੋਏ ਹਨ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੋਰੋਨਾ ਮਹਾਂਮਾਰੀ ਤੋਂ ਪਹਿਲਾਂ ਸ਼ਾਇਦ ਹੀ ਕਿਸੇ ਕੈਨੇਡਾ ਵਾਸੀ ਨੂੰ ਪਤਾ ਹੋਵੇ ਕਿ ਦੇਸ਼ ਦੀ ਮੁੱਖ ਸਿਹਤ ਅਧਿਕਾਰੀ ਕੌਣ ਹੈ ਤੇ ਇਸੇ ਤਰ੍ਹਾਂ ਸੂਬਿਆਂ ਦੇ ਮੁੱਖ ਸਿਹਤ ਅਧਿਕਾਰੀਆਂ ਅਤੇ ਉਨ੍ਹਾਂ ਦੀਆਂ ਤਨਖਾਹਾਂ ਬਾਰੇ ਵੀ ਕਿਸੇ ਨੂੰ ਘੱਟ ਹੀ ਗਿਆਨ ਸੀ। ਪਰ ਜਦੋਂ ਇਨ੍ਹਾਂ ਅਧਿਕਾਰੀਆਂ ਨੇ ਰੋਜ਼ਾਨਾ ਲਾਈਵ ਹੋ ਕੇ ਕੋਰੋਨਾ ਬਾਰੇ ਤਾਜ਼ਾ ਜਾਣਕਾਰੀ ਦੇਣੀ ਸ਼ੁਰੂ ਕੀਤੀ ਤਾਂ ਇਨ੍ਹਾਂ ਦੇ ਨਾਮ ਸਾਰਿਆਂ ਦੀ ਜ਼ੁਬਾਨ ਤੇ ਹੀ ਚੜ੍ਹ ਗਏ ਸਨ। ਅਲਬਰਟਾ ਸੂਬੇ ਦੀ ਮੁੱਖ ਸਿਹਤ ਅਧਿਕਾਰੀ ਡਾ ਡੀਨਾ ਹਿਨਸਾਅ ਇੱਕ ਵਾਰ ਫਿਰ ਚਰਚਾ ਵਿੱਚ ਹਨ ਪਰ ਇਸ ਵਾਰ ਇਹ ਚਰਚਾ ਉਨ੍ਹਾਂ ਵੱਲੋਂ ਸਾਂਝੀ ਕੀਤੀ ਕਿਸੇ ਜਾਣਕਾਰੀ ਕਾਰਨ ਨਹੀਂ ਬਲਕਿ ਉਨ੍ਹਾਂ ਨੂੰ ਦਿੱਤੀ ਗਈ ਤਨਖ਼ਾਹ ਅਤੇ ਵਾਧੂ ਭੱਤਿਆਂ ਕਾਰਨ ਹੈ।

## ਬ੍ਰਿਟਿਸ਼ ਕੋਲੰਬੀਆ ਦੇ ਕਈ ਖੇਤਰਾਂ ਵਿੱਚ ਲੱਗੀਆਂ ਭਿਆਨਕ ਜੰਗਲੀ ਅੱਗਾਂ ਕੰਟਰੋਲ ਤੋਂ ਬਾਹਰ ਹੋਈਆਂ

ਸਰੀ (ਪੰਜਾਬੀ ਅਖ਼ਬਾਰ ਬਿਊਰੋ) ਬ੍ਰਿਟਿਸ਼ ਕੋਲੰਬੀਆ ਸੂਭਾਅ ਜਿੱਥੇ ਪਿਛਲੇ ਸਾਲ ਪਈ ਅਤਿ ਦੀ ਗਰਮੀ ਕਾਰਨ ਭਿਆਨਕ ਅੱਗਾਂ ਲੱਗੀਆਂ ਸਨ ਅਤੇ ਹਜ਼ਾਰਾਂ ਲੋਕ ਇਨ੍ਹਾਂ ਜੰਗਲੀ ਅੱਗਾਂ ਕਾਰਨ ਪ੍ਰਭਾਵਿਤ ਹੋਏ ਸਨ। ਹੁਣ ਫਿਰ ਬ੍ਰਿਟਿਸ਼ ਕੋਲੰਬੀਆ ਦੇ ਕਈ ਖੇਤਰਾਂ ਵਿੱਚ ਜੰਗਲੀ ਅੱਗਾਂ ਲੱਗੀਆਂ ਹੋਈਆਂ ਹਨ। ਉਨ੍ਹਾਂ ਵਿੱਚੋਂ ਕਈ ਥਾਂ ਤੇ ਲੱਗੀਆਂ ਅੱਗਾਂ ਕੰਟਰੋਲ ਤੋਂ ਬਾਹਰ ਹੋ ਗਈਆਂ ਹਨ ਅਤੇ ਸਥਿਤੀ ਕਾਫੀ ਗੰਭੀਰ ਬਣਦੀ ਜਾ ਰਹੀ ਹੈ ਅਤੇ ਕਈ ਥਾਵਾਂ ਤੂੰ ਲੋਕਾਂ ਨੂੰ ਨਿਕਲ ਜਾਣ ਲਈ ਆਖਿਆ ਜਾ ਰਿਹਾ ਹੈ।

## ਟਿਮ ਹਾਰਟਨਸ ਨੇ ਗਾਹਕਾਂ ਦਾ ਡਾਟਾ ਇਕੱਤਰ ਕਰਨ ਉਪਰੰਤ ਹੋਏ ਅਦਾਲਤੀ ਮਾਮਲਿਆਂ ਨੂੰ ਸੁਲਝਾਉਣ ਲਈ ਕੀਤਾ ਇਕਰਾਰਨਾਮਾ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਮਾਰਟ ਫੋਨ ਆਉਣ ਦੇ ਨਾਲ ਹੀ ਵੱਖ ਵੱਖ ਬਿਜ਼ਨਸ ਅਦਾਰਿਆਂ ਵੱਲੋਂ ਆਪਣੀਆਂ ਐਪਸ ਲਾਂਚ ਕਰ ਦਿੱਤੀਆਂ ਗਈਆਂ ਤਾਂ ਕਿ ਉਨ੍ਹਾਂ ਦੀ ਸੇਲ ਵਿੱਚ ਵਾਧਾ ਹੋ ਸਕੇ ਤੇ ਲੋਕਾਂ ਵੱਲੋਂ ਆਪਣੀ ਸਹੂਲਤ ਅਤੇ ਲੋੜ ਅਨੁਸਾਰ ਇਹ ਐਪਸ ਡਾਊਨਲੋਡ ਕਰ ਲਈਆਂ ਜਾਂਦੀਆਂ ਹਨ। ਕੈਨੇਡਾ ਵਿੱਚ ਲਗਪਗ ਹਰੇਕ ਵਿਅਕਤੀ ਹੀ ਟਿਮ ਹਾਰਟਨਜ਼ ਕੌਫੀ ਸ਼ਾਪ ਤੋਂ ਖਾਣ ਪੀਣ ਜਾਂਦਾ ਰਹਿੰਦਾ ਹੈ ਇਸ ਲਈ ਟਿਮ ਹਾਰਟਨਸ ਦੀ ਐਪ ਵੀ ਲੋਕਾਂ ਨੇ ਵੱਡੀ ਗਿਣਤੀ ਵਿੱਚ ਡਾਊਨਲੋਡ ਕੀਤੀ ਪਰ ਬੀਤੇ ਸਮੇਂ ਦੌਰਾਨ ਟਿਮ ਹਾਰਟਨ ਦੀ ਐਪ ਰਾਹੀਂ ਲੋਕਾਂ ਦੀ ਨਿਜੀ ਜਾਣਕਾਰੀ ਨਾਲ ਛੇੜਛਾੜ ਕੀਤੀ ਗਈ ਤੇ ਇਹ ਮਾਮਲਾ ਅਦਾਲਤ ਵਿੱਚ ਚਲਾ ਗਿਆ ਜਿਸ ਨੂੰ ਹੁਣ ਸੁਲਝਾਉਣ ਦਾ ਦਾਅਵਾ ਕੀਤਾ ਗਿਆ।

## ਲੇਬਰ ਦੀ ਘਾਟ ਕਾਰਨ ਕੈਨੇਡਾ ਦੇ ਕਈ ਸੂਬਿਆਂ ਨੇ ਇਮੀਗ੍ਰੇਸ਼ਨ ਸਬੰਧੀ ਹੋਰ ਅਧਿਕਾਰ ਮੰਗੇ



ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਇਮੀਗ੍ਰੇਸ਼ਨ ਸਿਸਟਮ ਦੇ ਵਿੱਚ ਕਰੁਣਾ ਮਹਾਂਮਾਰੀ ਕਾਰਨ ਪੈਦਾ ਹੋਈ ਗੜਬੜੀ ਅਜੇ ਨੇੜ ਭਵਿੱਖ ਵਿਚ ਸੁਧਰਦੀ ਨਹੀਂ ਜਾਪ ਰਹੀ ਹਾਲਾਤ ਇਹ ਹਨ ਕਿ ਲੱਖਾਂ ਫਾਈਲਾਂ ਪੈਂਡਿੰਗ ਪਈਆਂ ਹਨ ਤੇ ਉਹ ਬੈਕਲਾਗ ਕਦੋਂ ਪੂਰਾ ਹੋਵੇਗਾ ਇਸ ਬਾਰੇ ਵੀ ਕਿਸੇ ਕੋਲ ਕੋਈ ਸਪੱਸ਼ਟ ਜਵਾਬ ਨਹੀਂ ਇਮੀਗ੍ਰੇਸ਼ਨ ਸਿਸਟਮ ਵਿਗੜਨ ਕਾਰਨ ਇਸ ਦਾ ਅਸਰ ਲੇਬਰ ਮਾਰਕੀਟ ਉਪਰ ਵੀ ਪੈ ਰਿਹਾ ਹੈ। ਕਈ ਸੂਬੇ ਕਾਮਿਆਂ ਦੀ ਘਾਟ ਨਾਲ ਜੂਝ ਰਹੇ ਹਨ ਜਿਸ ਤੋਂ ਬਾਅਦ ਹੁਣ ਚਾਰ ਸੂਬਿਆਂ ਨੇ ਫੈਡਰਲ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਇਮੀਗ੍ਰੇਸ਼ਨ ਦੇ ਕੰਮਕਾਜ ਸਬੰਧੀ ਉਨ੍ਹਾਂ ਦੇ ਅਧਿਕਾਰ ਵਧਾਏ ਜਾਣ ਤਾਂ ਕਿ ਉਹ ਲੇਬਰ ਦੀ ਇਸ ਕਮੀ ਨੂੰ ਪੂਰਾ ਕਰਨ ਲਈ ਆਪਣੇ ਪੱਧਰ ਤੇ ਯਤਨ ਕਰ ਸਕਣ।


SSSS IMMIGRATION SERVICES
www.ssssimmigration.com
ICCRC CRCIC
SERVICES
LMIA APPROVALS, EXPRESS ENTRY
INVESTOR & BUSINESS CLASS
SKILLED WORKER & FAMILY CLASS
STUDENT VISA & WORK PERMIT
PNP (ALL PROVINCES)
PR CARD & CITIZENSHIP
GREAT OPPORTUNITY FOR STUDENTS & POST GRADUATE WORK PERMIT HOLDERS
HEAD OFFICE
Ph: 403 351 5355
Fax: 403 789 8222
116, 3770 Westwinds Dr NE Calgary AB T3J 5H3
info@ssssimmigration.com



HMP CUSTOM CABINETS
SPECIALIST IN CUSTOM KITCHEN, BARS, WASHROOM VANITY, CLOSET & ALL COMMERCIAL MIL WORK
BUILT GARAGE, GARAGE DOOR INSTALL, NEW HOUSES FARMING, OLD HOUSE EXTENSION & ANY OTHER ADD ON CONSTRUCTION WORK, BASEMENT DEVELOPMENT
HMP PROFESSIONAL CONSTRUCTION LTD.
PAUL SEKHON
403 701 4947, 403 829 5000
www.hmphone.com



Universal Immigration Consultancy
UIC Immigration Consultant
rcic · cric
Paramjit Kaur
param@uicimmigration.com
www.uicimmigration.com
Phone: 306-914-8555 | Office: 306-546-0502
To help you attain your goals for immigration to Canada through...
- Provincial Nominee Programs
- Express Entry
- Family/ Spouse Sponsorship
- Work Permit, Visitor Visa
- PR Card and Citizenship
- Prepare Immigration applications or related documents
- Student Recruitment and Student visa, SINP, TR to PR,
ਇੰਮੀਗ੍ਰੇਸ਼ਨ ਦੇ ਕਿਸੇ ਵੀ ਮਸਲੇ ਬਾਰੇ ਜਾਣਕਾਰੀ ਅਤੇ ਉਹਦੇ ਹੱਲ ਸੰਬੰਧੀ ਯੂਨੀਵਰਸਲ ਇੰਮੀਗ੍ਰੇਸ਼ਨ ਵਾਲਿਆਂ ਨੂੰ ਕਾਲ ਕਰੋ।
Unit#4-3000 Diefenbaker Dr, Saskatoon (SK) S7L7K2 (Near Superstore West)
Regulated Canadian Immigration Consultant, CEO Member of ICCRC



CENTURY 21 Fusion
RANDY SINGH
Saskatoon REALTOR®
306.361.7810
randy.singh@century21.ca
randysinghrealty.com
Call me today!
Not intended to solicit properties currently listed for sale or buyers under contract.
Each office is independently owned and operated.



ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets: Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8



ਕੋਰੋਨਾ ਵਾਇਰਸ ਦੇ ਚੱਲਦਿਆਂ ਹੁਣ ਤੁਸੀਂ ਰੋਮੀ ਸਿੱਧੂ ਕੋਲੋਂ ਇੰਸ਼ੋਰੈਂਸ ਫੋਨ ਉੱਪਰ ਵੀ ਕਰਵਾ ਸਕਦੇ ਹੋ
Call Romi Sidhu For Insurance & Financial Needs
Desjardins Insurance
StateFarm IS NOW Desjardins Insurance
Monday-Friday 9:00 am to 5:30 PM
Weekends: All Other Times Appointments only
4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com
* HOME * DISABILTY * VEHICLE FINANCE
* AUTO * RRSP * CRITICAL ILLNESS
* LIFE * RESP * MUTUAL FUNDS
Romi Sidhu, Agent

# ਬ੍ਰਿਟਿਸ਼ ਕੋਲੰਬੀਆ, ਓਨਟਾਰੀਓ ਅਤੇ ਮੈਨੀਟੋਬਾ 'ਚ ਗੋਲੀਬਾਰੀ ਦੀਆਂ ਵਾਰਦਾਤਾਂ 'ਚ 2 ਜਣਿਆਂ ਦੀ ਮੌਤ - ਦਰਜਨ ਦੇ ਕਰੀਬ ਲੋਕ ਜ਼ਖ਼ਮੀ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਇੱਕ ਸਮਾਂ ਸੀ ਜਦੋਂ ਕੈਨੇਡਾ ਵਿੱਚ ਕਦੇ ਕਦੇ ਕਿਸੇ ਅਪਰਾਧਿਕ ਗਤੀਵਿਧੀ ਦੀ ਖਬਰ ਸਾਹਮਣੇ ਆਉਂਦੀ ਸੀ ਤੇ ਜਾਂ ਫਿਰ ਗੈਂਗ ਹਿੰਸਾ ਨਾਲ ਜੁੜੀਆਂ ਗੋਲੀਬਾਰੀ ਦੀਆਂ ਖ਼ਬਰਾਂ ਸਾਹਮਣੇ ਆਉਂਦੀਆਂ ਸਨ ਪਰ ਹੁਣ ਇਹ ਨਿੱਤ ਦਾ ਵਰਤਾਰਾ ਹੋ ਗਿਆ ਹੈ ਤੇ ਦੇਸ਼ ਦੇ ਸਾਰੇ ਹੀ ਪ੍ਰਮੁੱਖ ਸ਼ਹਿਰਾਂ ਵਿੱਚ ਰੋਜ਼ਾਨਾ ਹੀ ਗੋਲੀਬਾਰੀ ਦੀਆਂ ਵਾਰਦਾਤਾਂ ਹੋ ਰਹੀਆਂ ਹਨ ਇਸ ਵੀਕਐਂਡ ਤੇ ਵੀ ਵੱਖ ਵੱਖ ਸ਼ਹਿਰਾਂ ਵਿੱਚ ਗੋਲੀਬਾਰੀ ਦੀਆਂ ਕਈ ਵਾਰਦਾਤਾਂ ਵਾਪਰੀਆਂ ਹਨ। ਜਦੋਂ ਅਸੀਂ ਕੈਨੇਡਾ ਵਿੱਚ ਗੋਲੀਬਾਰੀ ਦੀਆਂ ਵਾਰਦਾਤਾਂ ਦਾ ਜ਼ਿਕਰ ਕਰਦੇ ਹਾਂ ਤਾਂ ਜ਼ਿਆਦਾ ਤਰ ਖ਼ਬਰਾਂ ਗ੍ਰੇਟਰ ਵੈਨਕੂਵਰ ਅਤੇ ਗ੍ਰੇਟਰ ਟੋਰਾਂਟੋ ਏਰੀਏ ਵਿੱਚ ਵਾਪਰਦੀਆਂ ਹਨ ਤੇ ਕਦੀ ਕਦੀ ਕੈਲਗਰੀ ਵਿੱਚ ਵੀ ਅਜਿਹੀਆਂ ਵਾਰਦਾਤਾਂ ਵਾਪਰ ਜਾਂਦੀਆਂ ਹਨ ਪਰ ਹੁਣ ਮੈਨੀਟੋਬਾ ਸੂਬੇ ਤੋਂ ਵੀ ਬੀਤੇ ਦਿਨੀ ਗੋਲੀਬਾਰੀ ਹੋਣ ਦੀ ਖਬਰ ਸਾਹਮਣੇ ਆਈ ਹੈ

# ਕੈਨੇਡਾ ਦੇ ਰੈਜ਼ੀਡੈਂਸ਼ਲ ਸਕੂਲਾਂ ਸਬੰਧੀ ਤਸਵੀਰਾਂ ਰੋਮ ਵਿੱਚ ਵੱਡੀ ਗਿਣਤੀ ਚ ਸੰਭਾਲੀਆਂ ਗਈਆਂ ਹਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਰੈਜ਼ੀਡੈਂਸ਼ਲ ਸਕੂਲ ਸਿਸਟਮ ਜਿਸ ਵਿੱਚ ਮੂਲਵਾਸੀ ਭਾਈਚਾਰੇ ਦੇ ਬੱਚਿਆਂ ਨੂੰ ਜਬਰਦਸਤੀ ਰੱਖਿਆ ਜਾਂਦਾ ਰਿਹਾ ਅਤੇ ਉਨ੍ਹਾਂ ਦੇ ਉਪਰ ਅਥਾਹ ਜ਼ੁਲਮ ਢਾਹੇ ਗਏ ਉਨ੍ਹਾਂ ਦਾ ਜਿਸਮਾਨੀ ਸ਼ੋਸ਼ਣ ਕੀਤਾ ਜਾਂਦਾ ਰਿਹਾ ਅਤੇ ਫਿਰ ਕੈਨੇਡਾ ਦੇ ਦੌਰੇ ਤੇ ਆਏ ਪੋਪ ਫਰਾਂਸਿਸ ਵੱਲੋਂ ਇਸ ਸਾਰੇ ਵਰਤਾਰੇ ਲਈ ਮੁਆਫ਼ੀ ਵੀ ਮੰਗ ਲਈ ਗਈ ਹੈ। ਪਰ ਇਨ੍ਹਾਂ ਸਕੂਲਾਂ ਵਿੱਚ ਜੋ ਕੁੱਝ ਵਾਪਰਦਾ ਰਿਹਾ ਉਸ ਨੂੰ ਮੂਲਵਾਸੀ ਭਾਈਚਾਰੇ ਵੱਲੋਂ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਹੁਣ ਇਨ੍ਹਾਂ ਰੈਜ਼ੀਡੈਂਸ਼ਲ ਸਕੂਲਾਂ ਸਬੰਧੀ ਰੋਮ ਵਿਖੇ ਬਹੁਤ ਸਾਰੀਆਂ ਤਸਵੀਰਾਂ ਸੰਭਾਲੀਆਂ ਹੋਣ ਬਾਰੇ ਜਾਣਕਾਰੀ ਸਾਹਮਣੇ ਆਈ ਹੈ।

# ਰੀਜਾਇਨਾ ਸ਼ਹਿਰ ਦੇ ਪੰਜਾਬੀ ਮੇਲੇ ਵਿੱਚ ਦਸਤਾਰਾਂ ਸਜਾਉਣ ਦੇ ਮੁਕਾਬਲੇ ਕਰਵਾਏ ਗਏ







ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) 31 ਜੁਲਾਈ ਵਾਲੇ ਦਿਨ ਐਤਵਾਰ ਨੂੰ ਹਾਨੀ ਰਿਕਾਰਡਜ਼ ਵੱਲੋਂ ਰੀਜਾਇਨਾ ਸ਼ਹਿਰ ਵਿੱਚ ਡੈਂਟਰੋ ਕੈਰੀਅਰ ਅਤੇ ਹੋਰਾਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਪੰਜਾਬੀ ਮੇਲਾ ਮਨਾਇਆ ਗਿਆ। ਇਸ ਮੇਲੇ ਵਿੱਚ ਬੱਚਿਆਂ ਦੇ ਮਨੋਰੰਜਨ ਲਈ ਰਾਈਡਾਂ ਦਾ ਪ੍ਰਬੰਧ ਵੀ ਕੀਤਾ ਗਿਆ ਸੀ। ਇਹ ਪੰਜਾਬੀ ਮੇਲਾ ਇਸ ਵਾਰ ਦਸਤਾਰ ਮੁਕਾਬਲੇ ਕਰਵਾਏ ਜਾਣ ਕਰਕੇ ਬਹੁਤ ਆਕਰਸ਼ਕ ਬਣ ਗਿਆ ਸੀ। ਤਿੰਨ ਉਮਰ ਵਰਗ ਗਰੁੱਪਾਂ ਵਿੱਚ ਦਸਤਾਰ ਮੁਕਾਬਲਾ ਕਰਵਾਇਆ ਗਿਆ। ਪਹਿਲਾਂ ਉਮਰ ਵਰਗ ਪੰਦਰਾਂ ਤੋਂ ਪੱਚੀ ਸਾਲ ਜਿਸ ਦੇ ਲਈ ਤਿੰਨ ਸੌ ਡਾਲਰ ਦਾ ਇਨਾਮ ਰੱਖਿਆ ਗਿਆ ਸੀ।ਦੂਸਰਾ ਉਮਰ ਵਰਗ ਗਰੁੱਪ ਪੱਚੀ ਤੋਂ ਪੈਂਤੀ ਸਾਲ ਚਾਰ ਸੌ ਡਾਲਰ ਦਾ ਨਗਦ ਇਨਾਮ ਅਤੇ ਤੀਸਰਾ ਉਮਰ ਵਰਗ ਗਰੁੱਪ ਪੈਂਤੀ ਤੋਂ ਪੰਜਾਹ ਸਾਲ ਪੰਜ ਸੌ ਡਾਲਰ ਦਾ ਨਕਦ ਇਨਾਮ ਜਿੱਤਣ ਲਈ ਇਸ ਮੁਕਾਬਲੇ ਵਿੱਚ ਸਾਮਿਲ ਹੋਇਆ। ਪੈਂਤੀ ਤੋਂ ਪੰਜਾਹ ਸਾਲ ਦੇ ਇਸ ਗਰੁੱਪ ਦੇ ਵਿਜੇਤਾ ਸਰਦਾਰ ਮਨਪ੍ਰੀਤ ਸਿੰਘ ਨੂੰ ਐਲਾਨਿਆ ਗਿਆ ਉਨ੍ਹਾਂ ਨੂੰ ਪੰਜ ਸੌ ਡਾਲਰ ਦੇ ਨਕਦ ਇਨਾਮ ਨਾਲ ਸਨਮਾਨਤ ਕੀਤਾ ਗਿਆ। ਵਰਨਣਯੋਗ ਹੈ ਕਿ ਸਰਦਾਰ ਮਨਪ੍ਰੀਤ ਸਿੰਘ ਪਿਛਲੇ ਚਾਰ ਸਾਲ ਤੋਂ ਰੀਜਾਈਨਾਂ ਦੇ ਗੁਰੂਘਰ ਵਿਖੇ ਵੀ ਦਸਤਾਰ ਸਿਖਲਾਈ ਦਿੰਦੇ ਆ ਰਹੇ ਹਨ। ਪੱਚੀ ਤੋਂ ਪੈਂਤੀ ਸਾਲ ਦੇ ਇਸ ਗਰੁੱਪ ਵਿੱਚ ਆਗਿਆ ਪਾਲ ਸਿੰਘ ਸੰਧੂ ਨੂੰ ਜੇਤੂ ਐਲਾਨ ਐਲਾਨਿਆ ਗਿਆ। ਜਦੋਂ ਕਿ ਪੰਦਰਾਂ ਤੋਂ ਪੱਚੀ ਸਾਲ ਦੇ ਗਰੁੱਪ ਵਿੱਚ ਅਨਮੋਲ ਸਿੰਘ ਜੇਤੂ ਰਹੇ। ਤਿੰਨ ਸਪੈਸ਼ਲ ਇਨਾਮ ਦੁਮਾਲਾ ਸਜਾਉਣ ਵਾਲਿਆਂ ਨੂੰ ਵੀ ਦਿੱਤੇ ਗਏ, ਜਿਨ੍ਹਾਂ ਵਿੱਚ ਹਰਨੀਤ ਕੌਰ, ਗੁਰਸਿਮਰਨ ਸਿੰਘ, ਗੁਰਸ਼ਰਨਜੀਤ ਕੌਰ ਨੂੰ ਚੁਣਿਆ ਗਿਆ। ਰੀਜਾਇਨਾ ਸ਼ਹਿਰ ਵਿੱਚ ਇਸ ਦਸਤਾਰਬੰਦੀ ਮੁਕਾਬਲੇ ਦੇ ਉਪਰਾਲੇ ਲਈ ਹਰ ਪਾਸਿਓਂ ਪ੍ਰਸ਼ੰਸਾ ਹੋ ਰਹੀ ਹੈ। ਆਮ ਲੋਕਾਂ ਦਾ ਖਿਆਲ ਹੈ ਕਿ ਭਵਿੱਖ ਵਿੱਚ ਵੀ ਏਦਾਂ ਦੇ ਦਸਤਾਰਾਂ ਦੇ ਮੁਕਾਬਲੇ ਹੁੰਦੇ ਰਹਿਣ ਤਾਂ ਜੋ ਬੱਚਿਆਂ ਵਿੱਚ ਸੋਹਣੀਆਂ ਦਸਤਾਰਾਂ ਸਜਾਉਣ ਦਾ ਉਤਸ਼ਾਹ ਬਣਿਆ ਰਹੇ।

Sidhu Accounting & Financial Services
Accounting Services
Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖ਼ਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੇਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869
(Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

ਪੁਰਾਣੀ ਕਾਰ ਘਰੋਂ ਚੁੱਕਵਾਓ-ਵਧੀਆ ਡਾਲਰ ਜੇਬ ਵਿੱਚ ਪਾਓ
ਡਾਲੇ ਵਾਲੇ ਗਿੱਲ ਭਰਾਵਾਂ ਦੀਆਂ ਸੇਵਾਵਾਂ ਤੁਹਾਡੀ ਸੇਵਾ ਵਿੱਚ
BLACK DIAMOND
Auto Parts & Recycling
We sell quality used Auto Parts for Cars, Trucks and Vans
We Buy Scrap Cars
#2, 168 Street W
Black Diamond, AB
www.RetireMyCar.com
Ph: 403-561-0126
Ph: 403-999-0127
ਇੰਜਣ, ਟਰਾਂਸਮਿਸ਼ਨ, ਟਾਇਰ ਗੱਲ ਕੀ ਹਰ ਕਿਸਮ ਦੀਆਂ ਗੱਡੀਆਂ ਦੇ ਹਰ ਕਿਸਮ ਦੇ ਸਪੇਅਰ ਪਾਰਟਸ ਅਤੇ ਨਵੀਂ ਨਕੋਰ ਲੁੱਕ ਵਾਲੀਆ ਪੁਰਾਣੀਆਂ ਕਾਰਾਂ ਤੁਹਾਡੇ ਬਜੱਟ ਅਨੁਸਾਰ ਲਵੋ।
ਰਾਜ ਗਿੱਲ ਨੂੰ ਫੋਨ ਘੁੰਮਾਓ - ਝੱਟ ਕਾਰ ਦੇ ਮਾਲਕ ਬਣ ਜਾਓ

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

INDIA PALACE
Restaurant & Sweets
ਤੁਹਾਡੇ ਏਰੀਏ ਵਿੱਚ ਈਸਟ ਇੰਡੀਅਨ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗੱਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
We do Catering for all Occasions Call us for Advance Booking!
Lunch Special : 7 Days A Week
10% OFF for Catering only
Now We Open 7 Days a week
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4

Punjabi Chulha ਪੰਜਾਬੀ ਚੁੱਲ੍ਹਾ
Restaurant & Sweet Shop
We Do Take-Out & Catering For All Events
ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੈ ਨਾ ਡਰੋ!
"ਪੰਜਾਬੀ ਚੁੱਲੇ" ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ!
ਦਿਲ ਚਾਹੇ ਉੱਥੇ ਬੈਠ ਕੇ ਖਾਓ-ਦਿਲ ਚਾਹੇ ਘਰ ਲੈ ਜਾਓ!
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ!
ਪੰਜਾਬੀ ਚੁੱਲ੍ਹਾ ਰੈਸਟੋਰੈਂਟ
ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।
83 Martindale Blvd NE Calgary, AB T3J 3M7
P: 403-453-9000 / C:403-477-5142



## ਸੰਪਾਦਕੀ

**ਮਰਿਆਦਾ ਦੀ ਉਲੰਘਣਾ ਆਖਿਰਕਾਰ ਨੁਕਸਾਨ ਵੱਲ ਧੱਕਦੀ ਹੈ।**
**-ਫ਼ਰੈਂਕ ਹਰਬਰਟ**

# ਮਰਿਆਦਾ 'ਚ ਰਹਿਣ ਦੀ ਲੋੜ

ਜਦੋਂ ਤੋਂ ਆਮ ਆਦਮੀ ਪਾਰਟੀ ਜੋ ਕਿ ਬਦਲਾਓ ਦਾ ਨਾਅਰਾ ਲਗਾ ਕੇ ਸੱਤਾ ਵਿੱਚ ਆਈ ਸੀ, ਉਹ ਹਾਲੇ ਤੱਕ ਬਦਲਾਓ ਤਾਂ ਲਿਆ ਨਹੀਂ ਸਕੀ ਪਰ ਗੈਰ ਤਜਰਬੇਕਾਰ ਮੰਤਰੀ ਅਤੇ ਵਿਧਾਇਕ ਕਿਸੇ ਨਾਲ ਕਿਸੇ ਕਾਰਵਾਈ ਕਾਰਨ ਚਰਚਾ ਦਾ ਵਿਸ਼ਾ ਬਣ ਜਾਂਦੇ ਹਨ। ਕਈ ਵਾਰ ਤਾਂ ਉਹ ਅਜਿਹੀਆਂ ਵੱਡੀਆਂ ਗਲਤੀਆਂ ਕਰ ਬੈਠਦੇ ਹਨ ਜਿਸ ਦਾ ਮੁੱਖ ਮੰਤਰੀ ਭਗਵੰਤ ਮਾਨ ਨੂੰ ਜਵਾਬ ਦੇਣਾ ਔਖਾ ਹੋ ਜਾਂਦਾ ਹੈ। ਪੰਜਾਬ ਦੇ ਸਿਹਤ ਮੰਤਰੀ ਚੇਤਨ ਸਿੰਘ ਜੌੜੇਮਾਜਰਾ ਵੱਲੋਂ ਬਾਬਾ ਫ਼ਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਦੇ ਵਾਈਸ ਚਾਂਸਲਰ ਡਾ. ਰਾਜ ਬਹਾਦਰ ਨੂੰ ਮੈਡੀਕਲ ਕਾਲਜ ਫ਼ਰੀਦਕੋਟ ਦੇ ਹਸਪਤਾਲ ਦੇ ਗੰਦੇ ਗੱਦੇ 'ਤੇ ਲੰਮੇ ਪੈਣ ਲਈ ਆਖਣ ਨੇ ਵਾਦ-ਵਿਵਾਦ ਖੜ੍ਹਾ ਕਰ ਦਿੱਤਾ ਹੈ। ਪੰਜਾਬ ਦੇ ਡਾਕਟਰਾਂ ਵਿਚ ਇਸ ਘਟਨਾ ਪ੍ਰਤੀ ਪੈਦਾ ਹੋਇਆ ਗੁੱਸਾ ਤੇ ਰੋਹ ਇਸ ਕਾਰਨ ਵੀ ਜ਼ਿਆਦਾ ਹੈ ਕਿ ਡਾ. ਰਾਜ ਬਹਾਦਰ ਕੋਈ ਚਾਰ ਦਹਾਕਿਆਂ ਤੋਂ ਮਰੀਜ਼ਾਂ ਦਾ ਇਲਾਜ ਕਰ ਰਹੇ ਹਨ ਅਤੇ ਉਨ੍ਹਾਂ ਦੀ ਗਿਣਤੀ ਰੀੜ੍ਹ ਦੀ ਹੱਡੀ ਨਾਲ ਸਬੰਧਿਤ ਰੋਗਾਂ ਦੇ ਇਲਾਜ ਅਤੇ ਅਪਰੇਸ਼ਨ ਕਰਨ ਵਾਲੇ ਮੰਨੇ-ਪ੍ਰਮੰਨੇ, ਵਧੀਆ ਤੇ ਮਿਹਨਤੀ ਡਾਕਟਰਾਂ ਵਿਚ ਹੁੰਦੀ ਹੈ। ਵਾਈਸ ਚਾਂਸਲਰ ਦੇ ਅਹੁਦੇ ਨਾਲ ਅਕਾਦਮਿਕ ਮਰਿਆਦਾ ਦਾ ਸਵਾਲ ਵੀ ਜੁੜਿਆ ਹੈ। ਇਸ ਘਟਨਾ ਤੋਂ ਬਾਅਦ ਡਾ. ਰਾਜ ਬਹਾਦਰ ਨੇ ਅਸਤੀਫ਼ਾ ਦੇ ਦਿੱਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਘਟਨਾ ਨੂੰ ਮੰਦਭਾਗਾ ਦੱਸਿਆ ਅਤੇ ਡਾ. ਰਾਜ ਬਹਾਦਰ ਨਾਲ ਗੱਲ ਕਰ ਕੇ ਇਸ ਬਾਰੇ ਅਫ਼ਸੋਸ ਜਤਾਉਂਦਿਆਂ ਉਨ੍ਹਾਂ ਦਾ ਅਸਤੀਫ਼ਾ ਪ੍ਰਵਾਨ ਨਾ ਕਰਨ ਦੇ ਨਿਰਦੇਸ਼ ਦਿੱਤੇ ਹਨ। ਮੰਤਰੀਆਂ ਨੂੰ ਆਪਣੇ ਵਿਭਾਗਾਂ ਦੇ ਕੰਮ-ਕਾਰ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ। ਕੋਈ ਵੀ ਕੰਮ ਜਾਂ ਦੌਰਾ ਕਰਨ ਤੋਂ ਪਹਿਲਾਂ ਸਬੰਧਿਤ ਅਧਿਕਾਰੀਆਂ ਤੋਂ ਜਾਣਕਾਰੀ ਲਈ ਜਾਂਦੀ ਹੈ। ਡਾ. ਰਾਜ ਬਹਾਦਰ ਦਾ ਕੰਮ ਪੰਜਾਬ ਦੇ ਮੈਡੀਕਲ ਕਾਲਜਾਂ ਦੇ ਸਿਲੇਬਸ ਬਣਾਉਣੇ, ਇਮਤਿਹਾਨ ਲੈਣੇ, ਐੱਮਬੀਬੀਐੱਸ ਅਤੇ ਹੋਰ ਉਚੇਰੇ ਕੋਰਸਾਂ ਵਿਚ ਦਾਖ਼ਲੇ ਕਰਨੇ, ਕਾਲਜਾਂ ਦੇ ਸਿੱਖਿਆ ਦੇਣ ਬਾਰੇ ਕੰਮ ਬਾਰੇ ਨਿਗਾਹਬਾਨੀ ਕਰਨਾ ਆਦਿ ਹਨ। ਇਹ ਯੂਨੀਵਰਸਿਟੀ ਡੈਂਟਲ, ਨਰਸਿੰਗ, ਪੈਰਾ-ਮੈਡੀਕਲ ਅਤੇ ਸਿਹਤ ਨਾਲ ਸਬੰਧਿਤ ਹੋਰ ਵਿੱਦਿਅਕ ਅਦਾਰਿਆਂ ਵਿਚ ਸਿੱਖਿਆ ਦੇਣ ਵਿਚ ਸਰਗਰਮ ਭੂਮਿਕਾ ਨਿਭਾਉਂਦੀ ਹੈ। ਮੈਡੀਕਲ ਕਾਲਜ ਫ਼ਰੀਦਕੋਟ, ਮੈਡੀਕਲ ਕਾਲਜ ਅੰਮ੍ਰਿਤਸਰ, ਮੈਡੀਕਲ ਕਾਲਜ ਪਟਿਆਲਾ ਜਾਂ ਹੋਰ ਮੈਡੀਕਲ ਕਾਲਜਾਂ ਦੇ ਹਸਪਤਾਲਾਂ ਦੇ ਪ੍ਰਸ਼ਾਸਨ ਦਾ ਵਾਈਸ ਚਾਂਸਲਰ ਨਾਲ ਕੋਈ ਤਅੱਲਕ ਨਹੀਂ ਹੈ। ਪ੍ਰਸ਼ਾਸਨ ਦੀ ਜ਼ਿੰਮੇਵਾਰੀ ਬੁਨਿਆਦੀ ਤੌਰ 'ਤੇ ਮੈਡੀਕਲ ਕਾਲਜਾਂ ਦੇ ਹਸਪਤਾਲਾਂ ਦੇ ਮੈਡੀਕਲ ਸੁਪਰਡੈਂਟਾਂ ਦੀ ਹੈ। ਮੈਡੀਕਲ ਕਾਲਜ ਦੇ ਪ੍ਰਿੰਸੀਪਲ ਦਾ ਸਬੰਧ ਵੀ ਮੁੱਖ ਤੌਰ 'ਤੇ ਕਾਲਜ ਦੇ ਅਕਾਦਮਿਕ ਮਾਮਲਿਆਂ ਨਾਲ ਹੁੰਦਾ ਹੈ ਭਾਵੇਂ ਕਾਲਜ ਵਿਚ ਪੜ੍ਹਾ ਰਹੇ ਪ੍ਰੋਫ਼ੈਸਰ ਪੜ੍ਹਾਉਣ ਦੇ ਨਾਲ ਨਾਲ ਆਪੋ-ਆਪਣੇ ਵਾਰਡਾਂ ਦੇ ਮੁਖੀ ਹੋਣ ਕਾਰਨ ਪ੍ਰਸ਼ਾਸਕੀ ਫ਼ੈਸਲੇ ਲੈਣ ਵਿਚ ਭਾਈਵਾਲ ਹੁੰਦੇ ਹਨ। ਅਜਿਹੇ ਸੰਦਰਭ ਵਿਚ ਵਾਈਸ ਚਾਂਸਲਰ ਦੀ ਇਸ ਮਾਮਲੇ ਵਿੱਚ ਕੋਈ ਜ਼ਿੰਮੇਵਾਰੀ ਨਹੀਂ ਬਣਦੀ। ਜੇ ਸਰਕਾਰ ਵਾਈਸ ਚਾਂਸਲਰ ਦੇ ਕਿਸੇ ਕੰਮ, ਫ਼ੈਸਲੇ ਜਾਂ ਕਾਰਗੁਜ਼ਾਰੀ ਤੋਂ ਖ਼ੁਸ਼ ਨਹੀਂ ਤਾਂ ਸਬੰਧਿਤ ਮਾਮਲੇ ਬਾਰੇ ਯੂਨੀਵਰਸਿਟੀ ਦੇ ਚਾਂਸਲਰ ਨੂੰ ਲਿਖਣਾ ਚਾਹੀਦਾ ਹੈ ਜਾਂ ਵਾਈਸ ਚਾਂਸਲਰ ਨੂੰ ਸਲਾਹ ਦੇਣੀ ਚਾਹੀਦੀ ਹੈ। ਇਸ ਤਰ੍ਹਾਂ ਦਾ ਸਲੂਕ ਮਰਿਆਦਾ ਦੇ ਉਲਟ ਹੈ। ਸੂਬਾ ਸਰਕਾਰ ਬਹੁਤ ਵਾਰ ਵੱਖ ਵੱਖ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰਾਂ ਨਾਲ ਸਬੰਧਿਤ ਖੇਤਰਾਂ ਦੀਆਂ ਨੀਤੀਆਂ ਤੈਅ ਕਰਨ ਬਾਰੇ ਸਲਾਹ-ਮਸ਼ਵਰਾ ਕਰਦੀ ਰਹਿੰਦੀ ਹੈ। ਡਾਕਟਰ, ਇੰਜਨੀਅਰ, ਪੱਤਰਕਾਰ, ਸਿਆਸਤਦਾਨ, ਪ੍ਰੋਫ਼ੈਸਰ, ਸਨਅਤਕਾਰ, ਵਪਾਰੀ ਆਦਿ ਸਮਾਜ ਦੇ ਕੁਲੀਨ ਵਰਗ ਨਾਲ ਸਬੰਧ ਰੱਖਦੇ ਹਨ। ਇਸ ਕਾਰਨ ਉਨ੍ਹਾਂ ਦੀਆਂ ਸਮਾਜਿਕ ਜ਼ਿੰਮੇਵਾਰੀਆਂ ਵੀ ਬਣਦੀਆਂ ਹਨ। ਡਾਕਟਰਾਂ ਨੂੰ ਸਮਾਜ ਵਿਚ ਬਹੁਤ ਮਾਣ-ਸਨਮਾਨ ਇਸ ਲਈ ਮਿਲਦਾ ਰਿਹਾ ਹੈ ਕਿਉਂਕਿ ਇਹੀ ਉਹ ਪੇਸ਼ਾ ਹੈ ਜਿਸ ਵਿਚ ਕੰਮ ਕਰਨ ਵਾਲਿਆਂ ਨੂੰ ਮਨੁੱਖ ਆਪਣਾ ਸਰੀਰ ਸੌਂਪ ਦਿੰਦਾ ਹੈ। ਸਮੇਂ ਨਾਲ ਇਸ ਪੇਸ਼ੇ ਦਾ ਵਪਾਰੀਕਰਨ ਹੋਇਆ ਅਤੇ ਸਰਕਾਰੀ ਹਸਪਤਾਲਾਂ ਵਿਚ ਹੁੰਦੇ ਕੰਮ ਦਾ ਮਿਆਰ ਵੀ ਡਿੱਗਿਆ ਹੈ। ਬਹੁਤੀ ਵਾਰ ਅਸੀਂ ਸਰਕਾਰ ਵੱਲੋਂ ਸਿਹਤ ਖੇਤਰ ਵਿੱਚ ਕੀਤੇ ਜਾਂਦੇ ਘੱਟ ਖ਼ਰਚ ਦੀ ਦਲੀਲ ਦਿੰਦੇ ਹਾਂ। ਇਹ ਸਹੀ ਹੈ ਕਿ ਸਰਕਾਰਾਂ ਕੁੱਲ ਘਰੇਲੂ ਉਤਪਾਦਨ ਦਾ ਬਹੁਤ ਘੱਟ ਹਿੱਸਾ ਸਿਹਤ ਖੇਤਰ 'ਤੇ ਖ਼ਰਚ ਕਰਦੀਆਂ ਹਨ ਪਰ ਅਜਿਹੀ ਦਲੀਲ ਨਾਲ ਸਰਕਾਰੀ ਹਸਪਤਾਲਾਂ ਦੀ ਕਾਰਗੁਜ਼ਾਰੀ ਵਿੱਚ ਹੋਏ ਪਤਨ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਜਿੱਥੇ ਲੋਕ ਪੁਰਾਣੇ ਸਮਿਆਂ ਦੇ ਸਰਕਾਰੀ ਡਾਕਟਰਾਂ ਨੂੰ ਸਨਮਾਨ ਨਾਲ ਯਾਦ ਕਰਦੇ ਹਨ, ਉੱਥੇ ਸਰਕਾਰੀ ਹਸਪਤਾਲਾਂ ਵਿੱਚ ਆਏ ਵਿਗਾੜਾਂ, ਸਰਕਾਰੀ ਡਾਕਟਰਾਂ ਦੁਆਰਾ ਕੀਤੀ ਜਾਂਦੀ ਪ੍ਰਾਈਵੇਟ ਪ੍ਰੈਕਟਿਸ, ਨਿੱਜੀ ਲੈਬਾਰਟਰੀਆਂ ਤੋਂ ਟੈਸਟ ਕਰਵਾਉਣ ਤੇ ਉਨ੍ਹਾਂ ਤੋਂ ਕਮਿਸ਼ਨ ਲੈਣ ਅਤੇ ਹੋਰ ਨਿਘਾਰਾਂ ਦਾ ਜ਼ਿਕਰ ਵੀ ਕਰਦੇ ਹਨ। ਡਾਕਟਰਾਂ ਦੇ ਲੋਕਾਂ ਦੀ ਸੇਵਾ ਕਰਨ ਵਾਲੇ ਅਕਸ ਨੂੰ ਵੱਡੀ ਢਾਹ ਲੱਗੀ ਹੈ। ਮੁੱਖ ਮੰਤਰੀ ਦੇ ਦਖ਼ਲ ਨਾਲ ਮਾਮਲਾ ਸੁਲਝਾਏ ਜਾਣ ਦੀ ਸੰਭਾਵਨਾ ਵਧੀ ਹੈ ਪਰ ਨਾਲ ਹੀ ਪੰਜਾਬ ਦੇ ਹਸਪਤਾਲਾਂ ਦੇ ਨਿੱਘਰਦੇ ਹਾਲਾਤ ਵੀ ਲੋਕਾਂ ਦੇ ਧਿਆਨ ਦੇ ਕੇਂਦਰ ਵਿੱਚ ਆਏ ਹਨ। ਸਰਕਾਰ ਨੂੰ ਡਾਕਟਰੀ ਪੇਸ਼ਾ ਅਤੇ ਹਸਪਤਾਲਾਂ ਦੇ ਪਰਬੰਧਕੀ ਢਾਂਚੇ ਨੂੰ ਅਲੱਗ ਅਲੱਗ ਹੱਥਾਂ ਵਿੱਚ ਸੌਂਪਣ ਵੱਲ ਧਿਆਨ ਦੇਣਾ ਚਾਹੀਦਾ ਹੈ ਡਾਕਟਰੀ ਯੋਗਤਾ ਵਾਲੇ ਕਿਸੇ ਵੀ ਮੁਲਾਜਮ ਦੀ ਜ਼ਿੰਮੇਵਾਰੀ ਡਾਕਟਰੀ ਪੇਸ਼ੇ ਨਾਲ ਸਬੰਧਿਤ ਹੀ ਹੋਣੀ ਚਾਹੀਦੀ ਹੈ। ਹਸਪਤਾਲਾਂ ਦੇ ਗੱਦਿਆਂ ਦੀ ਸਾਫ ਸਫਾਈ ਵਾਲੇ ਮੁਲਾਜਮ ਜਾਂ ਉਹਨਾਂ ਨੂੰ ਨਵਿਆਂ ਵਿੱਚ ਤਬਦੀਲ ਕਰਨ ਵਾਲਾ ਅਲੱਗ ਜ਼ਿੰਮੇਵਾਰ ਸਟਾਫ ਹੋਣਾ ਚਾਹੀਦਾ ਹੈ।

**ਸੁਖਜਿੰਦਰ ਸਮਰਾ**
**ਮੋ. 95835-92000**

**403 640 2000**
**punjabiakhbaar@gmail.com**

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
**-Editor**

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
**- ਸੰਪਾਦਕ**

# ਵੱਧ ਰਿਹਾ ਹੈ ਨਜਾਇਜ਼ ਖਨਣ ਦਾ ਕਾਰੋਬਾਰ



**ਗੁਰਮੀਤ ਸਿੰਘ ਪਲਾਹੀ**

**ਖਨਣ ਨਾਲ ਪ੍ਰਦੂਸ਼ਨ ਵਧ ਰਿਹਾ ਹੈ ਅਤੇ ਸਾਡੀ ਸਿਹਤ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ, ਇਹੀ ਨਹੀਂ ਇਸ ਨਾਲ ਸਮਾਜਿਕ ਨਾ-ਬਰਾਬਰੀ 'ਚ ਵਾਧਾ ਹੋ ਰਿਹਾ ਹੈ। ਪਿਛਲੇ ਦਿਨਾਂ 'ਚ ਜਿਵੇਂ ਇਸਦੀ ਮੰਗ ਅਤੇ ਕੀਮਤ 'ਚ ਵਾਧਾ ਹੋਇਆ ਹੈ, ਉਸ ਕਾਰਨ ਨਦੀਆਂ ਅਤੇ ਸਮੁੰਦਰੀ ਤੱਟਾਂ ਦੀ ਸਥਿਤੀ ਉੱਤੇ ਬੁਰਾ ਪ੍ਰਭਾਵ ਪਿਆ ਹੈ।**

ਦੇਸ਼ ਦੇ ਜ਼ਿਆਦਾਤਰ ਸੂਬਿਆਂ 'ਚ ਨਜਾਇਜ਼ ਖਨਣ ਦਾ ਧੰਦਾ ਜ਼ੋਰਾਂ ਉਤੇ ਹੈ ਅਤੇ ਸੂਬਾ ਸਰਕਾਰਾਂ ਦਾ ਖਨਣ ਮਾਫੀਆ ਉਤੇ ਕੋਈ ਕੰਟਰੋਲ ਨਹੀਂ ਹੈ। ਇਵੇਂ ਜਾਪਦਾ ਹੈ ਜਿਵੇਂ ਮਾਫੀਏ ਦਾ ਆਪਣੀ ਸਮਰਾਜ ਹੋਵੇ ਅਤੇ ਸੂਬਾ ਸਰਕਾਰਾਂ ਦਾ ਉਸ ਵਿੱਚ ਕੋਈ ਦਖ਼ਲ ਹੀ ਨਾ ਹੋਵੇ। ਕੀ ਇਹ ਕਾਨੂੰਨ ਦੇ ਸ਼ਾਸ਼ਨ ਨੂੰ ਚਣੌਤੀ ਨਹੀਂ ਹੈ?

ਯਾਦ ਕਰੋ ਕਿ ਦਸ ਸਾਲ ਪਹਿਲਾਂ ਮੱਧ ਪ੍ਰਦੇਸ਼ ਦੇ ਮੁਰੈਨਾ ਵਿਖੇ ਇੱਕ ਆਈ.ਪੀ. ਐਸ. ਅਧਿਕਾਰੀ ਦੀ ਟ੍ਰੈਕਟਰ ਨਾਲ ਕੁਚਲ ਕੇ ਹੱਤਿਆ ਕਰ ਦਿੱਤੀ ਗਈ। ਹਰਿਆਣਾ ਦੇ ਨੂਹ ਵਿਖੇ ਇੱਕ ਡੀ.ਐਸ. ਪੀ ਨੂੰ ਡੰਪਰ ਨਾਲ ਕੁਚਲਕੇ ਮਾਰ ਦਿੱਤਾ ਗਿਆ। ਇਹ ਸਰਕਾਰੀ ਅਧਿਕਾਰੀ ਨਜਾਇਜ਼ ਖਨਣ ਨੂੰ ਰੋਕਣ ਲਈ ਆਪਣੀ ਡਿਊਟੀ ਨਿਭਾਅ ਰਹੇ ਸਨ। ਨਜਾਇਜ਼ ਖਨਣ ਦਾ ਧੰਦਾ ਦੇਸ਼ 'ਚ ਇਸ ਕਦਰ ਵੱਧ ਚੁੱਕਾ ਹੈ ਕਿ ਸੁਪਰੀਮ ਕੋਰਟ ਵਲੋਂ ਖਨਣ ਵਿਰੁੱਧ ਲਗਾਈਆਂ ਬੰਦਿਸ਼ਾਂ ਦੇ ਬਾਵਜੂਦ ਵੀ ਪਿਛਲੇ ਅੱਠ ਸਾਲ ਦੇ ਸਮੇਂ 'ਚ ਚਾਰ ਸੌ ਮੀਟਰ ਬਿਆਸ ਅਤੇ ਸਾਢੇ ਤਿੰਨ ਸੌ ਮੀਟਰ ਉਚੇ 31 ਪਹਾੜਾਂ ਨੂੰ ਜ਼ਮੀਨਦੋਜ਼ ਕਰ ਦਿੱਤਾ ਹੈ। ਰਾਜਸਥਾਨ ਦੇ ਭਰਤਪੁਰ ਵਿੱਚ ਸਾਧੂ ਸੰਤਾਂ ਦਾ ਇੱਕ ਸਮੂਹ ਪਿਛਲੇ ਡੇਢ ਸਾਲ ਤੋਂ ਅੰਦੋਲਨ ਕਰ ਰਿਹਾ ਹੈ ਪਰ ਕਿਧਰੇ ਵੀ ਕੋਈ ਸੁਣਵਾਈ ਨਹੀਂ ਹੋਈ। ਹੁਣੇ ਜਿਹੇ ਇੱਕ ਸੰਤ ਨੇ ਖਨਣ ਵਿਰੁੱਧ ਆਤਮਦਾਹ ਕਰ ਲਿਆ।

ਖਨਣ ਮਾਫੀਏ ਦਾ ਦੇਸ਼ ਵਿੱਚ ਦਬਦਬਾਅ ਇੰਨਾ ਹੈ ਕਿ ਕੋਈ ਵੀ ਸਰਕਾਰ ਕੋਈ ਜੁਰੱਅਤ ਵਾਲਾ ਫ਼ੈਸਲਾ ਕਰਨ ਲਈ ਤਿਆਰ ਨਹੀਂ ਉਲਟਾ ਸੁਪਰੀਮ ਕੋਰਟ ਵਲੋਂ ਜਾਰੀ ਹੁਕਮਾਂ ਨੂੰ ਲਾਗੂ ਕਰਨ 'ਚ ਬੇਵਸੀ ਵਿਖਾਉਂਦੀ ਹੈ। ਇਹੋ ਕਾਰਨ ਹੈ ਕਿ ਕੋਈ ਵੀ ਸਾਲ ਜਾਂ ਸਮਾਂ ਇਹੋ ਜਿਹਾ ਨਹੀਂ ਬੀਤਦਾ ਜਦੋਂ ਮਾਫੀਆ ਆਪਣਾ ਰੰਗ ਨਹੀਂ ਵਿਖਾਉਂਦਾ। ਉਸਦੀ ਤਾਕਤ ਕਾਰਨ ਪੁਲਿਸ ਪ੍ਰਸਾਸ਼ਨ ਉਤੇ ਹਮਲੇ ਵਧ ਰਹੇ ਹਨ। ਕਿਉਂਕਿ ਮਾਫੀਆ ਕੁਝ ਸਿਆਸਤਦਾਨਾਂ, ਕੁਝ ਅਫ਼ਸਰਾਂ ਦੀ ਤਿਕੜੀ ਗਠਜੋੜ ਕਾਰਨ ਵੱਡੀ ਤਾਕਤ ਫੜ ਚੁੱਕਾ ਹੈ। ਕਰੋੜਾਂ ਨਹੀਂ ਅਰਬਾਂ-ਖਰਬਾਂ ਦਾ ਉਹਨਾ ਦਾ ਕਾਰੋਬਾਰ ਹੈ। ਨਸ਼ੇ ਦੇ ਅੰਤਰਰਾਸ਼ਟਰੀ ਗ੍ਰੋਹਾਂ ਵਾਂਗਰ ਪੂਰੇ ਦੇਸ਼ 'ਚ ਉਹਨਾ ਦਾ ਜਾਲ ਵਿਛਿਆ ਹੋਇਆ ਹੈ, ਜੋ ਸਿਆਸਤ ਨੂੰ ਵੀ ਪ੍ਰਭਾਵਤ ਕਰਦਾ ਹੈ ਅਤੇ ਪ੍ਰਸਾਸ਼ਨ ਨੂੰ ਵੀ ਬੁਰੀ ਤਰ੍ਹਾਂ ਝੰਜੋੜਦਾ ਹੈ।



ਐਨ.ਜੀ.ਟੀ(ਨੈਸ਼ਨਲ ਗਰੀਨ ਟ੍ਰਿਬਿਊਨਲ) ਨੇ ਇੱਕ ਰਿਪੋਰਟ ਛਾਪੀ ਹੈ, ਜਿਸ ਅਨੁਸਾਰ ਗੁਰੂ ਗ੍ਰਾਮ, ਫਰੀਦਾਬਾਦ ਅਤੇ ਮੈਵਾੜ ਖੇਤਰ ਵਿੱਚ ਹੋਏ ਵੱਡੇ ਖਨਣ ਕਾਰਨ ਹਰਿਆਣਾ, ਦਿੱਲੀ ਅਤੇ ਉਤਰ ਪ੍ਰਦੇਸ਼ ਦੀ ਉਪਜਾਊ ਜ਼ਮੀਨ ਨੂੰ ਰੇਗਿਸਤਾਨ ਬਨਣ 'ਚ ਹੁਣ ਬਹੁਤ ਦੇਰ ਨਹੀਂ ਲੱਗੇਗੀ ।

ਵੱਡੇ ਨਜਾਇਜ਼ ਖਨਣ ਦੀਆਂ ਕੁਝ ਉਦਾਹਰਨਾਂ ਹੇਠ ਲਿਖਤ ਹਨ:-

1. ਗੁਰੂ ਗ੍ਰਾਮ ਨੂੰ ਆਧੁਨਿਕ ਸ਼ਹਿਰ ਬਨਾਉਣ ਲਈ ਦਸ ਹਜ਼ਾਰ ਏਕੜ ਕੁਦਰਤੀ ਸੁਰੱਖਿਆ ਖੇਤਰ ਨੂੰ ਬਿਲਕੁਲ ਤਬਾਹ ਕਰ ਦਿੱਤਾ ਗਿਆ। ਇਥੋਂ ਕੱਢੇ ਗਏ ਪੱਥਰ ਦੀ ਖਪਤ ਹਰਿਆਣਾ,ਰਾਜਸਥਾਨ ਅਤੇ ਦਿੱਲੀ ਦੇ ਭਵਨ ਅਤੇ ਸੜਕ ਨਿਰਮਾਣ ਵਿੱਚ ਹੁੰਦੀ ਹੈ।
2. ਨਜਾਇਜ਼ ਖਨਣ ਅਰਾਵਲੀ ਦੀਆਂ ਪਹਾੜੀਆਂ ਤੇ ਚੱਲ ਰਿਹਾ ਹੈ। ਇਹ ਖੇਤਰ ਹਰਿਆਣਾ ਰਾਜ ਦੇ ਨਾਲ-ਨਾਲ ਰਾਸ਼ਟਰੀ ਰਾਜਧਾਨੀ ਦਿੱਲੀ ਨੂੰ ਵੀ ਪ੍ਰਭਾਵਤ ਕਰਦਾ ਹੈ।
3. ਐਨ.ਜੀ.ਟੀ. ਅਨੁਸਾਰ ਗੁਰੂ ਗ੍ਰਾਮ , ਫ਼ਰੀਦਾਬਾਦ, ਮੈਵਾੜ ਖੇਤਰ ਵਿੱਚ ਵੱਡਾ ਨਜਾਇਜ਼/ ਜਾਇਜ਼ ਖਨਣ ਕੀਤਾ ਗਿਆ ਹੈ।
4. ਮੱਧ ਪ੍ਰਦੇਸ਼ ਦੀਆ ਸਤਪੁੜਾ ਅਤੇ ਬਿੰਦਿਆਚਲ ਪਰਬਤ ਸ਼੍ਰੇਣੀਆਂ ਅਤੇ ਕਈ ਨਦੀਆਂ ਦਾ ਵਜੂਦ ਸੰਕਟ ਵਿੱਚ ਹੈ।
5. ਗੁਜਰਾਤ ਦੀ ਸਾਬਰਮਤੀ ਨਦੀ ਵਿਚੋਂ ਇੰਨਾ ਨਜਾਇਜ਼ ਖਨਣ ਹੋਇਆ ਕਿ ਇਸਦੀ ਨਿਗਰਾਨੀ ਡਰੋਨ ਦੀ ਸਹਾਇਤਾ ਨਾਲ ਕੀਤੀ ਗਈ।
6. ਦੇਸ਼ ਵਿੱਚ ਹਰ ਸਾਲ 5000 ਕਰੋੜ ਟਨ ਰੇਤ ਕੱਢੀ ਜਾ ਰਹੀ ਹੈ ਅਤੇ ਭਾਰਤ ਸਮੇਤ 70 ਦੇਸ਼ਾਂ 'ਚ ਨਜਾਇਜ਼ ਖਨਣ ਹੁੰਦਾ ਹੈ।

ਪੰਜਾਬ ਵੀ ਨਜਾਇਜ਼ ਖਨਣ ਦੇ ਮਾਮਲੇ 'ਤੇ ਅਛੂਤਾ ਨਹੀਂ ਹੈ। ਪਿਛਲੇ ਦਹਾਕੇ ਦੀਆਂ ਚੋਣਾਂ 'ਚ ਰੇਤਾ ਮਾਫੀਆ ਵੱਡੀ ਚਰਚਾ ਦਾ ਵਿਸ਼ਾ ਰਿਹਾ ਹੈ। ਸਿਆਸੀ ਪਾਰਟੀਆਂ ਵਲੋਂ ਇਕ-ਦੂਜੇ ਉਤੇ ਦੂਸ਼ਨਬਾਜੀ ਕੀਤੀ ਗਈ ਹੈ। ਪੰਜਾਬ ਵਿੱਚ ਦਰਿਆਵਾਂ ਦੇ ਕਿਨਾਰਿਆਂ ਤੇ 200 ਤੋਂ 500 ਮੀਟਰ ਤੱਕ 3 ਮੀਟਰ ਡੂੰਘਾ ਰੇਤਾ ਪੁੱਟਿਆ ਜਾ ਰਿਹਾ ਹੈ ਅਤੇ ਸਰਕਾਰ ਵਲੋਂ ਰੇਤਾ ਖਾਣਾਂ ਨੀਅਤ ਹਨ ਪਰ ਤਾਕਤਵਰ ਰੇਤਾ ਮਾਫੀਆ ਲਗਾਤਾਰ ਇਸਦੀ ਉਲੰਘਣਾ ਕਰ ਰਿਹਾ ਹੈ । ਨਦੀਆਂ ਵਿੱਚ ਖਨਣ ਦਾ ਇਤਿਹਾਸ ਰਿਹਾ ਹੈ ਕਿ ਜਿੰਨੇ ਖਨਣ ਦੀ ਮਨਜ਼ੂਰੀ ਲਈ ਜਾਂਦੀ ਹੈ, ਉਸ ਤੋਂ ਵੱਧ ਖਨਣ ਮਿਲੀ ਭੁਗਤ ਨਾਲ ਹੁੰਦਾ ਹੈ। ਇਸ ਖਨਣ ਨਾਲ ਨਦੀਆਂ ਕਿਨਾਰੇ ਕਟਾਅ ਹੁੰਦਾ ਹੈ, ਧਰਤੀ ਅੰਦਰ ਧੱਸਦੀ ਹੈ। ਤੇ ਵਾਤਾਵਰਨ ਲਈ ਨਵਾਂ ਚੈਲੰਜ ਖੜ੍ਹਾ ਕਰਦਾ ਹੈ।

ਇੱਕ ਅੰਦਾਜ਼ੇ ਅਨੁਸਾਰ ਇਕੱਲੇ ਪੰਜਾਬ ਵਿੱਚ ਰੇਤ ਮਾਫੀਆ 20,000 ਕਰੋੜ ਸਲਾਨਾ ਦਾ ਨਜਾਇਜ਼ ਖਨਣ ਕਾਰੋਬਾਰ ਕਰਦਾ ਹੈ। ਉਂਜ ਕੁਲ ਮਿਲਾਕੇ 400 ਲੱਖ ਮੀਟਰਿਕ ਟਨ ਰੇਤਾ ਅਤੇ ਗਟਕਾ ਆਦਿ ਤਿੰਨ ਸਾਲਾਂ ਦੇ ਸਮੇਂ 'ਚ ਖਨਣ ਕਰਨ ਦੀ ਪੰਜਾਬ ਸਰਕਾਰ ਵਲੋਂ ਆਗਿਆ ਹੈ ਅਤੇ ਸਰਕਾਰ ਸਰਕਾਰੀ ਮਾਨਤਾ ਪ੍ਰਾਪਤ ਠੇਕੇਦਾਰਾਂ ਤੋਂ ਉਗਰਾਹੀ ਵੀ ਕਰਦੀ ਹੈ ਅਤੇ ਕੁਝ ਪੰਚਾਇਤਾਂ ਵੀ ਟੈਕਸ ਉਗਰਾਹੁਦੀਆਂ ਹਨ, ਪਰ ਨਜਾਇਜ਼ ਖਨਣ ਇਸ ਉਤੇ ਕਿਧਰੇ ਵੱਧ ਹੁੰਦਾ ਹੈ। ਚਾਂਦਪੁਰ ਰੁੜਕੀ, ਸ਼ਹੀਦ ਭਗਤ ਸਿੰਘ ਨਗਰ ਇਕ ਇਹੋ ਜਿਹਾ ਪਿੰਡ ਹੈ, ਜਿਥੇ ਨਜਾਇਜ਼ ਤੌਰ 'ਤੇ ਰੇਤ, ਬਜ਼ਰੀ, ਗਟਕਾ ਆਦਿ ਦਾ ਖਨਣ ਹੁੰਦਾ ਹੈ। ਪੰਜਾਬ 'ਚ ਖਨਣ ਮਾਫੀਆ ਗੁੰਡਾ ਟੈਕਸ ਵੀ ਉਗਰਾਹੁੰਦਾ ਹੈ ।ਇਸੇ ਕਰਕੇ ਰੇਤ ਦੇ ਭਾਅ ਸੱਤ ਅਸਮਾਨੀਂ ਚੜ੍ਹੇ ਹੋਏ ਹਨ।

ਕਰਨਾਟਕ, ਗੋਆ, ਹਰਿਆਣਾ, ਰਾਜਸਥਾਨ ਅਤੇ ਉੜੀਸਾ ਵਿੱਚ 1990 ਤੋਂ ਕੋਲਾ, ਲੋਹਾ, ਬਾਕਸਾਈਟ ਮੈਗਨੀਜ ਖਾਨਣ ਦਾ ਕਾਰੋਬਾਰ ਪ੍ਰਾਈਵੇਟ ਕੰਪਨੀਆਂ ਨੂੰ ਦਿੱਤਾ ਹੈ। ਉਦੋਂ ਤੋਂ ਹੀ ਨਜਾਇਜ਼ ਖਨਣ ਦੇ ਕਾਰੋਬਾਰ ਨੇ ਜ਼ੋਰ ਫੜਿਆ ਹੈ। ਭਾਰਤ ਵਿੱਚ ਇਹ ਸਕੈਮ 2 ਘੁਟਾਲੇ ਅਤੇ ਕਾਮਨਵੈਲਥ ਗੇਮਾਂ 'ਚ ਹੋਏ ਘੁਟਾਲੇ ਤੋਂ ਕਿਤੇ ਵੱਡਾ ਹੈ। ਪਰ ਇਸ ਦਾ ਅੰਦਾਜ਼ਾ ਲਗਾਉਣਾ ਔਖਾ ਹੈ ਕਿ ਸਰਕਾਰਾਂ ਨੂੰ ਕਿੰਨੇ ਅਰਬਾਂ,ਖਰਬਾਂ ਦਾ ਚੂਨਾ ਇਹ ਮਾਫੀਆ ਲੋਕ ਲਗਾ ਰਹੇ ਹਨ। ਮਹਾਂਰਾਸ਼ਟਰ, ਇੱਕ ਇਹੋ ਜਿਹਾ ਸੂਬਾ ਹੈ ਜਿੱਥੇ ਸਭ ਤੋਂ ਵੱਧ ਖਨਣ ਦੇ ਕੇਸ ਹਨ ਜਦਕਿ ਉੜੀਸਾ ਆਂਧਰਾ ਪ੍ਰਦੇਸ਼ ਨੇ ਖਨਣ ਦੇ ਮਾਮਲੇ 'ਚ ਮਾਫੀਆ ਨੂੰ ਨੱਥ ਪਾਈ ਹੈ ਅਤੇ ਇੱਥੇ ਸਾਲ ਦਰ ਸਾਲ ਨਜਾਇਜ਼ ਖਨਣ ਦੇ ਮਾਮਲੇ ਘਟੇ ਹਨ। ਉਂਜ ਕੋਲਾ ਸਕੈਮ ਦੇਸ਼ ਭਰ ਵਿੱਚ ਵੱਡਾ ਚਰਚਾ ਦਾ ਵਿਸ਼ਾ ਬਣਿਆ ਜਦੋਂ ਸਰਕਾਰੀ ਖਜ਼ਾਨੇ ਨੂੰ 1.86 ਟ੍ਰਿਲੀਅਨ ਰੁਪਿਆ ਦਾ ਚੂਨਾ ਲੱਗਿਆ। ਪਿਛਲੇ ਸਾਲ 226 ਕਰੋੜ ਦਾ ਧੰਦਾ ਖ਼ਾਸ ਤੌਰ 'ਤੇ ਖਣਿਜ ਪਦਾਰਥਾਂ ਦੇ ਖਨਣ ਕਾਰਨ ਹੋਇਆ। ਇਸ ਸਬੰਧੀ 766 ਕੇਸ ਦਰਜ ਹੋਏ 514 ਕੇਸਾਂ 'ਤੇ ਕਾਰਵਾਈ ਕੀਤੀ ਜਾ ਰਹੀ ਹੈ। ਸਾਲ 2010-11 ਵਿੱਚ ਗੈਰ ਕਾਨੂੰਨੀ ਖਣਿਜ ਖਨਣ ਦੇ 14204 ਕੇਸ ਦਰਜ਼ ਹੋਏ ਸਨ ਅਤੇ 43 ਲੱਖ ਟਨ ਦੀ ਮੁੱਖ ਖਣਿਜਾਂ ਦੀ ਗੈਰ ਕਾਨੂੰਨੀ ਮਾਇਨਿੰਗ ਕੀਤੀ ਗਈ।

ਖਨਣ ਨਾਲ ਪ੍ਰਦੂਸ਼ਨ ਵਧ ਰਿਹਾ ਹੈ ਅਤੇ ਸਾਡੀ ਸਿਹਤ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ, ਇਹੀ ਨਹੀਂ ਇਸ ਨਾਲ ਸਮਾਜਿਕ ਨਾ-ਬਰਾਬਰੀ 'ਚ ਵਾਧਾ ਹੋ ਰਿਹਾ ਹੈ। ਪਿਛਲੇ ਦਿਨਾਂ 'ਚ ਜਿਵੇਂ ਇਸਦੀ ਮੰਗ ਅਤੇ ਕੀਮਤ 'ਚ ਵਾਧਾ ਹੋਇਆ ਹੈ, ਉਸ ਕਾਰਨ ਨਦੀਆਂ ਅਤੇ ਸਮੁੰਦਰੀ ਤੱਟਾਂ ਦੀ ਸਥਿਤੀ ਉੱਤੇ ਬੁਰਾ ਪ੍ਰਭਾਵ ਪਿਆ ਹੈ।

ਗੈਰ ਜ਼ਿੰਮੇਵਾਰਾਨਾ ਤਰੀਕੇ ਨਾਲ ਕੀਤੇ ਜਾ ਰਹੇ ਖਨਣ ਦੇ ਚਲਦਿਆਂ ਨਦੀਆਂ ਅਤੇ ਸਮੁੰਦਰ ਕੰਢੇ ਵਸੇ ਲੋਕਾਂ, ਉਹਨਾ ਦੇ ਘਰਾਂ ਅਤੇ ਬੁਨਿਆਦੀ ਢਾਂਚੇ ਅਤੇ ਨਾਲ-ਨਾਲ ਉਹਨਾਂ ਦੀ ਅਰਥ ਵਿਵਸਥਾ ਦਾ ਵੀ ਨੁਕਸਾਨ ਹੋ ਰਿਹਾ ਹੈ। ਅੰਦਾਜ਼ੇ ਮੁਤਾਬਕ 300 ਕਰੋੜ ਲੋਕਾਂ ਦੇ ਜੀਵਨ ਨੂੰ ਇਸਨੇ ਦੁਨੀਆ ਭਰ 'ਚ ਪ੍ਰਭਾਵਿਤ ਕੀਤਾ ਹੈ। ਪਿਛਲੇ ਕੁਝ ਸਾਲਾਂ ਵਿੱਚ ਰੇਤ ਨੂੰ ਲੈ ਕੇ ਹੋਏ ਸੰਘਰਸ਼ਾਂ ਵਿੱਚ ਸੈਂਕੜੇ ਸਥਾਨਕ ਨਾਗਰਿਕ ਪੁਲਿਸ ਅਤੇ ਸਰਕਾਰੀ ਅਧਿਕਾਰੀ ਮਾਰੇ ਜਾ ਚੁੱਕੇ ਹਨ।

ਦੇਸ਼ ਵਿੱਚ ਵਿਕਾਸ ਦਾ ਇਹੋ ਜਿਹਾ ਸੰਤੁਲਿਤ ਅਤੇ ਆਦਰਸ਼ ਮਾਡਲ ਬਨਾਉਣ 'ਚ ਅਸੀਂ ਨਾਕਾਮ ਰਹੇ ਹਨ, ਸਿੱਟੇ ਵਜੋਂ ਖਨਣ ਬੇਇੰਤਹਾ ਹੋ ਰਿਹਾ ਹੈ। ਚਾਹੀਦਾ ਤਾਂ ਇਹ ਸੀ ਕਿ ਵਿਕਾਸ ਦੀ ਗਤੀਸ਼ੀਲਤਾ ਵੀ ਬਣੀ ਰਹਿੰਦੀ ਅਤੇ ਵਾਤਾਵਰਨ ਵੀ ਸੁਰੱਖਿਅਤ ਰੱਖਿਆ ਜਾਂਦਾ। ਆਧੁਨਿਕ ਵਿਕਾਸ ਦਾ ਅਧਾਰ ਕੁਦਰਤੀ ਰੱਖਿਆ ਹੈ, ਇਸ ਲਈ ਕੇਂਦਰ ਅਤੇ ਰਾਜ ਸਰਕਾਰਾਂ ਇਹੋ ਜਿਹੇ ਨੀਤੀਗਤ ਫ਼ੈਸਲੇ ਕਰਦੀਆਂ ਹਨ, ਜਿਹਨਾ ਨਾਲ ਹਰ ਪ੍ਰਕਾਰ ਦੇ ਨਿਰਮਾਣ ਕੰਮਾਂ 'ਚ ਕੋਈ ਅੜਿੱਕਾ ਨਾ ਪਵੇ ਖ਼ਾਸ ਤੌਰ 'ਤੇ ਭਵਨ ਅਤੇ ਸੜਕਾਂ ਦੇ ਨਿਰਮਾਣ ਵਿੱਚ। ਪਰ ਜਦ ਤੱਕ ਨਿਰਮਾਣ ਉਤੇ ਕੁਝ ਬੰਦਿਸ਼ ਲਗਾਉਂਦਿਆਂ, ਹੋਰ ਬਦਲਵੇਂ ਸਾਧਨ ਪੈਦਾ ਨਹੀਂ ਕੀਤੇ ਜਾਂਦੇ, ਉਦੋਂ ਤੱਕ ਜਾਇਜ਼/ ਨਜਾਇਜ਼ ਖਨਣ ਉਤੇ ਬੰਦਿਸ਼ ਲਗਾਉਣਾ ਔਖਾ ਹੈ। ਅੱਜ ਸੀਮਿੰਟ, ਕੰਕਰੀਟ ਅਤੇ ਲੋਹੇ ਦੀ ਵਰਤੋਂ ਨਾਲ ਆਧੁਨਿਕ ਵਿਕਾਸ ਜੋੜਿਆ ਜਾ ਚੁੱਕਾ ਹੈ। ਇਸੇ ਦੇ ਨਾਲ ਹੀ ਉਦਯੋਗਿਕ ਵਿਕਾਸ ਵਧਦਾ ਫੁਲਦਾ ਹੈ।

ਇਸ ਵਿਕਾਸ ਦੀ ਬੁਨਿਆਦ ਜਲ, ਜ਼ਮੀਨ ਅਤੇ ਜੰਗਲ ਤੇ ਟਿੱਕੀ ਹੈ ਜਦਕਿ ਖਣਿਜ, ਤੇਲ ਆਦਿ ਵੀ ਵਿਕਾਸ ਦੇ ਪਹਿਲੂ ਬਣ ਚੁੱਕੇ ਹਨ। ਇਸੇ ਕਰਕੇ ਇਹ ਖਾਣਾਂ ਦੇ ਭੰਡਾਰ ਤੇਜ਼ੀ ਨਾਲ ਘੱਟ ਰਹੇ ਹਨ।

ਇਸ ਨਾਲ ਕੁਦਰਤੀ ਸੰਤੁਲਨ ਵਿਗੜਦਾ ਜਾ ਰਿਹਾ ਹੈ। ਸਿੱਟੇ ਵਜੋਂ ਇਸ ਸੰਕਟ ਦੇ ਹੋਰ ਡੂੰਘਾ ਹੋਣ ਨਾਲ ਆਬਾਦੀ ਦੇ ਜੀਊਣ ਦਾ ਅਧਿਕਾਰ ਖਤਰੇ 'ਚ ਪੈਂਦਾ ਜਾ ਰਿਹਾ ਹੈ। ਕਿਉਂਕਿ ਕੁਦਰਤੀ ਖਜ਼ਾਨੇ ਜੇਕਰ ਲੁੱਟ ਲਏ ਜਾਣਗੇ ਤਾਂ ਸੰਵਿਧਾਨ ਦੀ ਧਾਰਾ ਇੱਕੀ ਵਿੱਚ ਦਿੱਤੇ ਜੀਊਣ ਦੇ ਅਧਿਕਾਰ ਦਾ ਆਖ਼ਿਰ ਕੀ ਅਰਥ ਰਹਿ ਜਾਏਗਾ?

# ਸਵਰਗ ਦਾ ਹੱਕਦਾਰ ਕੌਣ?



**ਬਲਰਾਜ ਸਿੰਘ ਸਿੱਧੂ ਕਮਾਂਡੈਂਟ**
**ਮੋ. 9501100062**

ਇੱਕ ਦਿਨ ਤਿੰਨ ਲੋਕ ਆਪਣੇ ਕਰਮਾਂ ਦਾ ਹਿਸਾਬ ਦੇਣ ਲਈ ਰੱਬ ਦੀ ਕਚਹਿਰੀ ਵਿੱਚ ਇਕੱਠੇ ਹੀ ਪਹੁੰਚ ਗਏ। ਉਨ੍ਹਾਂ ਵਿੱਚ ਇੱਕ ਧਰਮ ਦਾ ਠੇਕੇਦਾਰ, ਇੱਕ ਡਾਕਟਰ ਤੇ ਇੱਕ ਪੁਲਿਸ ਵਾਲਾ ਸੀ। ਰੱਬ ਨੇ ਉਨ੍ਹਾਂ ਤੋਂ ਧਰਤੀ ਉੱਪਰ ਕੀਤੇ ਚੰਗੇ ਮਾੜੇ ਕੰਮਾਂ ਦੀ ਤਫਤੀਸ਼ ਚਾਲੂ ਕੀਤੀ ਤਾਂ ਪਹਿਲਾਂ ਧਰਮ ਦਾ ਠੇਕੇਦਾਰ ਬੋਲਿਆ, ਉਮੈਂ ਫਲਾਣੇ ਧਰਮ ਸਥਾਨ ਦਾ ਠੇਕੇਦਾਰ ਸੀ। ਦਿਨ ਰਾਤ ਤੁਹਾਡੀ ਪੂਜਾ ਕੀਤੀ ਹੈ।" ਰੱਬ ਨੇ ਹੁੰਕਾਰ ਭਰੀ, ਉਮੈਂ ਤੇਰਾ ਅੰਧ ਭਗਤ ਨਹੀਂ ਜਿਸ ਨੂੰ ਬੇਵਕੂਫ ਬਣਾ ਸਕੇਂ। ਤੂੰ ਸਾਰੀ ਉਮਰ ਲੋਕਾਂ ਨੂੰ ਮੇਰੇ ਨਾਂ 'ਤੇ ਠੱਗਦਾ ਰਿਹਾਂ ਤੇ ਨਾਲੇ ਦੰਗੇ ਕਰਵਾ ਕੇ ਸੈਂਕੜੇ ਬੇਗੁਨਾਹਾਂ ਦੇ ਖ਼ੂਨ ਨਾਲ ਤੇਰੇ ਹੱਥ ਲਿਬੜੇ ਹੋਏ ਨੇ। ਲੈ ਜਾਉ ਇਸ ਪਾਪੀ ਨੂੰ ਨਰਕਾਂ ਵਿੱਚ ਤੇ ਚੰਗੀ ਤਰਾਂ ਸੜਦੇ ਬਲਦੇ ਤੇਲ ਵਿੱਚ ਉਬਾਲੋ।" ਫਿਰ ਉਹ ਡਾਕਟਰ ਵੱਲ ਹੋ ਗਿਆ। ਡਾਕਟਰ ਬੋਲਿਆ, ਉਮੈਂ ਸਾਰੀ ਜ਼ਿੰਦਗੀ ਲੋਕਾਂ ਦੀ ਸੇਵਾ ਕੀਤੀ ਹੈ। ਦਿਨ ਨੂੰ ਦਿਨ ਤੇ ਰਾਤ ਨੂੰ ਰਾਤ ਨਹੀਂ ਸਮਝਿਆ।" ਰੱਬ ਹੱਸ ਕੇ ਬੋਲਿਆ, ਉਵੈਸੇ ਤਾਂ ਡਾਕਟਰ ਰੱਬ ਦਾ ਰੂਪ ਹੁੰਦੇ ਆ, ਪਰ ਤੂੰ ਉਨ੍ਹਾਂ ਵਿੱਚੋਂ ਨਹੀਂ। ਤੇਰੇ ਵਰਗੀਆਂ ਕਾਲੀਆਂ ਭੇਡਾਂ ਨੇ ਹੀ ਇਸ ਪਵਿੱਤਰ ਪੇਸ਼ੇ ਨੂੰ ਬਦਨਾਮ ਕੀਤਾ ਹੋਇਆ ਹੈ। ਕਰੋਨਾ ਕਾਲ ਵੇਲੇ ਤੂੰ ਰੱਜ ਕੇ ਲੋਕਾਂ ਦਾ ਖ਼ੂਨ ਚੂਸਿਆ। ਗਰੀਬ ਤੋਂ ਗਰੀਬ ਬੰਦੇ ਨੂੰ ਵੀ ਨਹੀਂ ਸੀ ਬਖਸ਼ਿਆ, 25 - 25 ਲੱਖ ਦੇ ਬਿੱਲ ਬਣਾ ਦਿੱਤੇ ਸਨ। ਗਰੀਬ ਵਾਰਸਾਂ ਕੋਲ ਪੈਸੇ ਨਾ ਹੋਣ ਕਾਰਨ ਤੂੰ ਦਸ ਦਿਨ ਰਾਮ ਲਾਲ ਦੀ ਲਾਸ਼ ਨਹੀਂ ਸੀ ਦਿੱਤੀ। ਚੱਲ ਤੂੰ ਵੀ ਠੇਕੇਦਾਰ ਦੇ ਪਿੱਛੇ ਪਿੱਛੇ।"

ਦੋਵਾਂ ਨੂੰ ਭੁਗਤਾ ਕੇ ਭਰਵੱਟੇ ਚੜ੍ਹਾ ਕੇ ਰੱਬ ਨੇਪੁਲਿਸ ਵਾਲੇ ਵੱਲ ਵੇਖਿਆ, ਉਹਾਂ ਭਈ ਪੁਲਿਸ ਵਾਲਿਆ, ਤੇਰਾ ਕੀ ਕਰਾਂ ਮੈਂ ? ਤੁਸੀਂ ਤਾਂਚੱਜ ਦਾ ਕੰਮ ਈ ਨਹੀਂ ਕਰਦੇਕੋਈ। ਸਾਰੀ ਦੁਨੀਆਂ ਤਪੀ ਪਈ ਆ ਤੁਹਾਡੇ ਹੱਥੋਂ। ਚੱਲ ਤੂੰ ਵੀ ਮਗਰੇ ਮਗਰ।" ਪੁਲਿਸ ਵਾਲੇ ਦਾ ਦਿਲ ਕੰਬ ਉੱਠਿਆ, ਉਰੱਬ ਜੀ ਤੁਹਾਡਾ ਹੁਕਮ ਸਿਰ ਮੱਥੇ, ਪਰ ਮੈਨੂੰ ਇੱਕ ਮੌਕਾ ਤਾਂ ਦਿਉ ਆਪਣੇ ਕੰਮ ਦੱਸਣ ਦਾ।" ਰੱਬ ਨੇ ਅਣਮਣੇ ਜਿਹੇ ਦਿਲ ਨਾਲ ਸਿਰ ਹਿਲਾ ਕੇ ਸਹਿਮਤੀ ਦਿੱਤੀ ਤਾਂ ਪੁਲਿਸ ਵਾਲਾ ਫਰੰਟੀਅਰ ਮੇਲ ਵਾਂਗ ਚਾਲੂ ਹੋ ਗਿਆ, ਉਮੈਂ ਦਿਨ ਵੇਲੇ ਥਾਣੇ ਡਿਊਟੀ ਕਰਦਾ ਸੀ ਤੇ ਰਾਤ ਵੇਲੇ ਗਸ਼ਤ, ਤਾਂ ਜੋ ਦਿਨ ਭਰ ਦੇ ਕੰਮਾਂ ਕਾਰਾਂ ਦੇ ਥੱਕੇ ਟੁੱਟੇ ਲੋਕ ਚੈਨ ਨਾਲ ਸੌਂ ਸਕਣ। ਪਰ ਇਸ ਦੇ ਬਦਲੇ ਲੋਕਾਂ ਤੋਂ ਪ੍ਰਸੰਸਾ ਦੀ ਬਜਾਏ ਗਾਲ੍ਹਾਂ ਹਾਸਲ ਹੁੰਦੀਆਂ ਸਨ ਕਿ ਚੋਰੀਆਂ ਤਾਂ ਪੁਲਿਸ ਖੁਦ ਹੀ ਕਰਵਾਉਂਦੀ ਹੈ। ਤਪਦੀਆਂ ਧੁੱਪਾਂ ਅਤੇ ਹੱਡ ਕੜਕਾਉਂਦੀਆਂ ਠੰਡਾਂ ਵਿੱਚ ਸੜਕਾਂ 'ਤੇ ਖੜ੍ਹ ਕੇ ਟਰੈਫਿਕ ਡਿਊਟੀ ਕੀਤੀ। ਹਰ ਦੂਸਰੇ ਚੌਥੇ ਦਿਨ ਹੋਟਲ, ਸਰਾਵਾਂ, ਢਾਬੇ, ਬੈਂਕ, ਡਾਕਖਾਨੇ, ਧਾਰਮਿਕ ਸਥਾਨ, ਸਿਨੇਮੇ ਅਤੇ ਦਸ ਨੰਬਰੀਏ ਬਦਮਾਸ਼ ਚੈੱਕ ਕੀਤੇ। ਖਤਰਨਾਕ ਤੋਂ ਖਤਰਨਾਕ ਅੱਤਵਾਦੀ, ਕਾਤਲ, ਬਦਮਾਸ਼ ਅਤੇ ਬਲਾਤਕਾਰੀ ਗ੍ਰਿਫਤਾਰ ਕੀਤੇ, ਉਨ੍ਹਾਂ ਦੀ ਅਦਾਲਤ ਵਿੱਚ ਪੇਸ਼ੀ



ਕਰਵਾਈ ਤੇ ਜੇਲ੍ਹ ਛੱਡ ਕੇ ਆਇਆ। ਧਾਰਮਿਕ ਜਲਸੇ ਜਲੂਸਾਂ,ਨਗਰ ਕੀਰਤਨਾਂ, ਜਗਰਾਤਿਆਂ, ਕ੍ਰਿਸਮਸ, ਈਦ, ਮੇਲਿਆਂ 'ਤੇ ਬਿਨਾਂ ਕਿਸੇ ਧਾਰਮਿਕ ਭੇਦ ਭਾਵ ਦੇ ਸੁਰੱਖਿਆ ਅਤੇ ਟਰੈਫਿਕ ਡਿਊਟੀ ਕੀਤੀ। ਅਨੇਕਾਂ ਬੇਰੋਜ਼ਗਾਰਾਂ ਨੂੰ ਤਰਲੇ ਮਿੰਨਤਾਂ ਕਰ ਕੇ ਪਾਣੀ ਵਾਲੀਆਂ ਟੈਂਕੀਆਂ ਤੋਂ ਥੱਲੇ ਉਤਾਰਿਆ। ਘਟੀਆ ਤੋਂ ਘਟੀਆ ਲੀਡਰਾਂਨਾਲ ਗੰਨਮੈਨੀ ਕੀਤੀ ਤੇ ਉਨ੍ਹਾਂ ਦੀਆਂ ਰੈਲੀਆਂ ਦੀ ਸੁਰੱਖਿਆ ਕੀਤੀ ।ਇਲੈੱਕਸ਼ਨ ਵੇਲੇ ਡਿਊਟੀ ਕੀਤੀ ਤੇ ਸੈਂਕੜੇ ਛੋਟੀਆਂ ਵੱਡੀਆਂ ਚੋਣਾਂ ਸ਼ਾਂਤੀਪੂਰਵਕ ਸਿਰੇ ਚੜ੍ਹਾਈਆਂ। ਉਹ ਗੱਲ ਵੱਖਰੀ ਹੈ ਕਿ ਚੋਣਾਂ ਦੌਰਾਨ ਹੋਈਆਂ ਲੜਾਈਆਂ ਵਿੱਚ ਚਾਰ ਵਾਰ ਮੇਰਾ ਸਿਰ ਪਾਟਾ ਸੀ।

ਕਲਯੁੱਗੀ ਸਾਧੂ ਸੰਤਾਂ ਦੇ ਸਮਾਗਮਾਂ ਦੀ ਸੁਰੱਖਿਆ ਕੀਤੀ। ਸਮਾਜ ਦਾ ਖ਼ੂਨ ਚੂਸਣ ਵਾਲੀਆਂ ਇਨ੍ਹਾਂਜੋਕਾਂ ਦੇ ਅੱਗ ਲਾਊ ਪ੍ਰਵਚਨਾਂ ਕਾਰਨ ਹੋਏ ਫਿਰਕੂ ਦੰਗਿਆਂ ਦੀ ਅੱਗ ਨੂੰਜਾਨ 'ਤੇ ਖੇਡ ਕੇ ਕੰਟਰੋਲ ਕੀਤਾ। ਆਪਣੇ ਇਲਾਕੇ ਵਿੱਚ ਲੁੱਚੇ ਲਫੰਗੇ ਤੇ ਬਦਮਾਸ਼ਾਂ ਤੇ ਨਿਗ੍ਹਾ ਰੱਖੀ ਤੇ ਕੋਸ਼ਿਸ਼ ਕੀਤੀ ਕਿ ਕੋਈ ਅਪਰਾਧ ਨਾ ਹੋਵੇ। ਜੇ ਅਪਰਾਧ ਹੋ ਗਿਆ ਤਾਂ ਫੌਰਨ ਮੁਕੱਦਮਾ ਦਰਜ਼ ਕਰ ਕੇ ਸਿਆਸੀ ਦਖਲਅੰਦਾਜ਼ੀ ਦੇ ਬਾਵਜੂਦ ਮੁਜ਼ਰਿਮ ਨੂੰ ਗ੍ਰਿਫਤਾਰ ਕੀਤਾ। ਇਸ ਤੋਂ ਬਾਅਦ ਸਰਕਾਰੀ ਵਕੀਲਾਂ ਦੇ ਗੇੜੇ ਮਾਰ ਮਾਰ ਕੇ ਚਲਾਨ ਪਾਸ ਕਰਵਾ ਕੇਅਦਾਲਤ ਵਿੱਚ ਪੇਸ਼ ਕੀਤੇ ਅਤੇ ਗਵਾਹ ਭੁਗਤਾਏ। ਜੇ ਮੁਜ਼ਰਿਮ ਭਗੌੜਾ ਹੋ ਜਾਂਦਾ ਤਾਂ ਪਟਵਾਰੀ ਕੋਲੋਂ ਰਿਕਾਰਡ ਲੈ ਕੇ ਅਦਾਲਤ ਰਾਹੀਂ ਉਸ ਦੀ ਜਾਇਦਾਦ ਜ਼ਬਤ ਕਰਵਾਈ। ਬੇਸ਼ੁਮਾਰ ਚਲਾਨੀ ਡਿਊਟੀਆਂ ਕੀਤੀਆਂ, ਮੁਜ਼ਰਿਮਾਂ ਨੂੰ ਜੇਲ੍ਹਾਂ ਵਿੱਚੋਂ ਲਿਆਕੇ ਤੇ ਪੇਸ਼ੀ ਭੁਗਤਾ ਕੇ ਵਾਪਸ ਜੇਲ੍ਹ ਛੱਡ ਕੇ ਆਇਆ। ਜੇ ਮੁਜ਼ਰਿਮ ਜੇਲ੍ਹ ਵਿੱਚ ਬਿਮਾਰ ਹੋ ਕੇ ਹਸਪਤਾਲ ਦਾਖਲ ਹੁੰਦਾ ਸੀ ਤਾਂ ਉਸ ਦੀ ਗਾਰਦ ਡਿਊਟੀ ਕੀਤੀ। ਕਈ ਅਸਰ ਰਸੂਖ ਵਾਲੇ ਮੁਸ਼ਟੰਡੇ ਤਾਂ ਹਸਪਤਾਲ ਦੇ ਏ.ਸੀ. ਕਮਰੇ ਨੂੰ ਛੇ ਛੇ ਮਹੀਨੇ ਨਹੀਂ ਸੀ ਛੱਡਦੇ।

ਦਿਨ ਰਾਤ ਮਿਹਨਤ ਕਰ ਕੇ ਭਾਰੀ ਮਾਤਰਾ ਵਿੱਚ ਹੈਰੋਇਨ, ਸਮੈਕ, ਚਿੱਟਾ, ਅਫੀਮ, ਸ਼ਰਾਬ, ਭੰਗ ਅਤੇ ਭੁੱਕੀ ਦੀ ਬਰਾਮਦੀ ਕਰ ਕੇ ਸਮਾਜ ਨੂੰ ਨਸ਼ਿਆਂ ਦੇ ਕੋਹੜ ਤੋਂ ਬਚਾਉਣ ਦੀ ਕੋਸ਼ਿਸ਼ ਕੀਤੀ। ਜੇ ਕਿਤੇ ਲਾਵਾਰਿਸ ਲਾਸ਼ ਮਿਲ ਜਾਂਦੀ ਸੀ ਤਾਂ ਉਸ ਦੀ ਫੋਟੋ ਕਰਵਾਈ, ਫਿੰਗਰ ਪ੍ਰਿੰਟ ਲਏ, ਪੋਸਟ ਮਾਰਟਮ ਕਰਵਾਇਆ, ਕੱਪੜੇ ਕਬਜ਼ੇ ਵਿੱਚ ਲਏ ਅਤੇ ਅਖਬਾਰ ਵਿੱਚ ਉਸ ਦੀ ਫੋਟੋ ਦਿੱਤੀ ਤਾਂ ਜੋ ਵਿਚਾਰੇ ਦੀ ਸ਼ਨਾਖਤ ਹੋ ਸਕੇ। ਕੋਈ ਗੁੰਮ ਹੋ ਜਾਵੇ ਜਾਂ ਕੋਈ ਲੜਕੀ ਕਿਸੇ ਨਾਲ ਭੱਜ ਜਾਵੇ ਤਾਂ ਉਸ ਦੀ ਤਲਾਸ਼ ਕੀਤੀ। ਵਿਧਾਨ ਸਭਾ ਸ਼ੈਸ਼ਨ ਚੱਲਣ ਵੇਲੇ ਪੁਲਿਸ ਨਾਲ ਸਬੰਧਿਤ ਸਵਾਲ ਉੱਠਣ 'ਤੇ ਰਾਤੋ ਰਾਤ ਜਵਾਬ ਤਿਆਰ ਕੀਤੇ। ਪਾਸਪੋਰਟ, ਅਸਲ੍ਹਾ ਲਾਇਸੰਸ, ਡਰਾਈਵਿੰਗ ਲਾਇਸੰਸ ਅਤੇ ਅਜਿਹੇ ਹੋਰ ਸੈਂਕੜੇ ਕੰਮਾਂ ਲਈ ਲੋਕਾਂ ਦੀ ਵੈਰੀਫਿਕੇਸ਼ਨ ਕਰਵਾਈ। ਲੋਕਾਂ ਦੇ ਜਾਨ ਮਾਲ ਦੀ ਰਾਖੀਕਰਨ ਲਈ ਲੋਹੜੀ ਅਤੇ ਦੀਵਾਲੀ ਵਰਗੇ ਤਿਉਹਾਰ ਵੀ ਘਰ ਦੀ ਬਜਾਏ ਸ਼ਹਿਰ ਵਿੱਚ ਗਸ਼ਤ ਕਰਦੇ ਹੋਏ ਮਨਾਏ। ਸਮੇਂ 'ਤੇ ਛੁੱਟੀ ਨਾ ਮਿਲਣ ਕਰ ਕੇਕਿਸੇ ਵੀ ਪਰਿਵਾਰਿਕ ਸਮਾਗਮ ਵਿੱਚ ਨਾ ਜਾ ਸਕਿਆ ਜਿਸ ਕਾਰਨ ਸਾਰੇ ਰਿਸ਼ਤੇਦਾਰ ਨਰਾਜ਼ ਹੋ ਗਏ ਸਨ।

ਇਹੋ ਜਿਹੀਆਂ ਅਣਗਿਣਤ ਡਿਊਟੀਆਂ ਦੇ ਕਾਰਨ ਰੋਟੀ ਪਾਣੀ ਸਮੇਂ ਤੇ ਨਾ ਮਿਲਣ, ਕਸਰਤ ਦੀ ਅਣਹੋਂਦ ਅਤੇ ਟੈਨਸ਼ਨ ਕਾਰਨ ਮੈਂ ਅਨੇਕਾਂ ਬਿਮਾਰੀਆਂ ਨਾਲ ਗ੍ਰਸਤ ਹੋ ਗਿਆ ਸੀ। ਜਿਸ ਦਾ ਸਿੱਟਾ ਇਹ ਨਿਕਲਿਆ ਕਿ ਦਿਲ ਦੇ ਦੌਰੇ ਕਾਰਨ ਅਣਿਆਈ ਮੌਤੇ ਮਰ ਕੇਮੈਂ ਤੁਹਾਡੇ ਦਰਬਾਰ ਵਿੱਚ ਪਹੁੰਚ ਗਿਆ ਹਾਂ। ਇਸ ਤੋਂ ਪਹਿਲਾਂ ਕਿ ਪੁਲਿਸ ਵਾਲਾ ਕੁਝ ਹੋਰ ਬੋਲਦਾ, ਰੱਬ ਨੇ ਉਸ ਦੇ ਮੂੰਹ 'ਤੇ ਹੱਥ ਰੱਖ ਦਿੱਤਾ ਤੇ ਉਸ ਨੂੰ ਸਵਰਗ ਲੋਕ ਵੱਲ ਤੋਰ ਦਿੱਤਾ।

**ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।**



**Edmonton**
Sukhdev Singh Dhanoa
780 700 5022, 780 599 2000
Email: sukhdevdhanoa@gmail.com



**Regina**
Gurbinder Singh Gagowal
306 520 4313, 639 999 1000
Email: gur.gago@gmail.com



**Saskatoon**
Rishi Joshi
639 742 1200
639 999 1000
Rishijoshi1990 @hotmail.com



**Winnipeg**
Lakha Sehajpal Daudhar
204 891 0031
431 733 3000
lakhadaudhar007@gmail.com



**Winnipeg**
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

## ਖ਼ਬਰ ਪੰਜਾਬ ਤੋਂ ਆਈ ਐ ਬਈ--

### ਮੂਸੇਵਾਲਾ ਕਤਲ ਕਾਂਡ 'ਚ ਵੱਡਾ ਖ਼ੁਲਾਸਾ

# ਗੈਂਗਸਟਰ ਗੋਲਡੀ ਬਰਾੜ ਨੇ ਤਿਆਰ ਕੀਤੇ ਸਨ 9 ਸ਼ੂਟਰ

- ਆਖਰੀ ਮਿੰਟ 'ਤੇ 3 ਨੂੰ ਵਾਪਸ ਬੁਲਾਇਆ ਗਿਆ
- ਕੋਰੋਲਾ ਮਾਡਿਊਲ ਵਿੱਚ ਸਨ ਤੂਫ਼ਾਨ ਤੇ ਰਈਆ


ਮਨਦੀਪ ਸਿੰਘ
ਮੂਸੇਵਾਲ ਦੀ ਰੇਕੀ ਵਿੱਚ ਸ਼ਾਮਲ ਸਨ


ਮਨਪ੍ਰੀਤ ਸਿੰਘ ਮਨੀ
ਪੁਲਿਸ ਦੀ ਵਰਦੀ ਪਾ ਕੇ ਨਾਲ ਜਾਣਾ ਸੀ




ਚੰਡੀਗੜ੍ਹ (ਪੰਜਾਬੀ ਅਖ਼ਬਾਰ ਬਿਊਰੋ): ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਲਈ 6 ਨਹੀਂ ਸਗੋਂ 9 ਸ਼ਾਰਪਸ਼ੂਟਰ ਤਿਆਰ ਕੀਤੇ ਗਏ ਸਨ। ਇਨ੍ਹਾਂ ਵਿੱਚ ਮਨਦੀਪ ਸਿੰਘ ਉਰਫ਼ ਤੂਫਾਨ ਬਟਾਲਾ, ਮਨਪ੍ਰੀਤ ਸਿੰਘ ਉਰਫ ਮਨੀ ਰਈਆ ਅਤੇ ਇੱਕ ਹੋਰ ਸ਼ੂਟਰ ਸ਼ਾਮਲ ਸਨ। ਇਹ ਤਿੰਨੋਂ ਮੂਸੇਵਾਲਾ ਦੀ ਰੇਕੀ ਵਿੱਚ ਵੀ ਸ਼ਾਮਲ ਸਨ। 29 ਮਈ ਨੂੰ ਮੂਸੇਵਾਲਾ ਦੇ ਮਾਰੇ ਜਾਣ ਤੋਂ ਪਹਿਲਾਂ ਉਸਨੂੰ ਕਤਲੇਆਮ ਦੇ ਕੋਰੋਲਾ ਮਾਡਿਊਲ ਵਿੱਚ ਸ਼ਾਮਲ ਕੀਤਾ ਗਿਆ ਸੀ। ਗੋਲਡੀ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਮੂਸੇਵਾਲਾ ਦੇ ਕਤਲ ਲਈ ਜਗਰੂਪ ਰੂਪਾ ਅਤੇ ਮਨਪ੍ਰੀਤ ਮੰਨੂ ਦਾ ਸਾਥ ਦੇਣਗੇ।

ਮਾਨਸਾ ਦੇ ਜਵਾਹਰਕੇ ਵਿੱਚ 29 ਮਈ ਨੂੰ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਜਿਸ ਦੀ ਜ਼ਿੰਮੇਵਾਰੀ ਲਾਰੈਂਸ ਗੈਂਗ ਨੇ ਲਈ ਸੀ। ਪੁਲਿਸ ਦਾ ਦਾਅਵਾ ਹੈ ਕਿ ਲਾਰੈਂਸ ਨੇ ਤਿਹਾੜ ਜੇਲ੍ਹ ਵਿੱਚ ਸਾਜ਼ਿਸ਼ ਰਚੀ ਅਤੇ ਗੋਲਡੀ ਬਰਾੜ ਨੇ ਇਸ ਨੂੰ ਅੰਜਾਮ ਦਿੱਤਾ।

ਪਰ ਘਟਨਾ ਵਾਲੇ ਦਿਨ ਤੋਂ ਇੱਕ ਦਿਨ ਪਹਿਲਾਂ ਅਚਾਨਕ 28 ਮਈ ਨੂੰ ਗੋਲਡੀ ਬਰਾੜ ਨੇ ਉਨ੍ਹਾਂ ਨੂੰ ਵੱਖਰੀ ਕਾਰ ਵਿੱਚ ਉੱਥੇ ਜਾਣ ਲਈ ਕਿਹਾ। ਉਨ੍ਹਾਂ ਨੂੰ ਜਗਰੂਪ ਰੂਪਾ ਅਤੇ ਮਨਪ੍ਰੀਤ ਮੰਨੂ ਨੂੰ ਕਵਰ ਦੇਣ ਲਈ ਕਿਹਾ। ਉਨ੍ਹਾਂ ਲਈ ਵੱਖਰੀ ਕਾਰ ਖੜੀ ਸੀ। ਹਾਲਾਂਕਿ, ਅਚਾਨਕ ਗੋਲਡੀ ਨੇ ਤਿੰਨਾਂ ਨੂੰ ਉਥੋਂ ਇਲਾਕਾ ਖਾਲੀ ਕਰਨ ਲਈ ਕਿਹਾ। ਮੰਨਿਆ ਜਾ ਰਿਹਾ ਹੈ ਕਿ ਮੂਸੇਵਾਲਾ ਕੋਲ ਸੁਰੱਖਿਆ ਦੀ ਘਾਟ ਕਾਰਨ ਇਸ ਕਤਲ ਵਿੱਚ ਹੋਰ ਸ਼ੂਟਰ ਸ਼ਾਮਲ ਨਹੀਂ ਕੀਤੇ ਗਏ। ਦਿੱਲੀ ਪੁਲਿਸ ਦੀ ਜਾਂਚ ਵਿੱਚ ਇਹ ਗੱਲ ਸਾਹਮਣੇ ਆਈ ਹੈ।

**3 ਸ਼ਾਰਪਸ਼ੂਟਰ ਗ੍ਰਿਫ਼ਤਾਰ, 2 ਐਨਕਾਊਂਟਰ ਵਿੱਚ ਮਾਰੇ ਗਏ, ਇਕ ਫਰਾਰ**

ਸਿੱਧੂ ਮੂਸੇਵਾਲਾ ਕਤਲ ਕੇਸ ਵਿੱਚ ਹੁਣ ਤੱਕ 6 ਸ਼ਾਰਪਸ਼ੂਟਰਾਂ ਦੇ ਚਿਹਰੇ ਬੇਨਕਾਬ ਹੋ ਚੁੱਕੇ ਹਨ। ਇਨ੍ਹਾਂ 'ਚ ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਪ੍ਰਿਆਵਰਤ ਫੌਜੀ, ਅੰਕਿਤ ਸੇਰਸਾ ਅਤੇ ਕਸ਼ਿਸ਼ ਨੂੰ ਗ੍ਰਿਫਤਾਰ ਕੀਤਾ ਹੈ। ਜਗਰੂਪ ਰੂਪਾ ਅਤੇ ਮਨਪ੍ਰੀਤ ਮੰਨੂ ਅੰਮ੍ਰਿਤਸਰ ਵਿੱਚ ਐਨਕਾਊਂਟਰ ਵਿੱਚ ਮਾਰੇ ਗਏ ਸਨ। ਛੇਵਾਂ ਸ਼ਾਰਪਸ਼ੂਟਰ ਦੀਪਕ ਮੁੰਡੀ ਅਜੇ ਫਰਾਰ ਹੈ। ਜਿਸ ਬਾਰੇ ਇਨਪੁਟ ਪੰਜਾਬ ਪੁਲਿਸ ਨੂੰ ਵੀ ਭੇਜ ਦਿੱਤੀ ਗਈ ਹੈ।

**ਸੋਸ਼ਲ ਮੀਡੀਆ 'ਤੇ ਸਪੱਸ਼ਟੀਕਰਨ**

ਮੂਸੇਵਾਲਾ ਦੇ ਕਤਲ ਤੋਂ ਬਾਅਦ ਪੈਦਾ ਹੋਏ ਹੰਗਾਮੇ ਦੇ ਮੱਦੇਨਜ਼ਰ ਗੈਂਗਸਟਰ ਤੂਫਾਨ ਬਟਾਲਾ ਅਤੇ ਮਨੀ ਰਈਆ ਸੋਸ਼ਲ ਮੀਡੀਆ 'ਤੇ ਸਪੱਸ਼ਟੀਕਰਨ ਦੇ ਰਹੇ ਹਨ। ਜਿਸ ਵਿੱਚ ਉਹ ਕਹਿ ਰਿਹਾ ਹੈ ਕਿ ਉਨ੍ਹਾਂ ਦਾ ਮੂਸੇਵਾਲਾ ਕਤਲ ਕਾਂਡ ਨਾਲ ਕੋਈ ਸਬੰਧ ਨਹੀਂ ਹੈ। ਦੋਵੇਂ ਗੈਂਗਸਟਰ ਜੱਗੂ ਭਗਵਾਨਪੁਰੀਆ ਦੇ ਖਾਸ ਹਨ। ਦੋਵੇਂ ਗੈਂਗਸਟਰ ਮੂਸੇਵਾਲਾ ਦੇ ਕਤਲ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਮੰਤਰੀ ਨਿਰਮਲ ਸਿੰਘ ਦੇ ਭਤੀਜੇ ਸੰਦੀਪ ਕਾਹਲੋਂ ਦੇ ਘਰ ਠਹਿਰੇ ਸਨ।

# 'ਆਪ' ਸਰਕਾਰ ਨੇ ਵਿਨੋਦ ਘਈ ਨੂੰ ਏ.ਜੀ. ਬਣਾਇਆ ਤੇ ਕਾਂਗਰਸ ਨੇ ਭਰਾ ਬਿਪਿਨ ਘਈ ਨੂੰ ਲੀਗਲ ਸੈਲ ਦਾ ਚੇਅਰਮੈਨ ਲਗਾਇਆ



ਚੰਡੀਗੜ੍ਹ (ਪੰਜਾਬੀ ਅਖ਼ਬਾਰ ਬਿਊਰੋ): ਪੰਜਾਬ 'ਚ ਐਡਵੋਕੇਟ ਜਨਰਲ ਨੂੰ ਲੈ ਕੇ ਨਵਾਂ ਹੰਗਾਮਾ ਖੜ੍ਹਾ ਹੋ ਗਿਆ ਹੈ। ਆਮ ਆਦਮੀ ਪਾਰਟੀ (ਆਪ) ਸਰਕਾਰ ਦੇ ਨਵੇਂ ਐਡਵੋਕੇਟ ਜਨਰਲ (ਏਜੀ) ਨੇ ਵਿਨੋਦ ਘਈ ਦੇ ਭਰਾ ਐਡਵੋਕੇਟ ਬਿਪਿਨ ਘਈ ਨੂੰ ਲੀਗਲ ਸੈੱਲ ਦਾ ਚੇਅਰਮੈਨ ਨਿਯੁਕਤ ਕੀਤਾ ਹੈ। ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕੱਲ੍ਹ ਸੂਚੀ ਜਾਰੀ ਕੀਤੀ। ਐਡਵੋਕੇਟ ਬਿਪਿਨ ਘਈ ਕਾਂਗਰਸ ਦੇ ਕਾਨੂੰਨੀ, ਮਨੁੱਖੀ ਅਧਿਕਾਰ ਅਤੇ ਆਰਟੀਆਈ ਵਿਭਾਗਾਂ ਦੀ ਦੇਖਭਾਲ ਕਰਨਗੇ। ਇਸ ਦੇ ਨਾਲ ਹੀ ਬੇਅਦਬੀ ਮਾਮਲੇ 'ਚ ਰਾਮ ਰਹੀਮ ਦੇ ਵਕੀਲ ਹੋਣ ਕਾਰਨ ਬਹਿਬਲ ਕਲਾਂ ਇਨਸਾਫ਼ ਮੋਰਚਾ ਨੇ ਵੀ ਸਰਕਾਰ ਤੋਂ ਐਡਵੋਕੇਟ ਜਨਰਲ ਨੂੰ ਹਟਾਉਣ ਦੀ ਮੰਗ ਕੀਤੀ ਹੈ।

**ਏਜੀ ਨੂੰ ਲੈ ਕੇ ਵਿਵਾਦ**

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੋਟੀ ਦੇ ਅਪਰਾਧਿਕ ਵਕੀਲ ਵਿਨੋਦ ਘਈ ਦੀ ਨਿਯੁਕਤੀ ਨੂੰ ਲੈ ਕੇ ਵਿਵਾਦ ਖੜ੍ਹਾ ਹੋ ਗਿਆ ਹੈ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀ ਡੇਰਾ ਸੱਚਾ ਸੌਦਾ ਮੁਖੀ ਰਾਮ ਰਹੀਮ ਦਾ ਵਕੀਲ ਰਿਹਾ ਹੈ। ਵਿਰੋਧੀ ਪਾਰਟੀਆਂ ਤੋਂ ਇਲਾਵਾ ਸਿੱਖ ਜਥੇਬੰਦੀਆਂ ਵੀ ਉਸ ਦੀ ਨਿਯੁਕਤੀ ਦਾ ਵਿਰੋਧ ਕਰ ਰਹੀਆਂ ਹਨ। ਬਹਿਬਲ ਕਲਾਂ ਇਨਸਾਫ਼ ਮੋਰਚਾ, ਜੋ ਕਿ 2015 ਵਿੱਚ ਫਰੀਦਕੋਟ ਵਿੱਚ ਬੇਅਦਬੀ ਅਤੇ ਗੋਲੀਬਾਰੀ ਦੇ ਮਾਮਲੇ ਵਿੱਚ ਇਨਸਾਫ਼ ਦੀ ਮੰਗ ਕਰ ਰਿਹਾ ਹੈ, ਵੀ ਉਸ ਦੀ ਨਿਯੁਕਤੀ ਦੇ ਖ਼ਿਲਾਫ਼ ਹੈ। ਮੋਰਚੇ ਨੇ ਮੰਗ ਕੀਤੀ ਕਿ ਐਡਵੋਕੇਟ ਜਨਰਲ ਨੂੰ ਹਟਾਇਆ ਜਾਵੇ।

**ਭਾਜਪਾ ਸੰਸਦ ਮੈਂਬਰ ਨਾਲ ਦੇਖਿਆ ਗਿਆ**

ਇਸ ਤੋਂ ਪਹਿਲਾਂ ਸੀਨੀਅਰ ਵਕੀਲ ਵਿਨੋਦ ਘਈ ਅਤੇ ਉਨ੍ਹਾਂ ਦੇ ਭਰਾ ਬਿਪਿਨ ਘਈ ਨੂੰ ਚੰਡੀਗੜ੍ਹ ਤੋਂ ਭਾਜਪਾ ਸੰਸਦ ਮੈਂਬਰ ਕਿਰਨ ਖੇਰ ਨਾਲ ਦੇਖਿਆ ਜਾ ਚੁੱਕਾ ਹੈ। ਇਹ ਫੋਟੋ ਕਿਰਨ ਖੇਰ ਨੇ ਖੁਦ ਟਵੀਟ ਕੀਤੀ ਹੈ। ਜਿਸ ਵਿੱਚ ਉਹ ਐਡਵੋਕੇਟ ਘਈ ਦੇ ਘਰ ਬੈਠੇ ਹਨ। ਹਾਲਾਂਕਿ ਐਡਵੋਕੇਟ ਬਿਪਿਨ ਘਈ ਨੇ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਦਾ ਕਿਸੇ ਵੀ ਪਾਰਟੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

# ਮਜੀਠੀਆ ਦੀ ਜ਼ਮਾਨਤ 'ਤੇ ਫ਼ੈਸਲਾ ਰਾਖਵਾਂ

ਚੰਡੀਗੜ੍ਹ (ਪੰਜਾਬੀ ਅਖ਼ਬਾਰ ਬਿਊਰੋ): ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਸੀਨੀਅਰ ਅਕਾਲੀ ਆਗੂ ਸਾਬਕਾ ਮੰਤਰੀ ਬਿਕਰਮ ਮਜੀਠੀਆ ਦੀ ਜ਼ਮਾਨਤ 'ਤੇ ਫੈਸਲਾ ਸੁਰੱਖਿਅਤ ਰੱਖ ਲਿਆ ਹੈ। ਇਸ ਤੋਂ ਪਹਿਲਾਂ ਦੋਵਾਂ ਧਿਰਾਂ ਦੇ ਵਕੀਲਾਂ ਵਿਚਾਲੇ ਤਿੱਖੀ ਬਹਿਸ ਹੋਈ। ਮਜੀਠੀਆ ਦੇ ਵਕੀਲਾਂ ਨੇ ਕਿਹਾ ਕਿ ਸਿਆਸੀ ਰੰਜਿਸ਼ ਕਾਰਨ ਉਸ ਨੂੰ ਇਸ ਕੇਸ ਵਿੱਚ ਫਸਾਇਆ ਗਿਆ ਹੈ। ਬਹਿਸ ਪੂਰੀ ਹੋਣ ਤੋਂ ਬਾਅਦ ਹਾਈਕੋਰਟ ਨੇ ਫੈਸਲਾ ਰਾਖਵਾਂ ਰੱਖਣ ਲਈ ਕਿਹਾ।

ਮਜੀਠੀਆ ਖਿਲਾਫ ਨਸ਼ੇ ਦਾ ਮਾਮਲਾ ਦਰਜ ਕੀਤਾ ਗਿਆ ਹੈ। ਇਸ ਸਮੇਂ ਉਹ ਪਟਿਆਲਾ ਕੇਂਦਰੀ ਜੇਲ੍ਹ ਵਿੱਚ ਬੰਦ ਹੈ। ਹਾਈ ਕੋਰਟ ਦੀ ਡਬਲ ਬੈਂਚ ਇਸ ਦੀ ਸੁਣਵਾਈ ਕਰ ਰਹੀ ਹੈ। ਸੁਣਵਾਈ ਦੌਰਾਨ ਉਨ੍ਹਾਂ ਦੀ ਵਿਧਾਇਕ ਪਤਨੀ ਗਿਆਨ ਕੌਰ ਮਜੀਠੀਆ ਵੀ ਹਾਈਕੋਰਟ 'ਚ ਮੌਜੂਦ ਸਨ। ਪਹਿਲੇ ਦੋ ਜੱਜਾਂ ਨੇ ਮਜੀਠੀਆ ਦੀ ਜ਼ਮਾਨਤ ਪਟੀਸ਼ਨ 'ਤੇ ਸੁਣਵਾਈ ਤੋਂ ਖੁਦ ਨੂੰ ਵੱਖ ਕਰ ਲਿਆ ਸੀ। ਮਜੀਠੀਆ 24 ਫਰਵਰੀ ਤੋਂ ਜੇਲ੍ਹ ਵਿੱਚ ਹਨ।



**ਤੀਜੇ ਬੈਂਚ ਦੀ ਸੁਣਵਾਈ**

ਬਿਕਰਮ ਮਜੀਠੀਆ ਨੇ ਇਸ ਸਾਲ 24 ਫਰਵਰੀ ਨੂੰ ਆਤਮ ਸਮਰਪਣ ਕੀਤਾ ਸੀ। ਕੁਝ ਮਹੀਨੇ ਪਹਿਲਾਂ ਉਹ ਨਸ਼ਿਆਂ ਦੇ ਕੇਸ ਨੂੰ ਖਾਰਜ ਕਰਵਾਉਣ ਲਈ ਸੁਪਰੀਮ ਕੋਰਟ ਗਏ ਸਨ। ਸੁਪਰੀਮ ਕੋਰਟ ਨੇ ਉਨ੍ਹਾਂ ਨੂੰ ਹਾਈ ਕੋਰਟ ਜਾਣ ਲਈ ਕਿਹਾ। ਹਾਈ ਕੋਰਟ ਦੇ ਚੀਫ਼ ਜਸਟਿਸ ਨੇ ਇਸ ਤੋਂ ਪਹਿਲਾਂ ਜਸਟਿਸ ਏ.ਜੀ. ਮਸੀਹ ਅਤੇ ਜਸਟਿਸ ਸੰਦੀਪ ਮੌਦਗਿਲ ਦੀ ਬੈਂਚ ਦਾ ਗਠਨ ਕੀਤਾ ਸੀ। ਇਨ੍ਹਾਂ ਵਿੱਚੋਂ ਜਸਟਿਸ ਮਸੀਹ ਨੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਬਾਅਦ ਇਹ ਕੇਸ ਜਸਟਿਸ ਰਾਓ ਅਤੇ ਜਸਟਿਸ ਅਨੂਪ ਚਿਤਕਾਰਾ ਦੀ ਬੈਂਚ ਕੋਲ ਭੇਜ ਦਿੱਤਾ ਗਿਆ। ਜਸਟਿਸ ਅਨੂਪ ਚਿਤਕਾਰਾ ਨੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ। ਹੁਣ ਜਸਟਿਸ ਰਾਮਚੰਦਰ ਰਾਓ ਅਤੇ ਜਸਟਿਸ ਸੁਰੇਸ਼ਵਰ ਠਾਕੁਰ ਦੀ ਬੈਂਚ ਇਸ ਦੀ ਸੁਣਵਾਈ ਕਰ ਰਹੀ ਹੈ।

**ਮਜੀਠੀਆ 'ਤੇ ਲੱਗੇ ਗੰਭੀਰ ਦੋਸ਼**

ਡਰੱਗਜ਼ ਮਾਮਲੇ 'ਚ ਮਜੀਠੀਆ 'ਤੇ ਗੰਭੀਰ ਦੋਸ਼ ਲੱਗੇ ਹਨ। ਇਸ ਵਿਚ ਕਿਹਾ ਗਿਆ ਹੈ ਕਿ ਕੈਨੇਡੀਅਨ ਨਸ਼ਾ ਤਸਕਰ ਸਤਪ੍ਰੀਤ ਸੱਤਾ ਮਜੀਠੀਆ ਦੀ ਅੰਮ੍ਰਿਤਸਰ ਵਿਚ ਅਤੇ ਚੰਡੀਗੜ੍ਹ ਵਿਚ ਸਰਕਾਰੀ ਕੋਠੀ ਵਿਚ ਵੀ ਰਹਿੰਦਾ ਰਿਹਾ। ਇੱਥੋਂ ਤੱਕ ਕਿ ਮਜੀਠੀਆ ਨੇ ਉਸ ਨੂੰ ਕਾਰ ਅਤੇ ਗੰਨਮੈਨ ਵੀ ਦਿੱਤੇ ਸਨ। ਮਜੀਠੀਆ ਚੋਣਾਂ ਲਈ ਨਸ਼ਾ ਤਸਕਰਾਂ ਤੋਂ ਫੰਡ ਲੈਂਦਾ ਰਿਹਾ। ਇਸ ਤੋਂ ਇਲਾਵਾ ਉਹ ਦਬਾਅ ਪਾ ਕੇ ਨਸ਼ਾ ਕਰਦਾ ਰਿਹਾ। ਉਸ 'ਤੇ ਨਸ਼ਾ ਤਸਕਰਾਂ ਵਿਚਾਲੇ ਸਮਝੌਤਾ ਕਰਨ ਦਾ ਵੀ ਦੋਸ਼ ਹੈ। ਹਾਲਾਂਕਿ ਅਕਾਲੀ ਦਲ ਇਸ ਨੂੰ ਸਿਆਸੀ ਬਦਲਾਖੋਰੀ ਦੀ ਕਾਰਵਾਈ ਕਰਾਰ ਦਿੰਦਾ ਰਿਹਾ ਹੈ।

# ਹੜ੍ਹ ਮਾਰੇ ਕਿਸਾਨਾਂ ਨੂੰ ਰਾਹਤ ਦੇਣ ਲਈ ਵਿਸ਼ੇਸ਼ ਫੰਡਾਂ ਦੀ ਵਿਵਸਥਾ ਕੀਤੀ ਜਾਵੇ : ਸੁਖਬੀਰ ਸਿੰਘ ਬਾਦਲ

ਅਬੋਹਰ (ਪੰਜਾਬੀ ਅਖ਼ਬਾਰ ਬਿਊਰੋ): ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਅੱਜ ਮੰਗ ਕੀਤੀ ਕਿ ਆਮ ਆਦਮੀ ਪਾਰਟੀ ਸਰਕਾਰ ਉਹਨਾਂ ਹਜ਼ਾਰਾਂ ਕਿਸਾਨਾਂ ਜਿਹਨਾਂ ਦੀਆਂ ਫਸਲਾਂ ਤੇ ਬਾਗ, ਭਾਰੀ ਬਰਸਾਤਾਂ ਕਾਰਨ ਤਬਾਹ ਹੋ ਗਏ ਹਨ, ਨੂੰ ਰਾਹਤ ਪ੍ਰਦਾਨ ਕਰਨ ਲਈ ਵਿਸ਼ੇਸ਼ ਫੰਡਾਂ ਦੀ ਵਿਵਸਥਾ ਕਰੇ ਤੇ ਨਾਲ ਹੀ ਪ੍ਰਭਾਵਤ ਇਲਾਕਿਆਂ ਵਿਚੋਂ ਪਾਣੀ ਕੱਢਣ ਵਾਸਤੇ ਢੁਕਵੇਂ ਕਦਮ ਚੁੱਕੇ।

ਅਕਾਲੀ ਦਲ ਦੇ ਆਗੂ ਨੇ ਆਪਣੇ ਕੋਲੋਂ ਹੀ ਲੰਬੀ ਹਲਕੇ ਦੇ ਪੰਦਰਾਂ ਪਿੰਡਾਂ ਵਿਚੋਂ ਪਾਣੀ ਕੱਢਣ ਲਈ ਮੋਟਰ ਪੰਪ ਤੇ ਪਾਈਪਾਂ ਪ੍ਰਦਾਨ ਕੀਤੀਆਂ ਹਨ ਤੇ ਨਾਲ ਹੀ ਅਕਾਲੀ ਵਰਕਰਾਂ ਨੂੰ ਅਪੀਲ ਕੀਤੀ ਹੈ ਕਿ ਪ੍ਰਭਾਵਤ ਇਲਾਕਿਆਂ ਵਿਚ ਬਿਮਾਰੀਆਂ ਫੈਲਣ ਤੋਂ ਰੋਕਣ ਲਈ ਕੀਟਨਾਸ਼ਕਾਂ ਦੇ ਛਿੜਕਾਅ ਵਾਸਤੇ ਮੁਹਿੰਮ ਚਲਾਉਣ। ਸਰਦਾਰ ਸੁਖਬੀਰ ਸਿੰਘ ਬਾਦਲ ਨੇ ਇਹ ਵੀ ਐਲਾਨ ਕੀਤਾ ਕਿ ਅਕਾਲੀ ਦਲ ਦੀ ਅਨੁਸ਼ਾਸਨੀ ਕਮੇਟੀ ਦਾ ਗਠਨ ਜਲਦੀ ਹੀ ਕੀਤਾ ਜਾਵੇਗਾ ਤੇ ਪਾਰਟੀ ਦਾ ਅਨੁਸ਼ਾਸਨ ਭੰਗ ਕਰਨ ਵਾਲਾ ਕੋਈ ਵੀ ਪਾਰਟੀ ਵਿਚ ਨਹੀਂ ਰਹੇਗਾ। ਇਸ ਗੰਭੀਰ ਸੰਕਟ ਵੇਲੇ ਆਮ ਆਦਮੀ ਪਾਰਟੀ ਵੱਲੋਂ ਲੋਕਾਂ ਪ੍ਰਤੀ ਬਣਦੀ ਜ਼ਿੰਮੇਵਾਰੀ ਤੋਂ ਭੱਜਣ ਦੇ ਤਰੀਕੇ 'ਤੇ ਹੈਰਾਨੀ ਪ੍ਰਗਟ ਕਰਦਿਆਂ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਛੇ ਮੰਤਰੀ ਤੇ ਮੁੱਖ ਮੰਤਰੀ ਆਪ ਜ਼ਿਲ੍ਹੇ ਦਾ ਦੌਰਾ ਕਰ ਚੁੱਕੇ ਹਨ ਪਰ ਹਾਲੇ ਤੱਕ ਵਿਸ਼ੇਸ਼ ਗਿਰਦਾਵਰੀ ਸ਼ੁਰੂ ਨਹੀਂ ਹੋਈ। ਉਹਨਾਂ ਕਿਹਾ ਕਿ ਮੈਂ ਪ੍ਰਸ਼ਾਸਨ ਨਾਲ ਗੱਲ ਕੀਤੀ ਹੈ ਤੇ ਉਹਨਾਂ ਮੈਨੂੰ ਦੱਸਿਆ ਹੈ ਕਿ ਕੋਈ ਵੀ ਰਾਹਤ ਇਸ ਲਈ ਪ੍ਰਦਾਨ ਨਹੀਂ ਕੀਤੀ ਜਾ ਰਹੀ ਕਿਉਂਕਿ ਸਰਕਾਰ ਤੋਂ ਕੋਈ ਹਦਾਇਤ ਨਹੀਂ ਮਿਲੀ। ਉਹਨਾਂ ਮੰਗ ਕੀਤੀ ਕਿ ਸਾਰੇ ਕਿਸਾਨ ਜਿਹਨਾਂ ਦੀਆਂ ਫਸਲਾਂ ਤੇ ਬਾਗ ਭਾਰੀ ਬਰਸਾਤਾਂ ਤੇ ਹੜ੍ਹਾਂ ਕਾਰਨ ਤਬਾਹ ਹੋਏ ਹਨ, ਉਹਨਾਂ ਨੂੰ 30 ਹਜ਼ਾਰ ਰੁਪਏ ਪ੍ਰਤੀ ਏਕੜ ਦਾ ਮੁਆਵਜ਼ਾ ਦਿੱਤਾ ਜਾਵੇ। ਉਹਨਾਂ ਕਿਹਾ ਕਿ ਠੇਕੇ 'ਤੇ ਖੇਤੀ ਕਰਦੇ ਕਿਸਾਨਾਂ ਨੂੰ ਮੁਆਵਜ਼ਾ ਦੇਣ ਵਿਚ ਪਹਿਲ ਕੀਤੀ ਜਾਵੇ ਤੇ ਉਹਨਾਂ ਨੇ ਪਿੰਡ ਰੁਕਣਪੁਰਾ ਖੂਈ ਖੇੜਾ ਦੇ ਠੇਕੇ 'ਤੇ ਖੇਤੀ ਕਰਦੇ ਕਿਸਾਨ ਦਾ ਹਵਾਲਾ ਦਿੱਤਾ ਜਿਸਦੀ 60 ਏਕੜ ਵਿਚ ਖੜ੍ਹੀ ਫਸਲ ਤਬਾਹ ਹੋ ਗਈ ਹੈ। ਉਹਨਾਂ ਜ਼ੋਰ ਦੇ ਕੇ ਕਿਹਾ ਕਿ ਜਿਹੜੇ ਕਿਸਾਨਾਂ ਦੀ ਨਰਮੇ ਤੇ ਝੋਨੇ ਦੀ ਫਸਲ ਤਬਾਹ ਹੋਈ ਹੈ ਤੇ ਉਹਨਾਂ ਦੇ ਕਿੰਨੂਆਂ ਦੇ ਬਾਗ ਘਬਾਹ ਹੋਏ ਹਨ, ਉਹਨਾਂ ਦੇ ਮਜ਼ਦੂਰਾਂ ਦੀ ਹਾਲਾਤ ਵੀ ਬਹੁਤ ਖਰਾਬ ਹੈ। ਉਹਨਾਂ ਦੱਸਿਆ ਕਿ ਦਿਹਾੜੀਦਾਰਾਂ ਨੇ ਉਹਨਾਂ ਕੋਲ ਪਹੁੰਚ ਕੀਤੀ ਹੈ ਤੇ ਦੱਸਿਆ ਹੈ ਕਿ ਫਸਲਾਂ ਤਬਾਹ ਹੋਣ ਕਾਰਨ ਉਹਨਾਂ ਕੋਲ ਕੋਈ ਕੰਮ ਨਹੀਂ ਹੈ ਤੇ ਸਰਕਾਰ ਨੂੰ ਉਹਨਾਂ ਨੂੰ ਰਾਹਤ ਦੇਣੀ ਚਾਹੀਦੀ ਹੈ। ਸਰਦਾਰ ਬਾਦਲ ਨੇ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਡਰੇਨਾਂ ਦੀ ਸਫਾਈ ਨਾ ਕਰਨ ਦੀ ਵੀ ਨਿਖੇਧੀ ਕੀਤੀ ਤੇ ਕਿਹਾ ਕਿ ਇਸ ਨਾਲ ਸਮੱਸਿਆ ਹੋਰ ਗੰਭੀਰ ਹੋਈ ਹੈ।



ਉਹਨਾਂ ਕਿਹਾ ਕਿ ਸੇਮ ਨਾਲਾ ਜੋ ਇਲਾਕੇ ਵਿਚ ਬਣਾਇਆ ਸੀ, ਉਸਦੀ ਸਫਾਈ ਨਹੀਂ ਹੋਈ ਤੇ ਉਹ ਜੰਗਲ ਬਣਿਆ ਪਿਆ ਹੈ। ਉਹਨਾਂ ਨੇ ਅਬੋਹਰ ਸ਼ਹਿਰ ਵਿਚ ਵੀ ਕਈ ਇਲਾਕਿਆਂ ਵਿਚ ਹੜ੍ਹ ਆਉਣ ਦਾ ਹਵਾਲਾ ਦਿੱਤਾ ਤੇ ਦੱਸਿਆ ਕਿ ਸਾਬਕਾ ਪੀ ਸੀ ਸੀ ਪ੍ਰਧਾਨ ਸੁਨੀਲ ਜਾਖੜ ਦੀ ਅਗਵਾਈ ਹੇਠ ਇਥੇ ਡਰੇਨੇਜ ਤੇ ਸੀਵਰੇਜ ਪਾਈਪ ਪਾਉਣ ਵੇਲੇ ਹੋਏ ਭ੍ਰਿਸ਼ਟਾਚਾਰ ਕਾਰਨ ਅਜਿਹਾ ਹੋਇਆ ਹੈ।

ਸਰਦਾਰ ਬਾਦਲ ਨੇ ਕਿਹਾ ਕਿ ਇਲਾਕੇ ਦੇ ਕਿਸਾਨਾਂ ਨੂੰ 2020 ਵਿਚ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਹਾਲੇ ਤੱਕ ਮੁਆਵਜ਼ਾ ਨਹੀਂ ਮਿਲਿਆ ਅਤੇ ਹੁਣ ਦੂਹਰੀ ਮਾਰ ਪੈ ਗਈ ਹੈ। ਉਹਨਾਂ ਕਿਹਾ ਕਿ ਪੁਰਾਣਾ ਮੁਆਵਜ਼ਾ ਕਿਸਾਨਾਂ ਨੂੰ ਤੁਰੰਤ ਮਿਲਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਇਹ ਹਾਲਾ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਮੁੱਖ ਮੰਤਰੀ ਹੋਣ ਵੇਲੇ ਤੋਂ ਬਿਲਕੁਲ ਉਲਟ ਹਨ ਕਿਉਂਕਿ ਉਦੋਂ ਅਕਾਲੀ ਦਲ ਦੀ ਅਗਵਾਈ ਵਾਲੀ ਸਰਕਾਰ ਨਾ ਸਿਰਫ ਸਮੇਂ ਸਿਰ ਹੜ੍ਹਾਂ ਦੀ ਰੋਕਥਾਮ ਲਈ ਕਦਮ ਚੁੱਕਦੀ ਸੀ ਬਲਕਿ ਕੋਈ ਤ੍ਰਾਸਦੀ ਹੋਣ 'ਤੇ ਰਾਹਤ ਤੁਰੰਤ ਜਾਰੀ ਕਰਦੀ ਸੀ।

# ਸੂਬਾ ਸਰਕਾਰ ਟਿਕਾਊ ਵਿਕਾਸ ਲਈ ਸਨਅਤਾਂ ਦੀ ਮਦਦ ਕਰੇਗੀ: ਚੀਮਾ

ਚੰਡੀਗੜ੍ਹ (ਪੰਜਾਬੀ ਅਖ਼ਬਾਰ ਬਿਊਰੋ): ਪੰਜਾਬ ਦੇ ਮੱਧਮ, ਛੋਟੇ ਅਤੇ ਲਘੂ (ਐਮ.ਐਸ.ਐਮ.ਈ) ਕਲੱਸਟਰਾਂ ਦੇ ਟਿਕਾਊ ਵਿਕਾਸ ਲਈ ਉਦਯੋਗ ਅਤੇ ਸਰਕਾਰ ਨੂੰ ਮਿਲ ਕੇ ਕੰਮ ਕਰਨ ਦੀ ਲੋੜ 'ਤੇ ਜ਼ੋਰ ਦਿੰਦਿਆਂ ਵਿੱਤ, ਯੋਜਨਾ, ਆਬਕਾਰੀ ਤੇ ਕਰ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਇੱਕ ਬਹੁਪੱਖੀ ਪਹੁੰਚ ਅਪਣਾਉਣ ਅਤੇ ਉਪਲਬਧ ਵਿਕਾਸ ਸਰੋਤਾਂ ਅਤੇ ਹਿੱਸੇਦਾਰਾਂ ਵਿੱਚ ਤਾਲਮੇਲ ਰਾਹੀਂ ਮੱਧਮ, ਦਰਮਿਆਨੇ ਅਤੇ ਛੋਟੇ ਪੱਧਰ 'ਤੇ ਵੱਖ-ਵੱਖ ਹਿੱਸੇਦਾਰਾਂ ਨੂੰ ਸ਼ਾਮਲ ਕਰਨ ਦੀ ਯੋਜਨਾ ਬਣਾਈ ਹੈ।

ਅੱਜ ਇੱਥੇ ਯੂ.ਐਨ.ਡੀ.ਪੀ. ਅਤੇ ਐਸੋਚੈਮ (ਉੱਤਰੀ ਖੇਤਰ ਪਰਿਸ਼ਦ) ਵੱਲੋਂ ਟਿਕਾਊ ਵਿਕਾਸ ਬਾਰੇ ਖੇਤਰੀ ਉਦਯੋਗ ਸੰਵਾਦ ਦੇ ਸੈਸ਼ਨ ਦੀ ਪ੍ਰਧਾਨਗੀ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮੱਧਮ, ਛੋਟੇ ਅਤੇ ਲਘੂ (ਐਮ.ਐਸ.ਐਮ.ਈ) ਕਲੱਸਟਰਾਂ ਦੇ ਟਿਕਾਊ ਵਿਕਾਸ ਲਈ ਉਦਯੋਗ ਅਤੇ ਸਰਕਾਰ ਨੂੰ ਮਿਲ ਕੇ ਕੰਮ ਕਰਨ ਦੀ ਲੋੜ ਹੈ। ਵਿਤ ਮੰਤਰੀ ਨੇ ਅੱਗੇ ਕਿਹਾ ਕਿ ਸੂਬੇ ਵਿੱਚ ਮੱਧਮ, ਛੋਟੇ ਅਤੇ ਲਘੂ ਉਦਯੋਗਾਂ ਲਈ ਕਾਰਗਰ ਮਾਹੌਲ ਬਣਾਉਣ ਲਈ ਪੰਜਾਬ ਸਰਕਾਰ ਅਤੇ ਸਮਾਲ ਇੰਡਸਟਰੀਜ਼ ਡਿਵੈਲਪਮੈਂਟ ਬੈਂਕ ਆਫ ਇੰਡੀਆ (ਐਸ.ਆਈ. ਡੀ.ਬੀ.ਆਈ) ਨੇ ਇੱਕ ਸਮਝੌਤਾ ਸਹੀਬੱਧ ਕੀਤਾ ਹੈ ਅਤੇ ਇਸ ਸਮਝੌਤੇ ਅਨੁਸਾਰ ਤਿੰਨ ਸਾਲਾਂ ਦੀ ਮਿਆਦ ਦੌਰਾਨ "ਮਿਸ਼ਨ ਸਵਾਵਲੰਬਨ" ਹੇਠ ਇਨ੍ਹਾਂ ਉਦਯੋਗਾਂ ਨੂੰ ਪ੍ਰਫੁਲਿਤ ਕੀਤਾ ਜਾਵੇਗਾ। ਪੰਜਾਬ ਸਰਕਾਰ ਵੱਲੋਂ ਕੀਤੀਆਂ ਜਾਣ ਵਾਲੀਆਂ ਕੁਝ ਪਹਿਲਕਦਮੀਆਂ ਨੂੰ ਸਾਂਝਾ ਕਰਦਿਆਂ ਸ. ਚੀਮਾ ਨੇ ਕਿਹਾ ਕਿ ਸੂਬਾ ਸਰਕਾਰ ਸੂਬੇ ਵਿੱਚ ਨਹਿਰੀ ਪ੍ਰਣਾਲੀ ਨੂੰ ਮੁੜ ਸੁਰਜੀਤ ਕਰਨ ਤੋਂ ਇਲਾਵਾ ਕੰਢੀ ਪੱਟੀ ਸਮੇਤ ਹੁਣ ਤੱਕ ਵਾਂਝੇ ਰਹਿ ਗਏ ਖੇਤਰਾਂ ਵਿੱਚ ਨਹਿਰਾਂ ਦੀ ਉਸਾਰੀ ਲਈ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਨਦੀਆਂ ਦੇ ਪਾਣੀ ਨੂੰ ਉਦਯੋਗਿਕ ਰਹਿੰਦ-ਖੂੰਹਦ ਤੋਂ ਪ੍ਰਦੂਸ਼ਿਤ ਹੋਣ ਤੋਂ ਵੀ ਬਚਾਇਆ ਜਾਵੇਗਾ। ਵਿੱਤ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ



ਮਾਈਕ੍ਰੋਫਾਈਨਾਂਸ ਸੈਕਟਰ ਨੂੰ ਵੱਡੇ ਪੱਧਰ 'ਤੇ ਉਤਸਾਹਿਤ ਕਰੇਗੀ ਅਤੇ ਪ੍ਰਾਈਵੇਟ ਮਾਈਕ੍ਰੋ ਫਾਈਨਾਂਸ ਆਪਰੇਟਰਾਂ ਲਈ ਢੁਕਵਾਂ ਮਾਹੌਲ ਸਿਰਜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ, ਹਿਮਾਚਲ ਪ੍ਰਦੇਸ ਦੇ ਨਾਲ ਲੱਗਦੀ ਪਛੜੀ ਕੰਢੀ ਪੱਟੀ ਵਿੱਚ ਰੁਜਗਾਰ ਪੈਦਾ ਕਰਨ ਲਈ, ਰੋਪੜ ਵਿੱਚ ਅਤਿ-ਆਧੁਨਿਕ ਵਾਤਾਵਰਣ-ਪੱਖੀ ਆਈ.ਟੀ ਅਤੇ ਹੋਰ ਉਦਯੋਗਾਂ ਨੂੰ ਸੁਰੂ ਕਰਨ ਲਈ ਵਿਸੇਸ ਰਿਆਇਤਾਂ ਨਾਲ ਇੱਕ ਨਵੀਂ ਉਦਯੋਗਿਕ ਟਾਊਨਸ਼ਿਪ ਵਿਕਸਤ ਕੀਤੀ ਜਾਵੇਗੀ। ਇਸ ਬਾਰੇ ਹੋਰ ਜਾਣਕਾਰੀ ਦਿੰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਰੋਪੜ ਵਿੱਚ ਅਤਿ ਆਧੁਨਿਕ, ਵਾਤਾਵਰਣ ਪੱਖੀ ਆਈ.ਟੀ. ਅਤੇ ਹੋਰ ਉਦਯੋਗਾਂ ਨੂੰ ਸ਼ੁਰੂ ਕਰਨ ਲਈ ਵਿਲੱਖਣ ਰਿਆਇਤਾਂ ਵਾਲਾ ਇੱਕ ਉਦਯੋਗਿਕ ਕੰਪਲੈਕਸ ਬਣਾਇਆ ਜਾਵੇਗਾ। ਸ੍ਰੀ ਚੀਮਾ ਨੇ ਕਿਹਾ ਕਿ ਖੇਤੀ ਖੇਤਰ ਵਿੱਚ ਵੀ ਜੈਵਿਕ ਖੇਤੀ ਰਾਹੀਂ ਪੈਦਾ ਹੋਣ ਵਾਲੀਆਂ ਫਸਲਾਂ ਦੀ ਵਿਕਰੀ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾਣਗੇ।

ਇਸ ਸਮਾਗਮ ਦੌਰਾਨ ਆਪਣੀ ਕਿਸਮ ਦੇ ਪਹਿਲੇ ਉੱਤਰੀ ਭਾਰਤ ਦੇ ਟਿਕਾਊ ਆਰਥਿਕਤਾ ਫੋਰਮ ਵੀ ਕਾਇਮ ਕੀਤੀ ਗਈ। ਇਸ ਫੋਰਮ ਦੀ ਸਥਾਪਨਾ ਯੂ.ਐਨ.ਡੀ.ਪੀ. ਅਤੇ ਐਸੋਚੈਮ (ਉੱਤਰੀ ਖੇਤਰ ਪਰਿਸਦ) ਦੁਆਰਾ ਸਾਂਝੇ ਤੌਰ 'ਤੇ ਖੇਤਰੀ ਆਰਥਿਕ ਵਿਕਾਸ ਦੇ ਨਿਰਮਾਣ ਅਤੇ ਸਮਰਥਨ ਲਈ ਕੀਤੀ ਜਾ ਰਹੀ ਹੈ। ਇਸ ਮੌਕੇ ਸ਼੍ਰੀ ਉਮਾ ਸ਼ੰਕਰ ਗੁਪਤਾ, ਮੈਨੇਜਿੰਗ ਡਾਇਰੈਕਟਰ, ਪੰਜਾਬ ਇਨਫਰਮੇਸਨ ਐਂਡ ਕਮਿਊਨੀਕੇਸਨ ਟੈਕਨਾਲੋਜੀ ਕਾਰਪੋਰੇਸਨ ਲਿਮਟਿਡ-ਕਮ-ਵਧੀਕ ਸੀ.ਈ.ਓ., ਪੰਜਾਬ ਬਿਊਰੋ ਆਫ ਇਨਵੈਸਟਮੈਂਟ ਪ੍ਰਮੋਸਨ, ਸ੍ਰੀਮਤੀ ਸੋਕੋ ਨੋਡਾ, ਯੂ.ਐਨ.ਡੀ.ਪੀ ਸਥਾਨਕ ਪ੍ਰਤੀਨਿਧੀ ਭਾਰਤ, ਸ੍ਰੀ ਸਿਮਰਪ੍ਰੀਤ ਸਿੰਘ, ਸੰਸਥਾਪਕ ਅਤੇ ਸੀਈਓ ਹਾਰਟੇਕ ਸੋਲਰ ਪ੍ਰਾਈਵੇਟ ਲਿ. ਲਿਮਟਿਡ, ਸ੍ਰੀ ਮਨੋਜ ਰੁਸਤਗੀ, ਚੀਫ ਸਸਟੇਨੇਬਿਲਟੀ ਐਂਡ ਇਨੋਵੇਸਨ ਅਫਸਰ, ਜੇ.ਐਸ.ਡਬਲਯੂ., ਸ੍ਰੀ ਅਨਿਰਬਾਨ ਘੋਸ, ਚੀਫ ਸਸਟੇਨੇਬਿਲਿਟੀ ਅਫਸਰ, ਮਹਿੰਦਰਾ ਗਰੁੱਪ, ਸ੍ਰੀਮਤੀ ਪੱਲਵੀ ਅਤਰੇ, ਸਸਟੇਨੇਬਿਲਿਟੀ ਹੈੱਡ, ਗਲੋਬਲ ਰਿਪੋਰਟਿੰਗ ਇਨੀਸੀਏਟਿਵ ਅਤੇ ਸ੍ਰੀਮਤੀ ਰੁਹਾਨਾ ਜਰੀਵਾਲਾ, ਗਲੋਬਲ ਹੈੱਡ- ਸਸਟੇਨੇਬਿਲਟੀ, ਸਿਪਲਾ ਵੀ ਹਾਜਰ ਸਨ।

# ਸੁਖਬੀਰ ਸਿੰਘ ਬਾਦਲ ਵੱਲੋਂ ਸ਼੍ਰੋਮਣੀ ਅਕਾਲੀ ਦਲ ਦਾ ਜਥੇਬੰਦਕ ਢਾਂਚਾ ਭੰਗ

ਚੰਡੀਗੜ੍ਹ (ਪੰਜਾਬੀ ਅਖ਼ਬਾਰ ਬਿਊਰੋ): ਚੋਣਾਂ ਦੇ ਨਤੀਜਿਆਂ ਦੀ ਸਮੀਖਿਆ ਲਈ ਬਣਾਈ ਝੂੰਦਾਂ ਕਮੇਟੀ ਦੀਆਂ ਸਿਫ਼ਾਰਿਸ਼ਾਂ 'ਤੇ ਕੰਮ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦਾ ਸਮੁੱਚਾ ਜਥੇਬੰਦਕ ਢਾਂਚਾ ਭੰਗ ਕਰ ਦਿੱਤਾ ਹੈ। ਪਾਰਟੀ ਵੱਲੋਂ ਜਾਰੀ ਕੀਤੇ ਇਕ ਬਿਆਨ ਮੁਤਾਬਕ ਕੋਰ ਕਮੇਟੀ ਸਮੇਤ ਸਾਰੀਆਂ ਕਮੇਟੀਆਂ ਭੰਗ ਕਰ ਦਿੱਤੀਆ ਗਈਆਂ ਹਨ, ਜਿਨ੍ਹਾਂ 'ਚ ਵਰਕਿੰਗ ਕਮੇਟੀ, ਸਾਰੇ ਅਹੁਦੇਦਾਰ ਤੇ ਹੋਰ ਸਾਰੇ ਵਿੰਗ ਵੀ ਭੰਗ ਕਰ ਦਿੱਤੇ ਗਏ ਹਨ।

ਇਥੇ ਦੱਸਣਯੋਗ ਹੈ ਕਿ ਬੀਤੇ ਦਿਨ ਅਕਾਲੀ ਦਲ ਦੀ ਕੋਰ ਕਮੇਟੀ, ਜੋ ਪਾਰਟੀ ਦੀ ਫ਼ੈਸਲਾ ਲੈਣ ਵਾਲੀ ਸਰਵਉੱਚ ਕਮੇਟੀ ਹੈ, ਨੇ ਝੂੰਦਾਂ ਕਮੇਟੀ ਦੀ ਰਿਪੋਰਟ 'ਤੇ ਵਿਚਾਰ-ਵਟਾਂਦਰਾ ਕਰ ਕੇ ਇਸ ਨੂੰ ਪ੍ਰਵਾਨ ਕੀਤਾ ਸੀ ਤੇ ਇਸ ਦੀ ਸ਼ਲਾਘਾ ਵੀ ਕੀਤੀ ਸੀ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸਿਫ਼ਾਰਿਸ਼ਾਂ ਲਾਗੂ ਕਰਨ ਲਈ ਲੋੜੀਂਦੇ ਕਦਮ ਚੁੱਕਣ ਦੇ ਅਧਿਕਾਰ ਵੀ ਦਿੱਤੇ ਸਨ। ਕਮੇਟੀ ਨੇ ਸਿਫਾਰਿਸ਼ ਕੀਤੀ ਸੀ ਕਿ ਪਾਰਟੀ ਦਾ ਜਥੇਬੰਦਕ ਢਾਂਚਾ ਭੰਗ ਕਰ ਕੇ ਨਵੇਂ ਸਿਰੇ ਤੋਂ ਬਣਾਇਆ ਜਾਵੇ ਅਤੇ ਪੰਥਕ ਤੇ ਪੰਜਾਬੀ ਹਿੱਤਾਂ ਤੇ ਕਦਰਾਂ-ਕੀਮਤਾਂ ਅਨੁਸਾਰ ਪਾਰਟੀ 'ਚ ਨਵੀਂ ਰੂਹ ਫੂਕੀ ਜਾਵੇ ਤੇ ਅਜਿਹਾ ਕਰਦਿਆਂ ਪਾਰਟੀ ਦੇ ਹੇਠਲੇ ਪੱਧਰ ਦੇ ਵਰਕਰਾਂ, ਕੇਡਰ ਤੇ ਲੀਡਰਸ਼ਿਪ ਦੀਆਂ ਭਾਵਨਾਵਾਂ ਦਾ ਖਿਆਲ ਰੱਖਿਆ ਜਾਵੇ। ਕਮੇਟੀ ਨੇ ਸਿਫ਼ਾਰਿਸ਼ ਕੀਤੀ ਸੀ ਕਿ ਪਾਰਟੀ ਵਿਚ ਨਵੀਂ ਰੂਹ ਫੂਕਣ ਲਈ ਪਾਰਟੀ ਦੇ ਜਥੇਬੰਦਕ ਢਾਂਚੇ ਨੂੰ ਨਵੇਂ ਸਿਰੇ ਤੋਂ ਪੁਨਰਗਠਨ ਕੀਤਾ ਜਾਵੇ। ਇਹ ਵੀ ਸਿਫਾਰਿਸ਼ ਕੀਤੀ ਗਈ ਸੀ ਕਿ ਪਾਰਟੀ ਦੇ ਜਥੇਬੰਦਕ ਢਾਂਚੇ ਦੇ ਪੁਨਰਗਠਨ ਵੇਲੇ ਪਾਰਟੀ ਤੇ ਇਸ ਦੇ ਗੌਰਵਮਈ ਇਤਿਹਾਸ ਮੁਤਾਬਕ ਕਦਰਾਂ-ਕੀਮਤਾਂ ਦਾ ਖਿਆਲ ਵੀ ਰੱਖਿਆ ਜਾਵੇ। ਇਸ ਵਿਚ ਨੌਜਵਾਨਾਂ ਦੀਆਂ ਇੱਛਾਵਾਂ 'ਤੇ ਵਿਸ਼ੇਸ਼ ਧਿਆਨ ਦੇਣ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ। ਪਾਰਟੀ ਪ੍ਰਧਾਨ ਹੁਣ ਪਾਰਟੀ ਦੇ ਜਥੇਬੰਦਕ ਢਾਂਚੇ ਦੇ ਪੁਨਰਗਠਨ ਲਈ ਸੀਨੀਅਰ ਸਾਥੀਆਂ ਦੇ ਨਾਲ-ਨਾਲ ਵਰਕਰਾਂ ਤੇ ਕੇਡਰ ਨਾਲ ਰਾਇ-ਮਸ਼ਵਰਾ ਕਰਨਗੇ। ਬਾਦਲ ਵੱਖ-ਵੱਖ ਪੰਜਾਬੀ ਤੇ ਪੰਥਕ ਸ਼ਖ਼ਸੀਅਤਾਂ ਖਾਸ ਤੌਰ 'ਤੇ ਬੁੱਧੀਜੀਵੀਆਂ, ਲੇਖਕਾਂ, ਧਾਰਮਿਕ ਤੇ ਸਿਆਸੀ ਬੁਲਾਰਿਆਂ, ਰਾਇ ਬਣਾਉਣ ਵਾਲਿਆਂ ਤੇ ਕਿਸਾਨਾਂ, ਮੁਲਾਜ਼ਮਾਂ, ਵਿਦਿਆਰਥੀਆਂ, ਅਧਿਆਪਕਾਂ, ਵਪਾਰੀਆਂ, ਘਰੇਲੂ ਗ੍ਰਹਿਣੀਆਂ ਤੇ ਨੌਜਵਾਨ ਆਦਿ ਸਮੇਤ ਵੱਖ-ਵੱਖ ਵਰਗਾਂ ਦੇ ਨੁਮਾਇੰਦਿਆਂ ਨਾਲ ਰਾਇ ਮਸ਼ਵਰਾ ਕਰਨਗੇ। ਕਮੇਟੀ ਨੇ ਨੌਜਵਾਨਾਂ ਦੀਆਂ ਇੱਛਾਵਾਂ ਮੁਤਾਬਕ ਢਾਂਚਾ ਬਣਾਉਣ ਦੀ ਲੋੜ 'ਤੇ ਵਿਸ਼ੇਸ਼ ਜ਼ੋਰ ਦਿੱਤਾ ਹੈ ਤੇ ਉਨ੍ਹਾਂ ਨੂੰ ਪਾਰਟੀ ਦੇ ਨਵੇਂ ਜਥੇਬੰਦਕ ਢਾਂਚੇ ਵਿਚ ਪ੍ਰਮੁੱਖਤਾ ਨਾਲ ਪ੍ਰਤੀਨਿਧਤਾ ਦੇਣ ਦੀ ਗੱਲ ਕੀਤੀ ਹੈ। ਬੁਲਾਰੇ ਨੇ ਕਿਹਾ ਕਿ ਪਾਰਟੀ ਦਾ ਨਵਾਂ ਜਥੇਬੰਦਕ ਢਾਂਚਾ ਤੇ ਇਸ ਦਾ ਅਕਸ ਨੌਜਵਾਨਾਂ ਦੀਆਂ ਇੱਛਾਵਾਂ, ਸੁਫ਼ਨਿਆਂ ਤੇ ਟੀਚਿਆਂ ਦੇ ਨਾਲ-ਨਾਲ ਰਵਾਇਤੀ ਸਿਧਾਂਤਾਂ, ਕਦਰਾਂ-ਕੀਮਤਾਂ, ਜੋ ਸਾਨੂੰ ਪੰਥ ਤੇ ਪੰਜਾਬ ਲਈ ਬੀਤੇ ਸਮੇਂ ਵਿਚ ਸੰਘਰਸ਼ ਕਰਦਿਆਂ ਮਿਲੇ, ਦੀ ਪ੍ਰਤੀਨਿਧਤਾ ਕਰਦਾ ਹੋਵੇਗਾ। ਉਸ ਨੇ ਨਾਲ ਹੀ ਕਿਹਾ ਕਿ ਪੰਜਾਬ ਤੇ ਪੰਥ ਦੇ ਹਿੱਤ ਹਮੇਸ਼ਾ ਪਾਰਟੀ ਦੇ ਪੁਨਰਗਠਨ ਵੇਲੇ ਮਾਰਗਦਰਸ਼ਕ ਬਣੇ ਰਹਿਣਗੇ।

# ਕਿਸਾਨਾਂ ਨੇ ਕੀਤਾ ਚੱਕਾ ਜਾਮ

ਫਿਰੋਜ਼ਪੁਰ (ਪੰਜਾਬੀ ਅਖ਼ਬਾਰ ਬਿਊਰੋ): ਰੇਲਵੇ ਨੇ ਫਿਰੋਜ਼ਪੁਰ ਰੇਲ ਡਵੀਜ਼ਨ ਨੇ 15 ਰੇਲ ਗੱਡੀਆਂ ਦਾ ਸਮਾਂ ਬਦਲਿਆ, 5 ਨੂੰ ਰੱਦ ਕੀਤਾ ਤੇ ਕਈਆਂ ਨੂੰ ਸ਼ਾਰਟ ਟਰਮੀਨੇਟਿਡ ਕੀਤਾ ਗਿਆ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਬੈਨਰ ਹੇਠ ਕਿਸਾਨਾਂ ਵੱਲੋਂ ਰੇਲ ਪਟੜੀਆਂ ਜਾਮ ਕਰਨ ਕਾਰਨ ਉਨ੍ਹਾਂ ਦੀ ਸਹਿਮਤੀ ਨਾ ਮੰਨਣ ਲਈ ਕੇਂਦਰ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਗਿਆ। ਮੰਗਾਂ ਜਿਸ ਵਿੱਚ 23 ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਅਤੇ ਡਾਕਟਰ ਸਵਾਮੀਨਾਥਨ ਰਿਪੋਰਟ ਨੂੰ ਲਾਗੂ ਕਰਨਾ ਸ਼ਾਮਲ ਹੈ। ਕਿਸਾਨਾਂ ਨੇ ਲਗਭਗ 4 ਘੰਟੇ 11 ਵਜੇ ਤੋਂ ਦੁਪਹਿਰ 3 ਵਜੇ ਤਕ ਰੇਲਵੇ ਟਰੈਕ 'ਤੇ ਬੈਠਣ ਦਾ ਐਲਾਨ ਕੀਤਾ ਸੀ ਜਿਸ ਨਾਲ ਦੁਪਿਹਰ ਨੂੰ ਆਉਣ ਵਾਲੀਆਂ ਟ੍ਰੇਨਾਂ ਵੀ ਪ੍ਰਭਾਵਿਤ ਹੋਈਆਂ। ਫਿਰੋਜ਼ਪੁਰ ਮੰਡਲ ਮੁਤਾਬਕ 5 ਟ੍ਰੇਨਾਂ ਕੈਂਸਲ ਹੋ ਗਈਆਂ ਹਨ ਜਦੋਂ ਕਿ 8 ਰੀਸ਼ੈਡਿਊਲ ਤੇ 2 ਨੂੰ ਸ਼ਾਰਟ ਟਰਮੀਨੇਟ ਕੀਤਾ ਗਿਆ ਹੈ। ਦੱਸ ਦੇਈਏ ਕਿ ਕਿਸਾਨਾਂ ਦੇ ਧਰਨੇ ਕਾਰਨ ਪੰਜਾਬ ਰੂਟ 'ਤੇ ਟ੍ਰੇਨਾਂ ਦੇ ਆਉਣ-ਜਾਣ ਨੂੰ ਲੈ ਕੇ ਕਾਫੀ ਮੁਸ਼ਕਲ ਹੋਈ। ਕਿਸਾਨਾਂ ਦਾ ਦੋਸ਼ ਹੈ ਕਿ ਕੇਂਦਰ ਸਰਕਾਰ ਨੇ ਦਿੱਲੀ ਵਿੱਚ ਕਿਸਾਨ ਅੰਦੋਲਨ ਨੂੰ ਖਤਮ ਕਰਨ ਲਈ ਕਿਸਾਨਾਂ ਨਾਲ ਜੋ ਵਾਅਦੇ ਕੀਤੇ ਸਨ, ਉਹ ਪੂਰੇ ਨਹੀਂ ਕੀਤੇ ਗਏ। ਇਸ ਦੇ ਨਾਲ ਹੀ ਕਿਸਾਨਾਂ ਨੇ ਦਿੱਲੀ-ਜੰਮੂਤਵੀ ਰੇਲ ਸੈਕਸ਼ਨ 'ਤੇ ਪਠਾਨਕੋਟ ਕੈਂਟ ਰੇਲਵੇ ਸਟੇਸ਼ਨ ਦੇ ਸਭ ਤੋਂ ਮਹੱਤਵਪੂਰਨ ਰੇਲਵੇ ਫਾਟਕ 'ਤੇ ਧਰਨਾ ਦੇਣ ਦਾ ਐਲਾਨ ਕੀਤਾ ਸੀ। ਮਹਿਲਾ ਕਿਸਾਨ ਵੀ ਪੂਰੇ ਜੋਸ਼ ਨਾਲ ਅੰਦੋਲਨ ਵਿੱਚ ਸ਼ਾਮਲ ਹੋ ਰਹੀਆਂ ਹਨ। ਟੋਲ ਪਲਾਜ਼ੇ ਤੇ ਸੜਕਾਂ ਵੀ ਜਾਮ ਕੀਤੀਆਂ ਜਾ ਰਹੀਆਂ ਹਨ। ਪੰਜਾਬ ਭਰ 'ਚ ਕਿਸਾਨ 8 ਥਾਵਾਂ 'ਤੇ ਰੇਲ ਪਟੜੀਆਂ 'ਤੇ ਇਕੱਠੇ ਹੋ ਰਹੇ ਹਨ ਅਤੇ ਮੰਗਾਂ ਤੁਰੰਤ ਮੰਨਣ ਲਈ ਸਰਕਾਰ 'ਤੇ ਦਬਾਅ ਬਣਾ ਰਹੇ ਹਨ।

# ਅਕਾਲੀ ਦਲ 'ਚ ਬਗ਼ਾਵਤ ਤੇਜ਼

ਚੰਡੀਗੜ੍ਹ (ਪੰਜਾਬੀ ਅਖ਼ਬਾਰ ਬਿਊਰੋ): ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਮਿਲੀ ਕਰਾਰੀ ਹਾਰ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਿੱਚ ਬਗਾਵਤ ਤੇਜ਼ ਹੋ ਗਈ ਹੈ। ਕੱਲ੍ਹ ਹੋਈ ਅਕਾਲੀ ਦਲ ਦੀ ਕੋਰ ਕਮੇਟੀ ਦੀ ਮੀਟਿੰਗ ਵਿੱਚ ਸੀਨੀਅਰ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਸ਼ਾਮਲ ਨਹੀਂ ਹੋਏ। ਹੁਣ ਉਨ੍ਹਾਂ ਨੇ ਝੂੰਦਾ ਕਮੇਟੀ ਦੀ ਰਿਪੋਰਟ ਨੂੰ ਸਿੱਧੇ ਕੋਰ ਕਮੇਟੀ ਵਿੱਚ ਰੱਖਣ 'ਤੇ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਕਿਹਾ ਕਿ ਪਹਿਲਾਂ ਇਸ ਨੂੰ ਸਮੀਖਿਆ ਕਮੇਟੀ ਕੋਲ ਭੇਜਿਆ ਜਾਣਾ ਚਾਹੀਦਾ ਸੀ। ਇਸ ਤੋਂ ਪਹਿਲਾਂ ਵਿਧਾਇਕ ਮਨਪ੍ਰੀਤ ਇਆਲੀ ਨੇ ਬਾਗੀ ਰਵੱਈਆ ਦਿਖਾਇਆ ਸੀ। ਇਆਲੀ ਨੇ ਭਾਜਪਾ ਸਮਰਥਿਤ ਐਨਡੀਏ ਉਮੀਦਵਾਰ ਦ੍ਰੋਪਦੀ ਮੁਰਮੂ ਨੂੰ ਵੋਟ ਨਹੀਂ ਪਾਈ ਜਦਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦ੍ਰੋਪਦੀ ਮੁਰਮੂ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ ਸੀ। ਇਆਲੀ ਨੇ ਰਾਸ਼ਟਰਪਤੀ ਚੋਣ ਦਾ ਬਾਈਕਾਟ ਕੀਤਾ ਸੀ।

**ਪ੍ਰਧਾਨ ਬਾਦਲ ਨੇ ਖੁਦ ਰੀਵਿਊ ਕਮੇਟੀ 'ਚ ਚਰਚਾ ਲਈ ਕਿਹਾ ਸੀ: ਚੰਦੂਮਾਜਰਾ**

ਪ੍ਰੋਫੈਸਰ ਚੰਦੂਮਾਜਰਾ ਨੇ ਕਿਹਾ ਕਿ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਮੇਟੀ ਕਨਵੀਨਰ ਬਲਵਿੰਦਰ ਸਿੰਘ ਭੂੰਦੜ ਨੂੰ ਸਮੀਖਿਆ ਕਮੇਟੀ ਦੀ ਮੀਟਿੰਗ ਬੁਲਾਉਣ ਲਈ ਕਿਹਾ ਸੀ ਅਤੇ ਝੂੰਦਾ ਕਮੇਟੀ ਦੀ ਰਿਪੋਰਟ 'ਤੇ ਗੌਰ ਕਰਨ ਲਈ ਕਿਹਾ ਸੀ। ਪ੍ਰੋ. ਚੰਦੂਮਾਜਰਾ ਨੇ ਕਿਹਾ ਕਿ ਫਿਰ ਸਾਂਝੀ ਰਾਏ ਬਣਾ ਕੇ ਕੋਰ ਕਮੇਟੀ ਵਿਚ ਲੈ ਕੇ ਜਾਣਾ ਸੀ। ਇਸ ਦੇ ਬਾਵਜੂਦ ਰਿਪੋਰਟ ਸਿੱਧੇ ਕੋਰ ਕਮੇਟੀ ਵਿੱਚ ਰੱਖੀ ਗਈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਵੀ ਰਿਪੋਰਟ ਨਹੀਂ ਪੜ੍ਹੀ। ਉਨ੍ਹਾਂ ਨੂੰ ਨਹੀਂ ਪਤਾ ਕਿ ਰਿਪੋਰਟ ਸਿੱਧੀ ਉੱਥੇ ਕਿਉਂ ਭੇਜੀ ਗਈ ਸੀ। ਕੱਲ੍ਹ ਉਨ੍ਹਾਂ ਦੇ ਨੇੜੇ ਦੇ ਕੁਝ ਰਿਸ਼ਤੇਦਾਰਾਂ ਦੇ ਭੋਗ ਸੀ, ਇਸ ਲਈ ਉਨ੍ਹਾਂ ਨੂੰ ਉੱਥੇ ਭੋਗ ਲਈ ਜਾਣਾ ਪਿਆ, ਇਸ ਲਈ ਉਹ ਮੀਟਿੰਗ ਵਿੱਚ ਨਹੀਂ ਆ ਜਾ ਸਕੇ।



**ਝੂੰਦਾ ਕਮੇਟੀ ਨੇ ਦਿੱਤੇ 42 ਸੁਝਾਅ, ਸੁਖਬੀਰ ਨੂੰ ਹਟਾਉਣ ਦਾ ਕੋਈ ਪ੍ਰਸਤਾਵ ਨਹੀਂ**

ਅਕਾਲੀ ਦਲ ਨੇ ਚੋਣ ਹਾਰ ਦੇ ਕਾਰਨਾਂ ਦਾ ਪਤਾ ਲਗਾਉਣ ਲਈ 13 ਮੈਂਬਰੀ ਕਮੇਟੀ ਬਣਾਈ ਸੀ। ਇਹ ਕਮੇਟੀ ਸੀਨੀਅਰ ਆਗੂ ਇਕਬਾਲ ਸਿੰਘ ਝੂੰਦਾਂ ਦੀ ਅਗਵਾਈ ਹੇਠ ਬਣਾਈ ਗਈ ਸੀ। ਇਸ ਕਮੇਟੀ ਨੇ ਕੱਲ੍ਹ ਚੰਡੀਗੜ੍ਹ ਵਿੱਚ ਹੋਈ ਕੋਰ ਕਮੇਟੀ ਦੀ ਮੀਟਿੰਗ ਵਿੱਚ ਆਪਣੀ ਰਿਪੋਰਟ ਪੇਸ਼ ਕੀਤੀ। ਜਿਸ 'ਤੇ ਕਰੀਬ 5 ਘੰਟੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਉਪਰੰਤ ਸੀਨੀਅਰ ਆਗੂ ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਕਿ ਝੂੰਦਾ ਕਮੇਟੀ ਨੇ 42 ਸੁਝਾਅ ਦਿੱਤੇ ਹਨ। ਜਿਨ੍ਹਾਂ ਨੂੰ ਸਵੀਕਾਰ ਕਰ ਲਿਆ ਗਿਆ ਹੈ। ਲੀਡਰਸ਼ਿਪ ਬਦਲਣ ਯਾਨੀ ਸੁਖਬੀਰ ਬਾਦਲ ਨੂੰ ਪ੍ਰਧਾਨ ਦੇ ਅਹੁਦੇ ਤੋਂ ਹਟਾਉਣ ਦਾ ਕੋਈ ਸੁਝਾਅ ਨਹੀਂ ਹੈ।

**ਚੰਦੂਮਾਜਰਾ ਤੋਂ ਰਿਪੋਰਟ 'ਤੇ ਪੂਰੀ ਸਲਾਹ ਲਈ ਗਈ ਸੀ: ਵਲਟੋਹਾ**

ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਨੇ ਕਿਹਾ ਕਿ ਰਿਪੋਰਟ ਵਿੱਚ ਹਰ ਗੱਲ 'ਤੇ ਪ੍ਰੋਫੈਸਰ ਚੰਦੂਮਾਜਰਾ ਦੀ ਸਲਾਹ ਲਈ ਗਈ ਹੈ। ਇਸ ਦੇ ਨਾਲ ਹੀ ਉਨ੍ਹਾਂ ਕੋਰ ਕਮੇਟੀ ਦੀ ਮੀਟਿੰਗ ਤੋਂ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਉਹ ਅੱਜ ਦੀ ਮੀਟਿੰਗ ਵਿੱਚ ਨਹੀਂ ਆ ਸਕਦੇ। ਕੱਲ੍ਹ ਵੀ ਕੋਰ ਕਮੇਟੀ ਵਿੱਚ ਉਹੀ ਮੈਂਬਰ ਸਨ, ਜਿਨ੍ਹਾਂ ਨੂੰ ਰੀਵਿਊ ਕਮੇਟੀ ਵਿੱਚ ਰੱਖਿਆ ਗਿਆ ਸੀ।

## ਖ਼ਬਰ ਪੰਜਾਬ ਤੋਂ ਆਈ ਐ ਬਈ--

# ਵੀ ਸੀ ਦੀ ਬੇਇੱਜ਼ਤੀ ’ਤੇ ਕਸੂਤੀ ਫਸੀ ‘ਆਪ’ ਸਰਕਾਰ

## ਹਿਮਾਚਲ ਚੋਣਾਂ ਦੇ ਦਬਾਅ ਕਾਰਨ ਜਾ ਸਕਦੀ ਹੈ ਜੌੜਾਮਾਜਰਾ ਦੀ ਕੁਰਸੀ



ਚੰਡੀਗੜ੍ਹ (ਪੰਜਾਬੀ ਅਖ਼ਬਾਰ ਬਿਊਰੋ)- ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਦੇ ਵਾਈਸ ਚਾਂਸਲਰ (ਵੀ.ਸੀ.) ਦੇ ਅਪਮਾਨ ਨੂੰ ਲੈ ਕੇ ਆਮ ਆਦਮੀ ਪਾਰਟੀ (ਆਪ) ਸਰਕਾਰ ਕਸੂਤੀ ਸਥਿਤੀ ਵਿੱਚ ਫਸ ਗਈ ਹੈ। ਡੈਮੇਜ ਕੰਟਰੋਲ ਲਈ ਸਿਹਤ ਮੰਤਰੀ ਚੇਤਨ ਸਿੰਘ ਜੌੜਾ ਮਾਜਰਾ ਦਾ ਮੰਤਰਾਲਾ ਬਦਲਣ ਦੀਆਂ ਤਾਂ ਤਿਆਰੀਆਂ ਹਨ ਪਰ ਜੇਕਰ ਹਿਮਾਚਲ ਚੋਣਾਂ ਦਾ ਦਬਾਅ ਵਧਿਆ ਤਾਂ ਮੰਤਰੀ ਦੀ ਕੁਰਸੀ ਵੀ ਜਾ ਸਕਦੀ ਹੈ। ਡਾ. ਰਾਜ ਬਹਾਦੁਰ ਦਾ ਸਬੰਧ ਹਿਮਾਚਲ ਪ੍ਰਦੇਸ਼ ਨਾਲ ਹੈ ਅਤੇ ਭਾਜਪਾ ਅਤੇ ਕਾਂਗਰਸ ਨੂੰ ਆਪ ਖਿਲਾਫ ਚੋਣਾਂ ਦੌਰਾਨ ਪ੍ਰਚਾਰ ਕਰਨ ਦਾ ਮੌਕਾ ਮਿਲ ਜਾਵੇਗਾ।

**ਹਿਮਾਚਲ ਵਿੱਚ ‘ਆਪ’ ਵਲੋਂ ਵਿਧਾਨ ਸਭਾ ਚੋਣਾਂ ਲਈ ਪੂਰਾ ਜ਼ੋਰ ਲਗਾਇਆ ਜਾ ਰਿਹਾ ਹੈ।**

ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਕਤਲ ਕਾਂਡ ਤੋਂ ਬਾਅਦ ਇਹ ਦੂਜੀ ਵਾਰ ਹੈ ਕਿ ‘ਆਪ’ ਬੁਰੀ ਤਰ੍ਹਾਂ ਘਿਰ ਗਈ ਹੈ। ਮੂਸੇਵਾਲਾ ਕਤਲ ਕਾਂਡ ਕਾਰਨ ‘ਆਪ’ ਸੰਗਰੂਰ ਲੋਕ ਸਭਾ ਸੀਟ ਹਾਰ ਗਈ ਸੀ। ਇਹ ਸੀਟ ਸੀਐਮ ਭਗਵੰਤ ਮਾਨ ਦਾ ਗੜ੍ਹ ਸੀ। ਉਂਜ, ਮੂਸੇਵਾਲਾ ਦੀ ਸੁਰੱਖਿਆ ਘਟਾਏ ਜਾਣ ਦੇ ਅਗਲੇ ਹੀ ਦਿਨ ਹੋਏ ਕਤਲ ਕਾਰਨ ਨੌਜਵਾਨ ‘ਆਪ’ ਦੇ ਖ਼ਿਲਾਫ਼ ਹੋ ਗਏ।

**ਰਾਜ ਬਹਾਦਰ, ਊਨਾ ਦੇ ਰਹਿਣ ਵਾਲੇ**

ਡਾ: ਰਾਜ ਬਹਾਦਰ ਏਸ਼ੀਆ ਦੇ ਸਰਵੋਤਮ ਸਪਾਈਨਲ ਸਰਜਨਾਂ ਵਿੱਚੋਂ ਇੱਕ ਹਨ। ਉਹ ਮੂਲ ਰੂਪ ਤੋਂ ਊਨਾ, ਹਿਮਾਚਲ ਪ੍ਰਦੇਸ਼ ਦਾ ਰਹਿਣ ਵਾਲੇ ਹਨ। ਉਨ੍ਹਾਂ ਨੇ ਸ਼ਿਮਲਾ ਵਿੱਚ 1976 ਵਿੱਚ ਗੀੜ੍ਹ ਦੀ ਹੱਡੀ ਦੀ ਪਹਿਲੀ ਸਰਜਰੀ ਕੀਤੀ ਸੀ। ਉਨ੍ਹਾਂ ਨੇ 2 ਸਾਲ ਬਰਤਾਨੀਆ ਵਿੱਚ ਵੀ ਕੰਮ ਕੀਤਾ। 1984 ਤੋਂ, ਉਹ ਲਗਾਤਾਰ ਗੀੜ੍ਹ ਦੀ ਹੱਡੀ ਅਤੇ ਜੋੜਾਂ ਦੇ ਕਮਰ ਬਦਲਣ ਦੀਆਂ ਸਰਜਰੀਆਂ ਕਰ ਰਹੇ ਹਨ। ਹੁਣ ਤੱਕ ਉਹ 15 ਹਜ਼ਾਰ ਤੋਂ ਵੱਧ ਸਰਜਰੀਆਂ ਕਰਵਾ ਚੁੱਕੇ ਹਨ। ਉਨ੍ਹਾਂ ਨੇ 45 ਸਾਲਾਂ ਵਿੱਚ 13 ਪ੍ਰਮੁੱਖ ਸਿਹਤ ਸੰਸਥਾਵਾਂ ਵਿੱਚ ਕੰਮ ਕੀਤਾ ਹੈ।

**ਮੁੱਖ ਮੰਤਰੀ ਨਾਲ ਮੁਲਾਕਾਤ ਨਹੀਂ ਹੋਈ**

ਸੀ ਐਮ ਭਗਵੰਤ ਮਾਨ ਚੇਤਨ ਸਿੰਘ ਜੌੜਾ ਮਾਜਰਾ ਦੀ ਕਾਰਗੁਜ਼ਾਰੀ ਤੋਂ ਖੁਸ਼ ਨਹੀਂ ਹਨ। ਉਹ ਵਾਈਸ ਚਾਂਸਲਰ ਨੂੰ ਗੰਦੇ ਗੱਦੇ ’ਤੇ ਲਿਟਾਉਣ ਲਈ ਹੰਗਾਮਾ ਹੋਣ ਤੋਂ ਬਾਅਦ ਮੁੱਖ ਮੰਤਰੀ ਨੂੰ ਮਿਲਣ ਆਇਆ ਸੀ। ਸੀ ਐਮ ਭਗਵੰਤ ਮਾਨ ਜੌੜਾਮਾਜਰਾ ਨੂੰ ਨਹੀਂ ਮਿਲੇ। ਜਿਸ ਤੋਂ ਸਪੱਸ਼ਟ ਹੈ ਕਿ ਜੌੜਾ ਮਾਜਰਾ ਦੇ ਰਵੱਈਏ ਕਾਰਨ ਪਾਰਟੀ ਅੰਦਰ ਨਾਰਾਜ਼ਗੀ ਹੈ। ਇਸ ਕਾਰਨ ਮੰਤਰੀ ਨੇ ਵੀ ਚੁੱਪ ਧਾਰੀ ਹੋਈ ਹੈ।

**ਵੀਸੀ ਖ਼ਿਲਾਫ਼ ਆਈਟੀ ਸੈੱਲ ਸਰਗਰਮ ਪਰ ਡਾਕਟਰਾਂ ਦਾ ਦਬਾਅ ਵਧਦਾ ਜਾ ਰਿਹਾ ਹੈ**

ਵਾਈਸ ਚਾਂਸਲਰ ਵਿਵਾਦ ਤੋਂ ਬਾਅਦ ਆਮ ਆਦਮੀ ਪਾਰਟੀ ਦਾ ਆਈਟੀ ਸੈੱਲ ਸਰਗਰਮ ਹੋ ਗਿਆ ਹੈ। ਉਹ ਲਗਾਤਾਰ ਵੀਸੀ ਦੀ ਕਾਰਗੁਜ਼ਾਰੀ ’ਤੇ ਸਵਾਲ ਉਠਾ ਰਿਹਾ ਹੈ। ਹਾਲਾਂਕਿ ਸਰਕਾਰ ’ਤੇ ਡਾਕਟਰਾਂ ਦਾ ਦਬਾਅ ਵਧਦਾ ਜਾ ਰਿਹਾ ਹੈ। ਇਸ ਦਾ ਵੱਡਾ ਕਾਰਨ ਇਹ ਹੈ ਕਿ ਜੇਕਰ ਮੰਤਰੀ ਨੂੰ ਕੁਝ ਕਮੀ ਨਜ਼ਰ ਆਈ ਹੈ ਤਾਂ ਇਸ ਸਥਿਤੀ ਨੂੰ ਕਿਸੇ ਹੋਰ ਢੰਗ ਨਾਲ ਨਿਪਟਿਆ ਜਾ ਸਕਦਾ ਸੀ। ਵੀ.ਸੀ ਨਾਲ ਮੰਤਰੀ ਦੇ ਵਤੀਰੇ ’ਤੇ ਸਵਾਲ ਉੱਠ ਰਹੇ ਹਨ। ਸਰਕਾਰ ’ਤੇ ਇਹ ਵੀ ਸਵਾਲ ਹੈ ਕਿ ਜਦੋਂ ਉਨ੍ਹਾਂ ਨੇ ਹਾਲਾਤ ਸੁਧਾਰਨ ਲਈ ਕੋਈ ਫੰਡ ਨਹੀਂ ਦਿੱਤਾ ਤਾਂ ਸਿਰਫ਼ ਵੀਸੀ ’ਤੇ ਗੁੱਸਾ ਕਰਨ ਦਾ ਕੀ ਫਾਇਦਾ? ਜੇਕਰ ਪਹਿਲਾਂ ਸਿਸਟਮ ਵਿੱਚ ਕਮੀ ਸੀ ਤਾਂ ਪੰਜਾਬੀਆਂ ਨੇ ਕਾਂਗਰਸ ਅਤੇ ਅਕਾਲੀ ਦਲ ਨੂੰ ਨਕਾਰ ਕੇ ਸੱਤਾ ਸੌਂਪ ਦਿੱਤੀ।

# ਮੁੱਖ ਮੰਤਰੀ ਭਗਵੰਤ ਮਾਨ ਸਿਹਤ ਮੰਤਰੀ ਦੇ ਵਤੀਰੇ ਤੋਂ ਨਾਖ਼ੁਸ਼! ਛਿੜੀ ਨਵੀਂ ਚਰਚਾ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਸਿਹਤ ਮੰਤਰੀ ਚੇਤਨ ਸਿੰਘ ਜੌੜੇਮਾਜਰਾ ਵਲੋਂ ਬਾਬਾ ਫ਼ਰੀਦ ਮੈਡੀਕਲ



ਯੂਨੀਵਰਸਿਟੀ ਫ਼ਰੀਦਕੋਟ ਦੇ ਵਾਈਸ ਚਾਂਸਲਰ ਡਾ. ਰਾਜ ਬਹਾਦਰ ਨਾਲ ਕੀਤੇ ਰਵੱਈਏ ਨੂੰ ਲੈ ਕੇ ਆਮ ਆਦਮੀ ਪਾਰਟੀ ਵਿਰੋਧੀ ਧਿਰਾਂ ਦੇ ਨਿਸ਼ਾਨੇ ’ਤੇ ਆ ਗਈ ਹੈ। ਮੁੱਖ ਮੰਤਰੀ ਭਗਵੰਤ ਮਾਨ ਵੀ ਸਿਹਤ ਮੰਤਰੀ ਦੇ ਇਸ ਵਤੀਰੇ ਤੋਂ ਖ਼ਫ਼ਾ ਦਿਖਾਈ ਦੇ ਰਹੇ ਹਨ। ਸੂਤਰਾਂ ਮੁਤਾਬਕ ਚੇਤਨ ਸਿੰਘ ਜੌੜੇਮਾਜਰਾ ਬੀਤੇ ਦਿਨੀਂ ਮੁੱਖ ਮੰਤਰੀ ਦੀ ਰਿਹਾਇਸ਼ ’ਤੇ ਗਏ ਸਨ ਪਰ ਮੁੱਖ ਮੰਤਰੀ ਉਨ੍ਹਾਂ ਨੂੰ ਨਹੀਂ ਮਿਲੇ।

ਦੱਸਿਆ ਜਾ ਰਿਹਾ ਹੈ ਕਿ ਮੁੱਖ ਮੰਤਰੀ ਨੇ ਇਸ ਮਾਮਲੇ ਨੂੰ ਲੈ ਕੇ ਜੌੜੇਮਾਜਰਾ ਦੀ ਫ਼ੋਨ ’ਤੇ ਵੀ ਕਲਾਸ ਲਾਈ ਹੈ। ਇਸ ਤੋਂ ਬਾਅਦ ਇਸ ਚਰਚਾ ਨੇ ਵੀ ਜ਼ੋਰ ਫ਼ੜ ਲਿਆ ਹੈ ਕਿ ਸਿਹਤ ਮੰਤਰੀ ਦੇ ਮਹਿਕਮੇ ’ਚ ਫ਼ੇਰਬਦਲ ਹੋ ਸਕਦਾ ਹੈ ਪਰ ਅਧਿਕਾਰਿਤ ਤੌਰ ’ਤੇ ਇਸ ਦੀ ਕੋਈ ਪੁਸ਼ਟੀ ਨਹੀਂ ਹੋਈ ਹੈ। ਜ਼ਿਕਰਯੋਗ ਹੈ ਕਿ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ’ਚ ਮਾੜੇ ਪ੍ਰਬੰਧਾਂ ਦੀਆਂ ਸ਼ਿਕਾਇਤਾਂ ਮਿਲਣ ਤੋਂ ਬਾਅਦ ਸੂਬੇ ਦੇ ਸਿਹਤ ਮੰਤਰੀ ਚੇਤਨ ਸਿੰਘ ਜੌੜੇਮਾਜਰਾ ਨੇ ਸ਼ੁੱਕਰਵਾਰ ਨੂੰ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਦਾ ਅਚਾਨਕ ਦੌਰਾ ਕਰਕੇ ਇਥੋਂ ਦੇ ਬੇਹੱਦ ਮਾੜੇ ਪ੍ਰਬੰਧਾਂ ’ਤੇ ਗੁੱਸਾ ਜ਼ਾਹਿਰ ਕੀਤਾ।

ਇਸ ਦੌਰਾਨ ਉਨ੍ਹਾਂ ਮੈਡੀਕਲ ਕਾਲਜ ਦੇ ਵਾਈਸ ਚਾਂਸਲਰ ਨੂੰ ਬੇਹੱਦ ਮਾੜੇ ਗੱਦਿਆਂ ’ਤੇ ਲਿਟਾਇਆ। ਗੰਦੇ ਅਤੇ ਫ਼ਟੇ ਗੱਦੇ ’ਤੇ ਲਿਟਾਉਣ ਤੋਂ ਨਾਰਾਜ਼ ਬੀਬਾ ਫ਼ਰੀਦਕੋਟ ਮੈਡੀਕਲ ਕਾਲਜ ਦੇ ਵਾਈਸ ਚਾਂਸਲਰ ਡਾ. ਰਾਜ ਬਹਾਦਰ ਨੇ ਅਸਤੀਫ਼ਾ ਦੇ ਦਿੱਤਾ ਸੀ।

# ਹਿਮਾਚਲ ਦੀ ਗੋਬਿੰਦ ਸਾਗਰ ਝੀਲ ’ਚ ਡੁੱਬੇ ਪੰਜਾਬ ਦੇ 7 ਨੌਜਵਾਨ

## 6 ਨੇ ਡੁੱਬ ਰਹੇ ਦੋਸਤ ਨੂੰ ਬਚਾਉਣ ਲਈ ਛਾਲ ਮਾਰੀ, ਇੱਕ ਵੀ ਨਹੀਂ ਬਚਿਆ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਹਿਮਾਚਲ ਪ੍ਰਦੇਸ਼ ਦੇ ਊਨਾ ਦੀ ਗੋਬਿੰਦ ਸਾਗਰ ਝੀਲ ’ਚ ਸੋਮਵਾਰ ਨੂੰ ਪੰਜਾਬ ਦੇ 7 ਨੌਜਵਾਨਾਂ ਦੀ ਡੁੱਬਣ ਨਾਲ ਮੌਤ ਹੋ ਗਈ। ਸਾਰੇ ਨੌਜਵਾਨ ਪੰਜਾਬ ਦੇ ਮੋਹਾਲੀ ਜ਼ਿਲ੍ਹੇ ਦੇ ਵਸਨੀਕ ਸਨ। ਹਾਦਸਾ ਦੁਪਹਿਰ ਕਰੀਬ 3.30 ਵਜੇ ਵਾਪਰਿਆ। ਗਰੀਬਨਾਥ ਮੰਦਰ ਨੇੜੇ ਝੀਲ ’ਚ ਪਹਿਲਾਂ ਇਕ ਨੌਜਵਾਨ ਡੁੱਬ ਗਿਆ ਅਤੇ ਫਿਰ ਬਾਕੀ 6 ਨੇ ਉਸ ਨੂੰ ਬਚਾਉਣ ਲਈ ਪਾਣੀ ’ਚ ਛਾਲ ਮਾਰ ਦਿੱਤੀ ਪਰ ਉਹ ਵੀ ਬਾਹਰ ਨਹੀਂ ਆ ਸਕੇ। ਸੂਚਨਾ ਮਿਲਣ ’ਤੇ ਗੋਤਾਖੋਰਾਂ ਨੇ ਮੌਕੇ ’ਤੇ ਪਹੁੰਚ ਕੇ ਸੱਤਾਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ। ਸਾਰੀਆਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਖੇਤਰੀ ਹਸਪਤਾਲ ਊਨਾ ਭੇਜ ਦਿੱਤਾ ਗਿਆ ਹੈ।

ਊਨਾ ਦੀ ਗੋਬਿੰਦ ਸਾਗਰ ਝੀਲ ’ਚ ਨੌਜਵਾਨ ਦੇ ਡੁੱਬਣ ਦੀ ਸੂਚਨਾ ਮਿਲਦੇ ਹੀ ਪੁਲਿਸ ਅਤੇ ਸਥਾਨਕ ਲੋਕ ਮੌਕੇ ’ਤੇ ਪਹੁੰਚ ਗਏ।

**ਨੈਣਾ ਦੇਵੀ ਦੇ ਦਰਸ਼ਨ ਕਰਨ ਆਏ**

ਪੰਜਾਬ ਦੇ ਮੋਹਾਲੀ ਤੋਂ 11 ਲੋਕ ਨੈਣਾ ਦੇਵੀ ਦੇ ਦਰਸ਼ਨਾਂ ਲਈ ਆਏ ਸਨ ਅਤੇ ਫਿਰ ਬਾਬਾ ਬਾਲਕ ਨਾਥ ਦੇ ਦਰਸ਼ਨ ਕਰਨ ਲਈ ਤੁਰ ਪਏ। ਸਾਰੇ ਦੁਪਹਿਰ 12.30 ਵਜੇ ਬਾਬਾ ਗਰੀਬਨਾਥ ਮੰਦਰ ਪਹੁੰਚੇ। ਦਰਸ਼ਨਾਂ ਤੋਂ ਬਾਅਦ ਗੋਬਿੰਦ ਸਾਗਰ ਝੀਲ ’ਚ ਇਕ ਨੌਜਵਾਨ ਇਸ਼ਨਾਨ ਕਰਨ ਲਈ ਉਤਰਿਆ, ਜੋ ਡੂੰਘੇ ਪਾਣੀ ’ਚ ਡੁੱਬਣ ਲੱਗਾ। ਉਸ ਨੂੰ ਡੁੱਬਦਾ ਦੇਖ ਕੇ 6 ਹੋਰ ਨੌਜਵਾਨਾਂ ਨੇ ਉਸ ਨੂੰ ਬਚਾਉਣ ਲਈ ਝੀਲ ’ਚ ਛਾਲ ਮਾਰ ਦਿੱਤੀ ਪਰ ਇਨ੍ਹੀਂ ਦਿਨੀਂ ਹੋਈ ਬਰਸਾਤ ਕਾਰਨ ਝੀਲ ’ਚ ਪਾਣੀ ਜ਼ਿਆਦਾ ਹੋਣ ਕਾਰਨ ਡੂੰਘਾਈ ਦਾ ਪਤਾ ਨਾ ਲੱਗਣ ਕਾਰਨ ਸਾਰੇ ਹੀ ਪਾਣੀ ’ਚ ਡੁੱਬਣ ਲੱਗੇ।



ਇਨ੍ਹਾਂ 7 ਲੜਕਿਆਂ ਨੂੰ ਡੁੱਬਦਾ ਦੇਖ ਕੇ ਕਿਸੇ ਨੇ ਪਾਣੀ ਵਿਚ ਜਾਣ ਦੀ ਹਿੰਮਤ ਨਹੀਂ ਕੀਤੀ ਅਤੇ 4 ਹੋਰ ਸਾਥੀਆਂ ਨੇ ਰੌਲਾ ਪਾਇਆ। ਜਿਸ ਤੋਂ ਬਾਅਦ ਆਸ-ਪਾਸ ਦੇ ਲੋਕ ਮੌਕੇ ’ਤੇ ਇਕੱਠੇ ਹੋ ਗਏ। ਸਥਾਨਕ ਤੈਰਾਕਾਂ ਨੇ ਝੀਲ ’ਚ ਡੁੱਬੇ ਨੌਜਵਾਨਾਂ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਪਰ ਕੋਸ਼ਿਸ਼ ਅਸਫਲ ਰਹੀ। ਫਿਰ ਗੋਤਾਖੋਰ ਵੀ ਰਾਹਤ ਅਤੇ ਬਚਾਅ ਲਈ ਪਹੁੰਚੇ। 6 ਵਜੇ ਤੱਕ ਲਾਸ਼ਾਂ ਨੂੰ ਕੱਢਿਆ ਜਾ ਸਕਿਆ।

**6 ਨੌਜਵਾਨ 16 ਤੋਂ 19 ਸਾਲ ਦੇ ਹਨ, ਜਦੋਂ ਕਿ ਇੱਕ ਦੀ ਉਮਰ 32 ਸਾਲ ਹੈ**

ਉਨ੍ਹਾਂ ਨਾਲ ਆਏ ਨੌਜਵਾਨਾਂ ਨੇ ਦੱਸਿਆ ਕਿ ਡੁੱਬਣ ਵਾਲੇ 6 ਨੌਜਵਾਨਾਂ ਦੀ ਉਮਰ 16 ਤੋਂ 19 ਸਾਲ ਹੈ, ਜਦਕਿ ਇੱਕ ਦੀ ਉਮਰ 32 ਸਾਲ ਹੈ। ਇਹ ਸਾਰੇ ਇਲਾਕੇ ਮੋਹਾਲੀ ਜ਼ਿਲ੍ਹੇ ਦੇ ਨਾਲ ਲੱਗਦੇ ਬਨੂੜ ਦੇ ਹਨ। ਇਸ ਦੇ ਨਾਲ ਹੀ ਸੂਚਨਾ ਮਿਲਦੇ ਹੀ ਐਸਡੀਐਮ ਯੋਗਰਾਜ ਧੀਮਾਨ ਵੀ ਮੌਕੇ ’ਤੇ ਪਹੁੰਚ ਗਏ। ਉਨ੍ਹਾਂ ਦੱਸਿਆ ਕਿ ਝੀਲ ਵਿੱਚ ਡੁੱਬੇ ਨੌਜਵਾਨਾਂ ਨੂੰ ਕੱਢਣ ਲਈ ਬੀਬੀਐਮਬੀ ਨੰਗਲ ਤੋਂ ਗੋਤਾਖੋਰ ਬੁਲਾਏ ਗਏ ਸਨ, ਜਦੋਂ ਤੱਕ ਸਾਰੀਆਂ ਲਾਸ਼ਾਂ ਨਹੀਂ ਮਿਲੀਆਂ ਉਦੋਂ ਤੱਕ ਬਚਾਅ ਕਾਰਜ ਸ਼ਾਮ 6 ਵਜੇ ਤੱਕ ਜਾਰੀ ਰਿਹਾ। ਡੀਐਸਪੀ ਹੈੱਡਕੁਆਰਟਰ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਘਟਨਾ ਸਬੰਧੀ ਬਾਕੀ ਚਾਰ ਨੌਜਵਾਨਾਂ ਤੋਂ ਜਾਣਕਾਰੀ ਹਾਸਲ ਕੀਤੀ ਜਾ ਰਹੀ ਹੈ।

ਝੀਲ ਵਿੱਚ ਡੁੱਬਣ ਵਾਲਿਆਂ ਵਿੱਚ ਪਵਨ (32) ਪੁੱਤਰ ਸੁਰਜੀਤ ਰਾਮ, ਰਮਨ ਕੁਮਾਰ (19) ਪੁੱਤਰ ਲਾਲ ਚੰਦ, ਲਾਭ ਸਿੰਘ (17) ਪੁੱਤਰ ਲਾਲ ਚੰਦ, ਲਖਵੀਰ ਸਿੰਘ (16) ਪੁੱਤਰ ਰਮੇਸ਼ ਲਾਲ, ਅਰੁਣ ਕੁਮਾਰ (14) ਪੁੱਤਰ ਰਮੇਸ਼ ਸ਼ਾਮਲ ਹਨ। ਵਿਸ਼ਾਲ ਕੁਮਾਰ (18) ਪੁੱਤਰ ਰਾਜੂ, ਸ਼ਿਵਾ (16) ਪੁੱਤਰ ਅਵਤਾਰ ਸਿੰਘ, ਸਾਰੇ ਬਨੂੜ ਦੇ ਰਹਿਣ ਵਾਲੇ ਹਨ।

**2 ਮਹੀਨੇ ਪਹਿਲਾਂ ਵੀ ਪੰਜਾਬ ਦੇ 2 ਨੌਜਵਾਨ ਡੁੱਬ ਗਏ ਸਨ**

ਪੰਜਾਬ ਜਾਂ ਬਾਹਰਲੇ ਰਾਜਾਂ ਤੋਂ ਆਉਣ ਵਾਲੇ ਲੋਕ ਗੋਬਿੰਦ ਸਾਗਰ ਝੀਲ ਵਿੱਚ ਨਹਾਉਣ ਲਈ ਤਾਂ ਉਤਰਦੇ ਹਨ ਪਰ ਹਾਦਸਿਆਂ ਦਾ ਸ਼ਿਕਾਰ ਹੋ ਜਾਂਦੇ ਹਨ। ਜੂਨ ਮਹੀਨੇ ਵਿੱਚ ਵੀ ਇੱਥੇ ਪੰਜਾਬ ਤੋਂ ਆਏ ਦੋ ਨੌਜਵਾਨ ਡੁੱਬ ਗਏ ਸਨ। ਪ੍ਰਸ਼ਾਸਨ ਵੱਲੋਂ ਗੋਬਿੰਦ ਸਾਗਰ ਵਿੱਚ ਉਤਰਨ ’ਤੇ ਪਾਬੰਦੀ ਲਾਈ ਹੋਈ ਹੈ ਪਰ ਫਿਰ ਵੀ ਇਹ ਬਾਹਰੋਂ ਆਉਣ ਵਾਲੇ ਪਾਣੀ ਵਿੱਚ ਚਲੇ ਜਾਂਦੇ ਹਨ।

# ਐਕਸ਼ਨ ਤੇ ਕਾਮੇਡੀ ਭਰਪੂਰ ਲਵ ਸਟੋਰੀ ‘ਬਾਈ ਜੀ ਕੁੱਟਣਗੇ’



ਸੁਰਜੀਤ ਜੱਸਲ
9814607737

-ਦੇਵ ਖਰੋੜ ਪੰਜਾਬੀ ਸਿਨਮਾ ਜਗਤ ਦਾ ਸਿਰਮੌਰ ਐਕਸ਼ਨ ਹੀਰੋ ਹੈ ਜਿਸਦੀਆਂ ਫ਼ਿਲਮਾਂ ਨੇ ਪੰਜਾਬੀ ਸਿਨਮੇ ਨੂੰ ਇੱਕ ਵੱਖਰਾ ਦਰਸ਼ਕ-ਵਰਗ ਦਿੱਤਾ ਹੈ। ਪੰਜਾਬੀ ਸਿਨਮੇ ਦੇ ਬਦਲਦੇ ਦੌਰ ਵਿੱਚ ਹੁਣ ਐਕਸ਼ਨ ਹੀਰੋ ਦੇਵ ਖਰੋੜ ਇੱਕ ਕਾਮੇਡੀ ਭਰਪੂਰ ਫ਼ਿਲਮ ‘ਬਾਈ ਜੀ ਕੁੱਟਗੇ’ ਵਿੱਚ ਇੱਕ ਬਹੁਤ ਹੀ ਵੱਖਰੇ ਕਿਰਦਾਰ ਵਿੱਚ ਨਜ਼ਰ ਆਉਣਗੇ। ਭਾਵੇਂਕਿ ਫ਼ਿਲਮ ਦਾ ਵਿਸ਼ਾ ਕਾਮੇਡੀ ਹੈ ਪ੍ਰੰਤੂ ਦੇਵ ਖਰੋੜ ਦਾ ਕਿਰਦਾਰ ਐਕਸ਼ਨ ਵਾਲਾ ਹੀ ਹੁੰਦਾ ਹੈ ਜਿਸਦੇ ਹੱਥ ਵਿੱਚ ਹਮੇਸ਼ਾ ਗੰਨ ਫੜੀ ਹੁੰਦੀ ਹੈ ਤੇ ਆਪਣੇ ਅਸੂਲਾਂ ਦੇ ਖਿਲਾਫ਼ ਸੁਣਦਿਆਂ ਹੀ ਗੁੱਸੇ ਵਿੱਚ ਲਾਲ ਹੋ ਜਾਂਦੇ ਹਨ। ਇਹ ਫ਼ਿਲਮ ਵਿੱਚ ਜਿੱਥੇ ਐਕਸ਼ਨ ਰੂਪੀ ਅਦਾਕਰੀ ਦਾ ਹਿੱਸਾ ਹੋਵੇਗਾ ਉੱਥੇ ਮਜ਼ੇਦਾਰ ਕਾਮੇਡੀ ਨਾਲ ਦਰਸ਼ਕਾਂ ਨੂੰ ਹਸਾ-ਹਸਾ ਕੇ ਦੂਹਰੇ ਵੀ ਕਰੇਗੀ, ਕਿਉਂਕਿ ਖ਼ਾਸ ਗੱਲ ਇਹ ਹੈ ਕਿ ਇਸ ਫ਼ਿਲਮ ਦਾ ਲੇਖਕ ਤੇ ਨਿਰਦੇਸ਼ਕ







ਕਾਮੇਡੀ ਫ਼ਿਲਮਾਂ ਦਾ ਸਿਰਮੌਰ ਨਿਰਦੇਸ਼ਕ ਸਮੀਪ ਕੰਗ ਹੈ। ਇਹ ਸਪੱਸ਼ਟ ਹੀ ਹੈ ਕਿ ਸਮੀਪ ਕੰਗ ਹੋਵੇ ਤੇ ਕਾਮੇਡੀ ਨਾ ਹੋਵੇ ,, ਇਹ ਤਾਂ ਹੋ ਹੀ ਨਹੀਂ ਸਕਦਾ। ਦੇਵ ਖਰੋੜ ਨੇ ਇਸ ਫ਼ਿਲਮ ਵਿਚ ਮੁੱਖ ਭੂਮਿਕਾ ਨਿਭਾਈ ਹੈ। ਉਸਦਾ ਕਿਰਦਾਰ ਫ਼ਿਲਮ ਦੇ ਬਾਕੀ ਕਲਾਕਾਰਾਂ ਲਈ ਇੱਕ ਦਹਿਸ਼ਤ ਤੇ ਡਰਾਵੇ ਵਾਲਾ ਹੈ। ਉਸਦੀ ਦਹਿਸ਼ਤ ਤੋਂ ਜਾਣੂ ਕੋਈ ਵੀ ਗਲਤ ਕੰਮ ਕਰਨ ਤੋਂ ਪਹਿਲਾਂ ਇੱਕ ਵਾਰ ਜਰੂਰ ਸੋਚਦੇ ਹਨ ਕਿ ‘ਬਾਈ ਜੀ ਕੁੱਟਗੇ’। ਵੇਖਣਾਂ ਇਹ ਹੋਵੇਗਾ ਕਿ ਅਜਿਹਾ ਕਿਉਂ ਸੋਚਦੇ ਹਨ? ਆਖਿਰ ਬਾਈ ਜੀ ਕਿਉਂ ਕੁੱਟਣਗੇ? ਜ਼ਿਕਰਯੋਗ ਹੈ ਕਿ ਫ਼ਿਲਮ ਵਿੱਚ ਰੁਮਾਂਸ ਵੀ ਹੈ, ਕਾਮੇਡੀ ਵੀ ਹੈ ਤੇ ਐਕਸ਼ਨ ਵੀ...। ਫ਼ਿਲਮ ਦਾ ਵਿਸ਼ਾ ਪਰਿਵਾਰਕ ਮਾਹੌਲ ਵਾਲਾ ਹੈ ਜੋ ਦਰਸ਼ਕਾਂ ਦਾ ਖੂਬ ਮਨੋਰੰਜਨ ਕਰੇਗਾ। 19 ਅਗਸਤ ਨੂੰ ਰਿਲੀਜ਼ ਹੋ ਰਹੀ ਇਸ ਫ਼ਿਲਮ ਦਾ ਨਿਰਮਾਣ ਪੰਜਾਬੀ ਅਤੇ ਹਿੰਦੀ ਫਿਲਮਾਂ ਦੀ ਨਾਮੀਂ ਅਦਾਕਾਰਾ ਉਪਾਸਨਾ ਸਿੰਘ ਨੇ ਕੀਤਾ ਹੈ। ਬਤੌਰ ਨਿਰਮਾਤਾ ਇਹ ਉਹਨਾਂ ਦੀ ਪਹਿਲੀ ਫ਼ਿਲਮ ਹੈ। “ਸੰਤੋਸ਼ ਇੰਟਰਟੇਨਮੈਂਟ ਸਟੂਡੀਓ”ਦੇ ਬੈਨਰ ਹੇਠ ਬਣੀ ਇਸ ਫ਼ਿਲਮ ਦਾ ਸਕਰੀਨ ਪਲੇਅ ਤੇ ਕਹਾਣੀ ਸਮੀਪ ਕੰਗ ਨੇ ਲਿਖੀ ਹੈ ਜਦਕਿ ਡਾਇਲਾਗ ਪਾਲੀ ਭੁਪਿੰਦਰ ਨੇ ਲਿਖੇ ਹਨ।

ਇਸ ਫ਼ਿਲਮ ਜ਼ਰੀਏ ਇਕ ਨਵਾਂ ਅਦਾਕਾਰ ਨਾਨਕ ਸਿੰਘ ਬਤੌਰ ਹੀਰੋ ਪੰਜਾਬੀ ਸਿਨੇਮੇ ਵਿੱਚ ਆਪਣੀ ਸ਼ੁਰੂਆਤ ਕਰਨ ਜਾ ਰਿਹਾ ਹੈ। ਸਾਲ 2021 ਵਿੱਚ ਦੁਨੀਆਂ ਭਰ ਦੀਆਂ ਲੱਖਾਂ ਕੁੜੀਆਂ ਨੂੰ ਪਛਾੜ ਕੇ ਮਿਸ ਯੂਨੀਵਰਸ ਬਣੀ ਹਰਨਾਜ ਕੌਰ ਸੰਧੂ ਵੀ ਬਤੌਰ ਹੀਰੋਇਨ ਪਹਿਲੀ ਵਾਰ ਇਸ ਫ਼ਿਲਮ ਵਿੱਚ ਹੀ ਨਜ਼ਰ ਆਵੇਗੀ। ਫ਼ਿਲਮ ਵਿੱਚ ਗੁਰਪ੍ਰੀਤ ਘੁੱਗੀ, ਸੈਭੀ ਸੂਰੀ, ਸਿਮਰਤ ਕੌਰ ਰੰਧਾਵਾ ਤੇ ਹੌਬੀ ਧਾਲੀਵਾਲ ਸਮੇਤ ਕਈ ਨਾਮੀਂ ਕਲਾਕਾਰਾਂ ਨੇ ਸ਼ਾਨਦਾਰ ਭੂਮਿਕਾ ਨਿਭਾਈ ਹੈ। ਫ਼ਿਲਮ ਦੀ ਕਹਾਣੀ ਦੇ ਨਾਲ ਨਾਲ



ਇਸ ਫ਼ਿਲਮ ਦਾ ਸੰਗੀਤ ਵੀ ਦਰਸ਼ਕਾਂ ਨੂੰ ਪਸੰਦ ਆਵੇਗਾ।

ਬਚਨ ਬੇਦਿਲ, ਮਨੀ ਲੌਂਗੀਆ, ਮੰਨਾ ਮੰਡ ਤੇ ਧਰਮਿੰਦਰ ਸਿੰਘ ਦੇ ਲਿਖੇ ਗੀਤਾਂ ਨੂੰ ਗਾਇਕ ਮੀਕਾ ਸਿੰਘ, ਰੇਸ਼ਮ ਸਿੰਘ ਅਨਮੋਲ, ਮਹਿਤਾਬ ਵਿਰਕ, ਅਰਮਾਨ ਬੇਦਿਲ, ਫ਼ਿਰੋਜ਼ ਖਾਨ ਤੇ ਸੁਗੰਧਾ ਮਿਸ਼ਰਾ ਨੇ ਪਲੇਅ ਬੈਕ ਗਾਇਆ ਹੈ। ਫ਼ਿਲਮ ਦੀ ਕਹਾਣੀ ਦੀ ਗੱਲ ਕਰੀਏ ਤਾਂ ਇਹ ਇੱਕ ਕਾਮੇਡੀ ਭਰਪੂਰ ਪਰਿਵਾਰਕ ਡਰਾਮਾ ਹੈ ਜਿਸ ਵਿੱਚ ਐਕਸ਼ਨ ਵੀ ਹੈ, ਪਿਆਰ ਵੀ ਹੈ ਤੇ ਪਰਿਵਾਰਕ ਰਿਸ਼ਤਿਆਂ ਦੀ ਸਾਂਝ ਵੀ ਹੈ। ਐਕਸ਼ਨ ਹੀਰੋ ਦੇਵ ਖਰੋੜ ਦਾ ਪ੍ਰਭਾਵਸ਼ਾਲੀ ਕਿਰਦਾਰ ਦਰਸ਼ਕਾਂ ਨੂੰ ਪ੍ਰਭਾਵਿਤ ਕਰੇਗਾ। ਫ਼ਿਲਮ ਦੇ ਹਰੇਕ ਕਲਾਕਾਰ ਨੇ ਆਪਣੇ ਕਿਰਦਾਰ ਨੂੰ ਬਾਖੂਬੀ ਨਿਭਾਇਆ ਹੈ। ਜ਼ਿਕਰਯੋਗ ਹੈ ਕਿ ਇਹ ਪਹਿਲੀ ਫ਼ਿਲਮ ਹੈ ਜਿਸ ਵਿੱਚ ਦੇਵ ਖਰੋੜ, ਗੁਰਪ੍ਰੀਤ ਘੁੱਗੀ ਤੇ ਸਮੀਪ ਕੰਗ ਪਹਿਲੀ ਵਾਰ ਇੱਕਠੇ ਕੰਮ ਕੀਤਾ ਹੈ। ਆਸ ਹੈ ਕਿ ਸਮੀਪ ਕੰਗ ਦੀਆਂ ਪਹਿਲੀਆਂ ਫਿਲਮਾਂ ਵਾਂਗ ਹੀ ਇਹ ਫਿਲਮ ਵੀ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰੇਗੀ।

CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
RAVINDER SINGH SOHI
Alberta Certified Class 1,3,5
(Driving Instructor)
STOP
We Can Speak English, German, Punjabi, Hindi & Urdu
We have 24 years Experience
Auto & Manual Truck For Training
ਵਧੀਆ ਸੇਵਾਵਾਂ, ਵਾਜਬ ਕੀਮਤਾਂ
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca

Any Commercial or Domestic disposable items, like sofa, table,chair, bed, mattress, washer, dryer, fridge etc.or any lumber,
we will pickup from your constructionsite/residence at a very reasonable rate.
Junk Dump Edmonton
Junk Removal
Call: 780 700 5022
ਕਮਰਸ਼ੀਅਲ ਜਾਂ ਘਰ ਦਾ ਕੋਈ ਵੀ ਪੁਰਾਣਾ ਫਰਨੀਚਰ ਜਿਵੇਂ ਕਿ ਸੋਫੇ, ਟੇਬਲ, ਗੱਦੇ, ਬੈਡ, ਵਾਸ਼ਰ, ਡਰਾਇਅਰ, ਫਰਿੱਜ ਕਿੱਸੇ ਵੀ ਕਿਸਮ ਦਾ ਸਮਾਨ ਹੋਵੇ ਅਸੀ ਆਪ ਤੁਹਾਡੇ ਘਰੋ ਵਾਜਬ ਕੀਮਤਾਂ ਤੇ ਲੈਕੇ ਜਾਵਾਗੇਂ ਤੇ ਉਹਨਾਂ ਨੂੰ ਡਿਸਪੋਜ ਕਰਾਗੇਂ!

# ਖੋਜੀ ਕਾਫਿਰਾਂ ਜਿਹਾ ਚਿੰਤਨਸੀਲ ਸਾਹਿਤਕਾਰ ਸੀ - ਪ੍ਰਿੰਸੀਪਲ ਗੁਲਵੰਤ ਮਲੌਂਦਵੀ



ਨਿਰੰਜਣ ਬੋਹਾ
ਮੋ. - 89682-82700

ਅੱਜ ਦੇ ਇੰਟਰਨੈਟ ਯੁੱਗ ਵਿਚ ਮਿੱਤਰ -ਸਨੇਹੀਆਂ ਦੇ ਸਦੀਵੀ ਵਿਛੋੜੇ ਦੀ ਮੁੱਢਲੀ ਜਾਣਕਾਰੀ ਵਧੇਰੇ ਕਰਕੇ ਫੇਸਬੁੱਕ ਜਾਂ ਵਾਟਸਐਪ ਦੇ ਮਾਧਿਅਮ ਰਾਹੀ ਹੀ ਮਿਲਦੀ ਹੈ। ਬੜੇ ਖੁਸ਼ ਮੂਡ ਨਾਲ ਫੇਸਬੁੱਕ ਚਲਾ ਰਿਹਾਂ ਸਾਂ ਕਿ ਆਪਣੇ ਪਿਆਰੇ ਮਿੱਤਰ ਤੇ ਸਾਹਿਤਕ ਸਫਰ ਦੇ ਮੁੱਢਲੇ ਹਮਰਾਹ ਪ੍ਰਿੰਸੀਪਲ ਗੁਲਵੰਤ ਮਲੌਂਦਵੀ ਦੇ ਇਸ ਦੁਨੀਆਂ ਤੋਂ ਤੁਰ ਜਾਣ ਬਾਰੇ ਪਾਈ ਗਈ ਇਕ ਪੋਸਟ 'ਤੇ ਨਜ਼ਰ ਪਈ ।ਮੇਰੇ ਮਨ ਵਿਚਲੀ ਸਾਰੀ ਖੁਸ਼ੀ ਕਾਫੂਰ ਬਣ ਕੇ ਉੱਡ ਗਈ। ਯਕੀਨ ਜਿਹਾ ਨਹੀਂ ਆਇਆ ਇਕ ਵਾਰ ਤਾਂ ... ਪਰ ਅਜਿਹੀਆਂ ਪੋਸਟਾਂ ਝੂਠੀਆਂ ਵੀ ਤਾਂ ਨਹੀਂ ਹੁੰਦੀਆਂ। ਅਜੇ ਦਸ-ਬਾਰਾਂ ਦਿਨ ਪਹਿਲਾਂ ਹੀ ਤਾਂ ਉਸ ਫੇਸਬੁੱਕ 'ਤੇ ਮੈਨੂੰ ਮੇਰੇ ਕਹਾਣੀ ਸੰਗ੍ਰਹਿ 'ਤੀਸਰੀ ਖਿੜਕੀ' ਦੇ ਪ੍ਰਕਾਸ਼ਿਤ ਹੋਣ ਦੀ ਬੜੀ ਗਰਮਜੋਸ਼ੀ ਨਾਲ ਵਧਾਈ ਦਿੱਤੀ ਸੀ । ਜੇ ਗੁਲਵੰਤ ਮਲੌਂਦਵੀ ਨਾਲ ਮੇਰੀ ਕੇਵਲ ਸਾਹਿਤਕ ਜਾਣ ਪਛਾਣ ਹੀ ਹੁੰਦੀ ਤਾਂ ਮੈਂ ਸਰਸਰੀ ਜਿਹੇ ਢੰਗ ਨਾਲ 'ਬਹੁਤ ਅਫਸੋਸ' ਦੀ ਇਬਾਰਤ ਟਾਈਪ ਕਰਕੇ ਅਗਲੀ ਪੋਸਟ ਵੇਖਣ ਲੱਗ ਪੈਂਦਾ ਪਰ ਇਸ ਮੁਹੱਬਤੀ ਬੰਦੇ ਨਾਲ ਤਾਂ ਮੇਰੇ ਜੀਵਨ ਦੀਆਂ ਕਈ ਯਾਦਾਂ ਜੁੜੀਆਂ ਹੋਈਆਂ ਨੇ । ਉਸਦੀ ਬੋਹਾ ਰਿਹਾਇਸ਼ ਸਮੇ ਸਾਡੀ ਭਰਾਵਾਂ ਵਰਗੀ ਨੇੜਤਾ ਵਾਲੀ ਦੋਸਤੀ ਸਾਹਿਤਕ ਹਲਕਿਆਂ ਵਿਚ ਇਕ ਮਿਸਾਲ ਬਣੀ ਹੋਈ ਸੀ। ਹਰ ਦੂਰ ਨੇੜੇ ਦੇ ਸਾਹਿਤਕ ਸਮਾਗਮ ਤੇ ਇੱਕਠੇ ਪਹੁੰਚਣਾ, ਸਾਹਿਤ ਸਭਾ ਬੋਹਾ ਤੇ ਲੇਖਕ ਪਾਠਕ ਮੰਚ ਗੰਢੂ ਕਲਾਂ ਦਾ ਗਠਨ ਕਰਨਾ ਤੇ ਇਹਨਾਂ ਸਭਾਵਾਂ ਵੱਲੋਂ ਕਈ ਯਾਦਗਾਰੀ ਸਮਾਗਮ ਕਰਾਉਣੇ, ਹੁਣ ਵੀ ਮੇਰੇ ਲਈ ਅਭੁੱਲ ਯਾਦਾਂ ਨੇ।

1995 ਦੇ ਨੇੜ ਤੇੜ ਉਹ ਬੋਹਾ ਤੋਂ ਬਦਲੀ ਕਰਵਾ ਕੇ ਘਨੌਲੀ (ਰੂਪ ਨਗਰ) ਦੇ ਸ਼ਾਂਤ ਜਿਹੇ ਇਲਾਕੇ ਵਿਚ ਚਲਾ ਗਿਆ ਤਾਂ ਉਦੋਂ ਸੱਚੀ ਹੀਂ ਮੈਂ ਆਪਣੇ ਆਪ ਨੂੰ ਇੱਕਲਿਆਂ ਪੈ ਗਏ ਮਹਿਸੂਸ ਕੀਤਾ ਸੀ । ਇਸਦਾ ਇਕ ਕਾਰਨ ਇਹ ਵੀ ਸੀ ਸਾਹਿਤਕ ਸੰਸਥਾਵਾ ਨੂੰ ਚਲਾਉਣ ਲਈ ਜਿਹੜੀ ਸਿਰਜਨਾਤਮਕ ਊਰਜਾ ਉਸ ਵਿਚ ਸੀ , ਉਹ ਮੇਰੇ ਕੋਲ ਨਹੀਂ ਸੀ। ਭਾਵੇਂ ਉਸਦੇ ਤੁਰ ਜਾਣ ਤੋਂ ਬਾਅਦ ਵੀ ਇਸ ਖੇਤਰ ਵਿਚ ਕੁਝ ਸਾਹਿਤਕ ਸਮਾਗਮ ਹੋਏ ਸਨ ਪਰ ਸਾਹਿਤਕ ਖੇਤਰ ਵਿਚ ਜਿਹੜੀ ਛਾਪ ਉਸ ਨਾਲ ਮਿਲ ਕੇ ਕਰਵਾਇਆ ਸਾਹਿਤਕ ਸਮਾਗਮ 'ਪੰਜਾਬ ਸੰਕਟ ਦੀ ਗੱਲ ਕਰਦਾ ਕਹਾਣੀ ਦਰਬਾਰ' ਛੱਡ ਗਿਆ ਸੀ ਉਹ ਛਾਪ ਮੈਨੂੰ ਮੁੜ ਕੇ ਵੇਖਣ ਨੂੰ ਨਹੀਂ ਮਿਲੀ। 1988 ਵਿਚ ਪ੍ਰਕਾਸ਼ਿਤ ਹੋਏ ਉਸਦੇ ਕਹਾਣੀ ਸੰਗ੍ਰਹਿ 'ਰਿਸ਼ਤਿਆਂ ਦਾ ਇੰਤਕਾਲ' ਵਿੱਚੋਂ ਮੁਖਬੰਦ ਵੱਜੋਂ ਲਿਖੇ ਆਪਣੇ ਹੀ ਸ਼ਬਦ ਅੱਜ ਦੁਬਾਰਾਂ ਪੜ੍ਹੇ ਤਾਂ ਉਸਦੀ ਕਹਾਣੀਆਂ ਦਾ ਸਾਹਿਤਕ ਮਿਆਰ ਤੇ ਉਸਦੇ ਵਿਅਕਤੀਤਵ ਦੇ ਮੀਰੀ ਗੁਣਾਂ ਨੂੰ ਮਹਿਸੂਸ ਕਰਕੇ ਮੇਰੀਆਂ ਅੱਖਾਂ ਵਾਰ ਵਾਰ ਨਮ ਹੋਈਆਂ। ਮੈਨੂੰ ਲੱਗ ਰਿਹਾ ਸੀ ਕਿ ਸਾਹਿਤਕ ਦੋਸਤੀਆਂ ਜੋੜਣ ਤੇ ਨਿਭਾਉਣ ਦੇ ਵਧੇਰੇ ਗੁਰ ਮੈਂ ਉਸ ਤੋਂ ਹੀ ਸਿੱਖੇ ਨੇ । ਭਾਵੇਂ ਬਾਅਦ ਵਿਚ ਸਾਡੀਆਂ ਸਾਹਿਤਕ ਦੋਸਤੀਆਂ ਦਾ ਦਾਇਰਾ ਸਾਂਝਾ ਹੋ ਗਿਆ ਸੀ ਪਰ ਡਾ. ਐਸ, ਤਰਸੇਮ , ਹਮਦਰਦਵੀਰ ਨੌਸ਼ਹਿਰਵੀ , ਮਹਿਤਾਬ-ਉਦ ਦੀਨ, ਦਰਬਾਰਾ ਸਿੰਘ ਦਰਸ਼ਕ ਤੇ ਮੁਸਤਾਕ ਵਾਰਸੀ ਵਰਗੇ ਸੁਹਿਰਦ ਲੇਖਕਾਂ ਨਾਲ ਮੇਰੀ ਨੇੜਤਾ ਪੈਦਾ ਕਰਨ ਦਾ ਪਹਿਲਾ ਮਾਧਿਅਮ ਉਹ ਹੀ ਬਣਿਆ ਸੀ ।

ਉਸਦੀ ਪਰਵਿਰਸ ਨਿਰੋਲ ਧਾਰਮਿਕ ਮਾਹੌਲ ਵਿੱਚ ਹੋਈ ਸੀ ਪਰ ਮੈਂ ਉਸਨੂੰ ਖੋਜੀ ਕਾਫਿਰ ਹੀ ਆਖਦਾ ਹੁੰਦਾ ਸਾਂ। ਪਿੰਡ ਮਲੌਂਦ ਦੇ ਬਾਹਰਵਾਰ ਉਸਦੇ ਪਰਿਵਾਰ ਦੇ ਨਿਵਾਸ ਅਸਥਾਨ 'ਡੇਰਾ ਬਾਰਾਂਦਰੀ' ਦੇ ਪਿਛਵਾੜੇ ਰਹਿ ਰਹੇ ਸੂਰ ਤੇ ਭੇਡਾਂ ਚਾਰਨ ਵਾਲੇ (ਸ਼ਾਹਸੀ) ਲੋਕਾਂ ਦੀ ਕੀੜੇ ਮਕੌੜਿਆ ਵਰਗੀ ਨਰਕੀ ਜ਼ਿੰਦਗੀ ਨੇ ਉਸ ਅੰਦਰਲੀ ਸੰਵੇਦਨਾ ਨੂੰ ਟੁੰਬਿਆਂ ਤਾਂ ਉਸਦੀ ਪਹਿਲੀ ਕਹਾਣੀ' ਰਾਹ ਦੀ ਤਲਾਸ਼' ਨੇ ਜਨਮ ਲਿਆ। ਬਾਅਦ ਵਿਚ ਜਦੋਂ ਉਸ ਇਕ ਕਹਾਣੀਕਾਰ ਦੇ ਤੌਰ ਤੇ ਆਪਣੀ ਵੱਖਰੀ ਪਛਾਣ ਬਣਾਉਣ ਲਈ ਸੁਚੇਤ ਯਤਨ ਕਰਨੇ ਸ਼ੁਰੂ ਕੀਤੇ ਤਾਂ ਇਹਨਾਂ ਝੁੱਗੀਆਂ- ਝੌਪੜੀਆਂ ਦੇ ਚੰਗੇਰੇ ਭਵਿੱਖ ਵੱਲ ਜਾਂਦਾ ਰਾਹ ਹੀ ਉਸ ਲਈ ਸਾਹਿਤਕ ਰਾਹ ਬਣ ਗਿਆ। ਉਸ ਇਸ ਕੰਡਿਆਲੇ ਰਾਹ 'ਤੇ ਆਪਣੀ ਸੰਵੇਦਨਾ ਨੂੰ ਨੰਗੇ ਪੈਰੀਂ ਤੋਰਿਆ ਸੀ ਤਦੇ ਹੀ 'ਉਹ ਰਾਜ ਸਤਾ ਤੇ ਰਾਜ ਮਿੱਤਰ' ਵਰਗੀ ਪਰਪੱਕ ਜਮਾਤੀ ਸੂਝ ਦੀ ਲਾਖਾਇਕ ਕਹਾਣੀ ਲਿਖ ਸਕਿਆ ਸੀ । ਚਾਹੇ ਆਪਣੇ ਸਾਰੇ ਜੀਵਨ ਵਿੱਚ ਉਹ ਇੱਕੋ ਹੀ ਕਹਾਣੀਆਂ ਦੀ ਪੁਸਤਕ ਪ੍ਰਕਾਸ਼ਿਤ ਕਰਵਾ ਸਕਿਆ ਪਰ ਉਹ ਅਖਬਾਰਾਂ ਦੇ ਸਪਤਾਹਿਕ ਅੰਕਾਂ ਲਈ ਲਗਾਤਾਰ ਲਿਖਦਾ ਰਿਹਾ। ਉਸ ਕਹਾਣੀ ਤੋਂ ਇਲਾਵਾ ਕਵਿਤਾ , ਮਿੰਨੀ ਕਹਾਣੀ ਤੇ ਵਾਰਤਕ ਵੀ ਲਿਖੀ । ਉਸਦੀਆਂ ਸਾਰੀਆਂ ਰਚਨਾਵਾਂ ਲੋਕਾਂ ਹਿੱਤਾਂ ਲਈ ਉੱਠਦੀਆਂ ਆਵਾਜ਼ਾ ਨਾਲ ਆਪਣੀ ਅਵਾਜ਼ ਮਿਲਾਉਂਦੀਆਂ ਰਹੀਆ।

ਲਿਖਣਾ ਤਾਂ ਉਸ ਕਾਲਜ ਸਮੇਂ ਦੀ ਲੈਰੀ ਜਿਹੀ ਉਮਰ ਵਿੱਚ ਹੀ ਸ਼ੁਰੂ ਕਰ ਦਿੱਤਾ ਸੀ ਪਰ ਸਾਹਿਤਕ ਖੇਤਰ ਵਿਚ ਆਪਣੀ ਪਛਾਣ ਬਣਾਉਣ ਸਬੰਧੀ ਉਸਦੇ ਸੁਪਨਿਆ ਨੇ ਲੰਬੀ ਪਰਵਾਜ਼ ਸੰਨ 1982-83 ਦੇ ਨੇੜ ਤੇੜ ਉਸਦੇ ਸਹਿਤ ਸਭਾ ਬੋਹਾ ਨਾਲ ਜੁੜਣ ਤੋਂ ਬਾਅਦ ਹੀ ਭਰੀ। ਉਸ ਵਾਰ ਮੈਨੂੰ ਇਹ ਗੱਲ ਕਈ ਵਾਰ ਸੁਣਾਈ ਸੀ ਕਿ ਇਕ ਵਾਰ ਉਸ ਆਪਣੀਆਂ ਕਵਿਤਾਵਾਂ ਦੀ ਡਾਇਰੀ ਸ਼ਾਬਸ਼ੀ ਲੈਣ ਦੇ ਮੰਤਵ ਨਾਲ ਸਾਹਿਤਕਾਰ ਹੋਣ ਦਾ ਦਮ ਵੀ ਭਰਦੇ ਆਪਣੇ ਪੰਜਾਬੀ ਦੇ ਪ੍ਰੋਫੈਸਰ ਨੂੰ ਵਿਖਾਈ ਸੀ ਤਾਂ ਉਸ ਪ੍ਰੋਫੈਸਰ ਨੇ ਬਿਨਾਂ ਡਾਇਰੀ ਦਾ ਕੋਈ ਵਰਕਾ ਪਰਤੇ ...ਹੂੰ ਤਾਂ ਬੱਚੂ ਹੁਣ ਤੂੰ ਵੀ ਸਾਹਿਤਕਾਰ ਬਣੇਗਾ। ਕਹਿ ਕੇ ਵਾਪਸ ਕਰ ਦਿੱਤੀ ਸੀ। ਪ੍ਰੋਫੈਸਰ ਵੱਲੋਂ ਨਿਰਾਸ਼ ਕਰ ਦਿੱਤੇ ਜਾਣ 'ਤੇ ਉਹ ਕਈ ਵਰ੍ਹੇ ਚੁੱਪ ਰਿਹਾ ਸੀ ਤੇ ਫਿਰ ਆਪਣੇ ਵਿਚ ਹਿੰਮਤ ਜਿਹੀ ਪੈਦਾ ਕਰਕੇ ਗੁਲਵੰਤ ਕਮਲ ਦੇ ਨਾ ਹੇਠ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ ਸਨ । ਇਸ ਗੁਲਵੰਤ ਕਮਲ ਵਿਚੋ ਫਿਰ ਮਾਸਟਰ ਗੁਲਵੰਤ ਨੇ ਜਨਮ ਲਿਆ । ਦੋ ਚਾਰ ਕਹਾਣੀਆਂ ਇਸ ਨਾਂ ਹੇਠ ਛਪਵਾਈਆਂ ਤੇ ਫਿਰ ਸਾਹਿਤ ਸਭਾ ਬੋਹਾ ਨਾਲ ਜੁੜਣ ਤੋਂ ਬਾਅਦ ਉਹ ਪੱਕੇ ਤੌਰ ਤੇ ਗੁਲਵੰਤ ਮਲੌਂਦਵੀ ਬਣ ਗਿਆ। ਜੇ ਸਾਹਿਤ ਸਭਾ ਬੋਹਾ ਦੇ ਗਠਨ ਵਿਚ ਸਭ ਤੋਂ ਵੱਧ ਯੋਗਦਾਨ ਗੁਲਵੰਤ ਮਲੌਂਦਵੀ ਨੇ ਹੀ ਪਾਇਆ ਸੀ ਤਾਂ ਇਸ ਸਭਾ ਨੂੰ ਦੋ ਗੁੱਟਾਂ ਵਿਚ ਵੰਡਣ ਦਾ ਕੰਮ ਵੀ ਉਸਦੀ 'ਜਗਬਾਣੀ' ਵਿਚ ਛਪੀ ਕਹਾਣੀ 'ਤੀਸਰਾ ਨੇਤਰ ਵਿਕਾਊ ਹੈ' ਨੇ ਹੀ ਕੀਤਾ ਸੀ । ਅਧਿਆਪਕ ਵਰਗ ਦੀਆਂ ਖਾਮੀਆਂ ਨੂੰ ਪਾਠਕਾਂ ਦੀ ਕਚਿਹਰੀ ਵਿਚ ਪੇਸ਼ ਕਰਦੀ ਇਸ ਕਹਾਣੀ ਦੇ ਹਿਮਾਇਤੀਆਂ ਨੇ ਜਿੱਥੇ ਮਲੌਂਦਵੀ ਦੇ ਖੁਦ ਅਧਿਆਪਕ ਹੋ ਕੇ ਕੌੜਾ ਸੱਚ ਲਿਖਣ ਦੀ ਜੁਰਅਤ ਨੂੰ ਰੱਜਵੀਂ ਦਾਤ ਦਿੱਤੀ ਉੱਥੇ ਇਸ ਕਹਾਣੀ ਨੂੰ ਅਧਿਆਪਕ ਵਰਗ ਨੂੰ ਜਾਣ ਬੁਝ ਕੇ ਬਦਨਾਮ ਕਰਨ ਦੀ ਸਾਜਿਸ਼ ਕਰਾਰ ਦਿੰਦਿਆਂ ਕੁਝ ਅਧਿਆਪਕਾਂ ਵੱਲੋਂ ਇਸਦਾ ਡੱਟਵਾਂ ਵਿਰੋਧ ਵੀ ਕੀਤਾ ਗਿਆ। ਗੱਲ ਅਖਬਾਰਾਂ ਰਾਹੀਂ ਕਹਾਣੀ ਦੇ ਵਿਰੋਧ ਜਾਂ ਹੱਕ ਵਿਚ ਟਿੱਪਣੀਆਂ ਭੇਜਣ ਤੋਂ ਸ਼ੁਰੂ ਹੋ ਕੇ ਵੱਖਰੀ ਸਾਹਿਤ ਸਭਾ ਖੜ੍ਹੀ ਕਰਨ ਦੀ ਕੋਸ਼ਿਸ਼ ਤੱਕ ਜਾ ਪਹੁੰਚੀ ਸੀ। ਸਾਹਿਤ ਸਭਾ ਦੇ ਜਨਰਲ ਸੱਕਤਰ ਹੁੰਦਿਆਂ ਮੈ ਉਸ ਸਮੇ ਗੁਲਵੰਤ ਮਲੌਂਦਵੀ ਦਾ ਡੱਟਵਾਂ ਪੂਰਾ ਪੱਖ ਪੂਰਿਆ ਸੀ ਤੇ ਉਸ ਤੋਂ ਬਾਅਦ ਵੀ ਸਮਾਜਿਕ ਜੀਵਨ ਵਿਚ ਕੋਈ ਔਕੜ ਆ ਜਾਣ 'ਤੇ ਇਕ ਦੂਜੇ ਦਾ ਪੱਖ ਹੀ ਪੂਰਦੇ ਰਹੇ ਸਾਂ।



80ਵਿਆਂ ਦੇ ਪੰਜਾਬ ਸੰਕਟ ਨਾਲ ਸਬੰਧਤ ਮੇਰੀ ਕਹਾਣੀ 'ਦੂਹਰਾਂ ਖਤਰਾ' ਦਾ ਮੁੱਖ ਪਾਤਰ ਵੀ ਉਹ ਹੀ ਸੀ। ਮੈਂ ਜਦੋਂ ਕਦੇ ਵੀ ਇਸ ਕਹਾਣੀ ਨੂੰ ਦੁਬਾਰਾ ਪੜ੍ਹਿਐ ਤਾਂ ਇਸ ਮੁੱਖ ਪਾਤਰ ਵਿਚੋਂ ਮੈਨੂੰ ਪ੍ਰਸਿੱਧ ਉਰਦੂ ਲੇਖਕ ਖਵਾਜ਼ਾ ਅਹਿਮਦ ਅੱਬਾਸ ਦੀ ਕਹਾਣੀ 'ਸਰਦਾਰ ਜੀ' ਦੇ ਨਾਇਕ ਦਾ ਮੁਹਾਂਦਰਾਂ ਉਘੜਦਾ ਵਿਖਾਈ ਦਿੱਤਾ ਹੈ। ਸੰਨ 84 ਦੇ ਨੇੜ ਤੇੜ ਕਿਸੇ ਦੋਸਤ ਦੇ ਘਰੋਂ ਵਾਪਸੀ ਸਮੇ ਉਸਦਾ ਮੋਟਰ ਸਾਇਕਲ ਪੈਂਚਰ ਹੋ ਗਿਆ ਤੇ ਉਪਰੋਂ ਡੂੰਘੀ ਸ਼ਾਮ ਉਤਰ ਆਈ। ਸੁੰਨਸਾਨ ਰਸਤੇ 'ਤੋਂ ਗੁਜਰਦਿਆਂ ਜਿਹੋ ਜਿਹੇ ਮਾਨਸਿਕ ਸਹਿਮ ਵਿੱਚੋਂ ਅਸੀਂ ਦੋਵੇਂ ਲੰਘੇ ਸਾਂ, ਉਸਨੂੰ ਯਾਦ ਕਰਦਿਆਂ ਹੁਣ ਵੀ ਮਨ ਕੰਬ ਉਠਦਾ ਹੈ। ਸੰਤ ਸਿੰਘ ਸੇਖੋ ਦੀ ਕਹਾਣੀ ਪ੍ਰੇਮੀ ਦੇ ਨਿਆਣੇ ਵਿਚਲੇ ਬਾਲ ਪਾਤਰਾਂ ਵਾਂਗ ਅਸੀਂ ਕਿਵੇ ਇੱਕ ਦੂਜੇ ਨੂੰ ਹੌਸਲਾ ਦਿੰਦੇ ਰਹੇ, ਉਹਨਾਂ ਪਲਾਂ ਦੀ ਹੀ ਪੁਨਰ ਸੁਰਜੀਤੀ ਕਰਦੀ ਹੈ ਇਹ ਕਹਾਣੀ। ਮਲੌਂਦਵੀ ਦੀ ਬੋਹਾ ਰਿਹਾਇਸ਼ ਸਮੇ ਸਾਰੇ ਲੇਖਕ ਦੋਸਤ ਜਾਣਦੇ ਸਨ ਕਿ ਉਹ ਮੇਰੇ ਮੁਕਾਬਲੇ ਕਿਤੇ ਚੰਗਾ ਮੇਜ਼ਬਾਨ ਹੈ । ਇਸ ਲਈ ਬੋਹਾ ਆਉਣ 'ਤੇ ਉਹ ਮੇਰੀ ਬਜਾਏ ਉਸਦੇ ਘਰ ਹੀ ਠਹਿਰਦੇ ਸਨ । ਉਸਦੀ ਇਹ ਮਹਿਮਾਨ ਨਿਵਾਜ਼ੀ ਦੀ ਆਦਤ ਰੋਪੜ ਜਾ ਕੇ ਵੀ ਉਸੇ ਤਰਾਂ ਬਰਕਰਾਰ ਰਹੀ । ਉਹ ਏਧਰਲੇ ਸਾਰੇ ਜਾਣਕਾਰਾਂ ਨੂੰ ਸੱਦਾ ਦਿੰਦਾ ਕਿ ਉਹ ਪਹਾੜਾਂ ਦੀ ਸੈਰ ਕਰਨ ਬਹਾਨੇ ਉਸਨੂੰ ਮਹਿਮਾਨ ਨਿਵਾਜ਼ੀ ਦਾ ਮੌਕਾ ਜ਼ਰੂਰ ਦੇਣ। ਇਸ ਖੇਤਰ ਦਾ ਜਿਹੜਾ ਵੀ ਉਸਦਾ ਜਾਣਕਾਰ ਉਸਨੂੰ ਮਿਲ ਕੇ ਆਉਂਦਾ ਵਾਪਸੀ 'ਤੇ ਉਸਦੀ ਨਿੱਘੀ ਮਹਿਮਾਨ -ਨਿਵਾਜ਼ੀ ਦੀ ਤਾਰੀਫ ਮੇਰੇ ਕੋਲ ਜ਼ਰੂਰ ਕਰਦਾ। ਕਈ ਵਾਰ ਮੈਂ ਵੀ ਮਨ ਬਣਾਇਆ ਸੀ ਕਿ ਬੇਟੇ ਕੋਲ ਮੁਹਾਲੀ ਜਾਂਦਿਆ ਉਸ ਦੇ ਪਿੰਡ ਪਹੁੰਚ ਕੇ ਉਸਦਾ ਮੇਰੇ ਸਿਰ ਚੜ੍ਹਿਆ ਉਲਾਂਭਾ ਲਾਹ ਹੀ ਦਿਆਂ ਪਰ ਹਰ ਵਾਰ ਘੌਲ ਹੋ ਜਾਂਦੀ ਰਹੀ । ਜਿਸਦਾ ਅਫਸੋਸ ਹੁਣ ਮੈਨੂੰ ਉਸਦੇ ਤੁਰ ਜਾਣ ਤੋਂ ਬਾਅਦ ਹੋ ਰਿਹਾ ਹੈ। ਮੈਂ ਇਹ ਗੱਲ ਬੜੀ ਸ਼ਿਦਤ ਨਾਲ ਮਹਿਸੂਸ ਕਰ ਰਿਹਾ ਹਾਂ ਕਿ ਹੁਣ ਮੈਂ ਕਦੇ ਵੀ ਉਸਦੀ ਮਿੱਠੀ ਅਵਾਜ਼ ਵਿਚ ਹਰਮੋਨੀਅਮ ਤੇ ਗਾਏ ਸ਼ਬਦ 'ਜੋ ਮਾਂਗੇ ਠਾਕੁਰ ਆਪਣੇ 'ਤੇ' ਸੁਨਣ ਦਾ ਉਹ ਸੁਭਾਗ ਪ੍ਰਾਪਤ ਨਹੀਂ ਕਰ ਸਕਾਂਗਾਂ, ਜਿਹੜਾ ਮੈਂ ਉਸਦੀ ਬੋਹਾ ਰਿਹਾਇਸ਼ ਸਮੇਂ ਹਾਸਿਲ ਕਰਦਾ ਰਿਹਾ ਹਾਂ।

ਗੁਲਵੰਤ ਮਲੌਂਦਵੀ ਪੰਜਾਬੀ ਸਾਹਿਤ ਦਾ ਸਾਊ ਤੇ ਸੁਹਰਦ ਪਾਠਕ ਸੀ। ਸਾਊ ਲਫਜ਼ ਦੀ ਵਰਤੋਂ ਮੈਂ ਇਸ ਲਈ ਕਰ ਰਿਹਾ ਹਾਂ ਕਿ ਜੇ ਉਹ ਮੇਰੇ ਕੋਲ ਕੋਈ ਕਿਤਾਬ ਪੜ੍ਹਣ ਲਈ ਲੈ ਜਾਂਦਾ ਤਾਂ ਉਸਨੂੰ ਬਾ-ਇੱਜਤ ਤੇ ਜਿੰਮੇਵਾਰੀ ਨਾਲ ਵਾਪਸ ਵੀ ਕਰ ਦਿੰਦਾ ਸੀ। ਉਸ ਆਪਣੀ ਨਿੱਜੀ ਲਾਇਬਰੇਰੀ ਵੀ ਆਪਣੇ ਪੈਸੇ ਖਰਚ ਕੇ ਹੀ ਬਣਾਈ ਹੋਈ ਸੀ। ਹਰ ਮਹੀਨੇ ਉਹ ਇਕ ਦੋ ਕਿਤਾਬਾਂ ਜ਼ਰੂਰ ਖਰੀਦਦਾ।ਉਹ ਪੁਸਤਕ ਨੂੰ ਪੜ੍ਹਣ ਉਪਰਤ ਉਸਨੂੰ ਸਾਂਭ ਕੇ ਰੱਖਣਾ ਵੀ ਜਾਣਦਾ ਸੀ। ਕਈ ਵਾਰ ਮੈਨੂੰ ਉਸਦੇ ਇਕ ਸਰੀਰ ਵਿਚ ਦੋ ਗੁਲਵੰਤ ਨਿਵਾਸ ਕਰਦੇ ਵੀ ਵਿਖਾਈ ਦਿੰਦੇ ਰਹੇ ਨੇ । ਇਕ ਅਤਿ ਗਰਮ ਗੁਲਵੰਤ ਤੇ ਦੂਸਰਾ ਅਤਿ ਨਰਮ ਗੁਲਵੰਤ । ਨਰਮ ਤੇ ਮਿੱਠੇ ਗੁਲਵੰਤ ਦੀ ਜਾਣ ਪਛਾਣ ਦਾ ਦਾਇਰਾ ਬਹੁਤ ਲੰਬਾ - ਚੌੜਾ ਸੀ ਤੇ ਉਸਦੀ ਸਾਹਬ ਸਲਾਮ ਹਰ ਛੋਟੇ ਵੱਡੇ ਨਾਲ ਸੀ। 'ਆਓ ਜੀ', 'ਜੀ ਆਇਆ ਨੂੰ', 'ਆਹ ਤਾਂ ਕੀੜੀ ਦੇ ਘਰ ਨਰਾਇਣ ਆਗੇ, 'ਧੰਨ ਭਾਗ ਮੇਰੇ' 'ਅਨਾਇਤ ਹੈ ਤੁਹਾਡੀ', 'ਧੰਨਵਾਦ ਤੁਹਾਡਾ' ਜਿਹੇ ਸ਼ਬਦ ਉਹ ਦਿਨ ਵਿਚ ਕਈ ਕਈ ਵਾਰ ਵਰਤਦਾ ਤੇ ਇਹ ਮਾਖਿਓਂ ਮਿੱਠੇ ਸ਼ਬਦ ਉਸਦੇ ਸੰਪਰਕ ਵਿਚ ਆਉਣ ਵਾਲੇ ਸਾਰੇ ਲੋਕਾਂ ਦੇ ਮਨਾਂ ਵਿਚ ਉਸ ਲਈ ਪਿਆਰ ਤੇ ਸਤਿਕਾਰ ਦੀ ਭਾਵਨਾ ਪੈਦਾ ਕਰ ਦਿੰਦੇ। ਜਦੋਂ ਮਹੀਨੇ ਵੀਹੀਂ ਦਿਨੀ ਗਰਮ ਗੁਲਵੰਤ ਦੀ ਵਾਰੀ ਆ ਜਾਂਦੀ ਤਾਂ ਉਹ ਨਰਮ ਗੁਲਵੰਤ ਦੀ ਇਕ ਨਹੀਂ ਸੀ ਚੱਲਣ ਦਿੰਦਾ । ਉਹ ਆਪਣੇ ਦਾਇਰੇ ਦੇ ਸਾਰੇ ਲੋਕਾ ਪ੍ਰਤੀ ਆਪਣੇ ਨੂੰ ਸੁਹਿਰਦ ਸਮਝਦਾ ਸੀ ਤੇ ਉਹਨਾਂ ਦੇ ਵਿਗੜੇ ਕੰਮ ਸੁਆਰਣ ਦਾ ਯਤਨ ਕਰਦਾ ਰਹਿੰਦਾ ਸੀ। ਬਦਲੇ ਵਿਚ ਉਹ ਹੋਰਨਾਂ ਕੋਲੋ ਵੀ ਅਜਿਹੀ ਹੀ ਸੁਹਰਿਦਤਾ ਦੀ ਆਸ ਰੱਖਦਾ ਸੀ ।ਆਪਣੇ ਪ੍ਰਤੀ ਵਿਖਾਈ ਜਰਾ ਜਿੰਨੀ ਲਾ-ਪ੍ਰਵਾਹੀ ਵੀ ਉਸ ਤੋਂ ਸਹਾਰ ਨਹੀਂ ਸੀ ਹੁੰਦੀ।ਸਰੀਰਕ ਰੂਪ ਵਿਚ ਆਪਣੇ ਅੰਤਲੇ ਸਮੇ ਵਿਚ ਤਾਂ ਉਹ ਆਪਣੇ ਆਪ ਨਾਲ ਹੀ ਨਰਾਜ਼ ਤੇ ਗੁੱਸੇ ਹੋ ਗਿਆ ਤੇ ਆਪਣੇ ਦੋਸਤਾਂ ਨੂੰ ਆਪਣੇ ਅੰਦਰਲੀ ਨਰਾਜ਼ਗੀ ਤੋਂ ਜਾਣੂ ਕਰਵਾਏ ਬਿੰਨਾਂ ਹੀ ਅਖਬਾਰ ਦੀ ਖਬਰ ਬਣ ਗਿਆ। ਗੁਲਵੰਤ ਯਾਰ ਤੈਨੂੰ ਅਲਵਿਦਾ ਕਹਿਣ ਦਾ ਮੇਰੇ ਵਿਚ ਹੌਂਸਲਾਂ ਨਹੀਂ ਹੈ ਤੇ ਮੈਂ ਕਹਾਂਗਾ ਵੀ ਨਹੀ.. ਕਿਉ ਕਿ ਮੇਰੀ ਰਹਿੰਦੀ ਉਮਰ ਤੱਕ ਤੂੰ ਮੈਨੂੰ ਯਾਦ ਆਉਂਦਾ ਹੀ ਰਹੇਂਗਾ।

# ਭਾਜਪਾ ਆਗੂ ਆਰ. ਪੀ. ਸਿੰਘ ਦੇ ਵਿਵਾਦਿਤ ਬਿਆਨ 'ਤੇ ਐਡਵੋਕੇਟ ਧਾਮੀ ਦੀ ਤਿੱਖੀ ਪ੍ਰਤੀਕਿਰਿਆ

ਅੰਮ੍ਰਿਤਸਰ (ਪੰਜਾਬੀ ਅਖਬਾਰ ਬਿਊਰੋ)- ਭਾਰਤੀ ਜਨਤਾ ਪਾਰਟੀ ਦੇ ਕੌਮੀ ਬੁਲਾਰੇ ਆਰ. ਪੀ. ਸਿੰਘ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਵਿਵਾਦਤ ਟਿੱਪਣੀ ਕਰਨ ਦਾ ਸਖ਼ਤ ਨੋਟਿਸ ਲੈਂਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਜੇਕਰ ਧਰਮ ਪਰਿਵਰਤਨ ਦੇ ਮਾਮਲੇ ਵਿੱਚ ਸ੍ਰੀ ਆਰ. ਪੀ. ਸਿੰਘ ਸੱਚਮੁੱਚ ਹੀ ਸੰਜੀਦਾ ਹਨ, ਤਾਂ ਉਹ ਸ਼੍ਰੋਮਣੀ ਕਮੇਟੀ ਦੇ ਭਾਰਤ ਸਰਕਾਰ ਕੋਲ ਪਏ ਕੇਸ 'ਤੇ ਪਹਿਲ ਦੇ ਆਧਾਰ 'ਤੇ ਕਾਰਵਾਈ ਕਰਵਾਉਣ। ਉਨ੍ਹਾਂ ਕਿਹਾ ਕਿ ਧਰਮ ਪਰਿਵਰਤਨ ਦੇ ਮੁੱਦੇ 'ਤੇ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ 'ਤੇ ਸਵਾਲ ਖੜ੍ਹੇ ਕਰਨੇ ਕੋਈ ਆਮ ਪ੍ਰਤੀਕਰਮ ਨਾ ਹੋ ਕੇ ਪ੍ਰਾਪੇਗੰਡਾ ਤਹਿਤ ਇਕ ਸੋਚੀ ਸਮਝੀ ਸਾਜ਼ਿਸ਼ ਦੀ ਕੜੀ ਹੈ। ਐਡਵੋਕੇਟ ਧਾਮੀ ਨੇ ਆਖਿਆ ਕਿ ਬਿਨਾਂ ਸ਼ੱਕ ਸ਼੍ਰੋਮਣੀ ਕਮੇਟੀ ਵਲੋਂ ਸਿੱਖੀ ਦੇ ਪ੍ਰਚਾਰ ਲਈ ਕਾਰਜ ਨਿਰੰਤਰ ਜਾਰੀ ਹਨ, ਪਰ ਆਰ. ਪੀ. ਸਿੰਘ ਵਰਗੇ ਕੁਝ ਲੋਕ ਸਿੱਖ ਕੌਮ ਦੀ ਵਕਾਰੀ ਸੰਸਥਾ ਨੂੰ ਢਾਹ ਲਗਾਉਣ ਦੇ ਯਤਨ ਵਿੱਚ ਹਨ। ਆਰ. ਪੀ. ਸਿੰਘ ਵੱਲੋਂ ਧਰਮ ਪਰਿਵਰਤਨ ਦੇ ਮੁੱਦੇ 'ਤੇ ਸ਼੍ਰੋਮਣੀ ਕਮੇਟੀ ਦੇ ਨਾਂ 'ਤੇ ਸਵਾਲ ਖੜ੍ਹੇ ਕਰਨਾ ਨਿੰਦਣਯੋਗ ਹੈ, ਜਿਸ ਦੀ ਉਸ ਨੂੰ ਮੁਆਫ਼ੀ ਮੰਗਣੀ ਚਾਹੀਦੀ ਹੈ।ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖ ਕੌਮ ਦੀ ਸੰਵਿਧਾਨਕ ਸੰਸਥਾ ਹੈ, ਜੋ ਬੀਤੇ 100 ਸਾਲ ਤੋਂ ਲਗਾਤਾਰ ਸਿੱਖੀ ਦੇ ਪ੍ਰਚਾਰ ਪ੍ਰਸਾਰ ਦੇ ਨਾਲ-ਨਾਲ ਲੋਕ ਭਲਾਈ ਦੇ ਕਾਰਜ ਕਰ ਰਹੀ ਹੈ। ਗੁਰਦੁਆਰਾ ਪ੍ਰਬੰਧਾਂ ਦੇ ਨਾਲ-ਨਾਲ ਸਿਹਤ ਅਤੇ ਸਿੱਖਿਆ ਦੇ ਖੇਤਰ ਵਿੱਚ ਵੀ ਸ਼੍ਰੋਮਣੀ ਕਮੇਟੀ ਦੀਆਂ ਵੱਡੀਆਂ ਪ੍ਰਾਪਤੀਆਂ ਹਨ। ਉਨ੍ਹਾਂ ਕਿਹਾ ਕਿ ਭਾਜਪਾ ਦੇ ਬੁਲਾਰੇ ਆਰ. ਪੀ. ਸਿੰਘ ਵੱਲੋਂ ਸਿੱਖਾਂ ਦੀ ਪ੍ਰਤੀਨਿੱਧੀ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਮਜ਼ਾਕ ਵਜੋਂ ਲੈ ਕੇ ਇਸ ਦਾ ਨਾਂ ਵਿਗਾੜਨ ਦੀ ਗੱਲ ਕਰਨੀ ਉਸ ਦੀ ਗ਼ੈਰ-ਜ਼ਿੰਮੇਵਾਰਾਨਾ ਹਰਕਤ ਹੈ, ਜਿਸ ਨੇ ਸਿੱਖ ਸਮਾਜ ਦੀਆਂ ਭਾਵਨਾਵਾਂ ਨੂੰ ਸੱਟ ਮਾਰੀ ਹੈ। ਉਨ੍ਹਾਂ ਕਿਹਾ ਕਿ ਜਿਸ ਧਰਮ ਪਰਿਵਰਤਨ ਦੇ ਮਾਮਲੇ 'ਤੇ ਆਰ. ਪੀ. ਸਿੰਘ ਗੱਲ ਕਰ ਰਹੇ ਹਨ, ਉਹ ਸ਼੍ਰੋਮਣੀ ਕਮੇਟੀ ਵਲੋਂ ਪਹਿਲਾਂ ਹੀ ਸੰਜੀਦਗੀ ਨਾਲ ਲਿਆ ਜਾ ਰਿਹਾ ਹੈ। ਇਸ ਸਬੰਧ ਵਿਚ ਸ਼੍ਰੋਮਣੀ ਕਮੇਟੀ ਵਲੋਂ ਭਾਰਤ ਸਰਕਾਰ ਦੇ ਕੌਮੀ ਘੱਟਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੂੰ ਲਿਖਤੀ ਤੌਰ 'ਤੇ ਭੇਜਿਆ ਜਾ ਚੁੱਕਾ ਹੈ, ਜਿਸ ਆਧਾਰ 'ਤੇ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਤੇ ਈਸਾਈ ਧਰਮ ਦੇ ਪ੍ਰਤੀਨਿੱਧਾਂ ਨਾਲ ਲੰਘੀ 16 ਜੂਨ ਨੂੰ



ਬੈਠਕ ਵੀ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਆਰ. ਪੀ. ਸਿੰਘ ਧਰਮ ਪਰਿਵਰਤਨ ਦੇ ਮਾਮਲੇ ਵਿੱਚ ਵਾਕਿਆ ਹੀ ਸੰਜੀਦਾ ਹਨ ਤਾਂ ਉਹ ਆਪਣੀ ਪਾਰਟੀ ਭਾਜਪਾ ਦੀ ਕੇਂਦਰ ਸਰਕਾਰ ਨੂੰ ਇਸ ਮਾਮਲੇ 'ਤੇ ਕਾਰਵਾਈ ਕਰਨ ਲਈ ਕਹਿਣ ਪਰ ਜੇਕਰ ਉਸ ਦਾ ਬਿਆਨ ਕੇਵਲ ਸੁਰਖ਼ੀਆਂ ਬਟੋਰਨ ਅਤੇ ਮੁੱਦੇ ਨੂੰ ਸੁਰਖ ਕਰਨ ਲਈ ਹੈ, ਤਾਂ ਇਹ ਬੇਹੱਦ ਮੰਦਭਾਗਾ ਹੈ। ਦਰਅਸਲ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਤੇ ਰਾਸ਼ਟਰੀ ਬੁਲਾਰੇ ਆਰ. ਪੀ. ਸਿੰਘ ਨੇ ਪੰਜਾਬ 'ਚ ਲੋਕਾਂ ਦੇ ਈਸਾਈ ਧਰਮ ਨੂੰ ਅਪਣਾਉਣ ਦੇ ਵੱਧਦੇ ਰੁਝਾਨ ਨੂੰ ਲੈ ਕੇ ਚਿੰਤਾ ਜਤਾਈ ਗਈ ਸੀ। ਉਨ੍ਹਾਂ ਨੇ ਟਵੀਟ ਕਰ ਕੇ ਕਿਹਾ ਸੀ ਕਿ ਜਿਸ ਤੇਜ਼ੀ ਨਾਲ ਪੰਜਾਬ ਨੂੰ ਈਸਾਈ ਧਰਮ 'ਚ ਬਦਲਿਆ ਜਾ ਰਿਹਾ ਹੈ, ਬਹੁਤ ਜਲਦੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨਹੀਂ ਹੋਵੇਗਾ। ਇਸ ਦੀ ਜਗ੍ਹਾ ਐਸ.ਜੀ.ਪੀ.ਸੀ., ਸ਼੍ਰੋਮਣੀ ਚਰਚ ਪ੍ਰਬੰਧਕ ਕਮੇਟੀ ਹੋਵੇਗੀ। ਇਸ ਗੱਲ ਨੂੰ ਲੈ ਕੇ ਹੁਣ ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਤਿੱਖੀ ਪ੍ਰਤੀਕਿਰਿਆ ਸਾਹਮਣੇ ਆਈ ਹੈ।

# ਸੜਕਾਂ 'ਤੇ ਘੁੰਮਦੀ ਲਾਵਾਰਸ-ਬੇਘਰ ਮੰਦ ਬੁੱਧੀ ਰੇਖਾ ਨੂੰ ਮਿਲਿਆ ਸਵਰਗ ਰੂਪੀ ਰਹਿਣ ਬਸੇਰਾ

ਇਹ ਘਟਨਾ ਪਿਛਲੇ ਦਿਨੀ 25 ਜੁਲਾਈ ਦੀ ਹੈ ਜਦੋਂ ਪਹੁ ਫੁਟਾਲੇ ਨਾਲ ਕਿਸੇ ਭਲੇ ਪੁਰਸ਼ ਦੀ ਨਿਗ੍ਹਾ ਲੁਧਿਆਣਾ ਸ਼ਹਿਰ ਦੇ ਨਜ਼ਦੀਕ ਪਿੰਡ ਧਾਂਦਰਾ 'ਚ ਲਾਵਾਰਸ ਹਾਲਤ ਵਿੱਚ ਘੁੰਮ ਰਹੀ 55 ਕੁ ਸਾਲ ਦੀ ਇਸ ਔਰਤ 'ਤੇ ਪਈ। ਉਸ ਵਿਅਕਤੀ ਨੇ ਨਜ਼ਦੀਕ ਪੈਂਦੀ ਬਸੰਤ ਐਵੀਨਿਊ ਪੁਲਿਸ ਚੌਕੀ ਨੂੰ ਇਤਲਾਹ ਕੀਤੀ। ਪੁਲਿਸ ਨੇ ਮੌਕੇ ਤੇ ਆ ਕੇ ਇਸ ਔਰਤ ਨੂੰ ਨਾਉਂ ਅਤੇ ਘਰ-ਬਾਰ ਵਾਰੇ ਪੁੱਛਿਆ। ਇਸ ਔਰਤ ਨੇ ਆਪਣਾ ਨਾਮ ਤਾਂ ਰੇਖਾ ਦੱਸ ਦਿੱਤਾ ਪਰ ਘਰ-ਬਾਰ ਬਾਰੇ ਕੁੱਝ ਨਾ ਦੱਸ ਸਕੀ। ਲਾਵਾਰਸ ਤੇ ਬੇਘਰ ਔਰਤ ਹੋਣ ਕਰਕੇ ਹੈੱਡ ਕੰਨਸਟੇਬਲ ਲਖਵਿੰਦਰ ਸਿੰਘ ਅਤੇ ਹੋਰ ਪੁਲਿਸ ਮੁਲਾਜ਼ਮਾਂ ਨੇ ਇਸਨੂੰ ਸਰਾਭਾ ਪਿੰਡ ਦੇ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਵਿੱਚ ਦਾਖਲ ਕਰਵਾ ਦਿੱਤਾ ਹੈ।

ਧਾਂਦਰਾ ਪਿੰਡ ਅਤੇ ਆਸ ਪਾਸ ਦੇ ਲੋਕਾਂ ਨੇ ਦੱਸਿਆ ਕਿ ਇਹ ਦਿਮਾਗੀ ਸੰਤੁਲਨ ਗੁਆ ਚੁੱਕੀ ਔਰਤ ਕਈ ਦਿਨਾਂ ਤੋਂ ਇਸ ਇਲਾਕੇ ਵਿੱਚ ਲਾਵਾਰਸ ਹਾਲਤ ਵਿੱਚ ਘੁੰਮ ਰਹੀ ਸੀ। ਇਸਨੂੰ ਖਾਣ-ਪੀਣ ਦੀ ਕੋਈ ਸੁੱਧ ਨਹੀਂ ਸੀ, ਜਿੱਥੋਂ ਕੋਈ ਖਾਣ ਵਾਲੀ ਵਸਤੂ ਮਿਲਦੀ ਚੁੱਕ ਕੇ ਖਾ ਲੈਂਦੀ, ਜਿੱਥੋਂ ਜੀਅ ਕਰਦਾ ਮੈਲਾ-ਕੁਚੈਲਾ ਪਾਣੀ ਪੀ ਲੈਂਦੀ ਸੀ।



ਆਸ਼ਰਮ 'ਚ ਦਾਖਲ ਹੋਣ ਸਮੇਂ ਰੇਖਾ

ਆਸ਼ਰਮ 'ਚ ਆਉਣ ਤੋਂ ਬਾਅਦ ਰੇਖਾ ਨੂੰ ਇਸ਼ਨਾਨ ਕਰਵਾ ਕੇ ਖਾਣਾ ਖਵਾਇਆ ਗਿਆ। ਜਦੋਂ ਥੋੜਾ ਸੁਰਤ ਸਿਰ ਹੋਈ ਤਾਂ ਆਸ਼ਰਮ ਦੇ ਕਰਮਚਾਰੀਆਂ ਨਾਲ ਗੱਲਬਾਤ ਦੌਰਾਨ ਉਸਨੇ ਸਿਰਫ ਆਪਣਾ ਨਾਮ ਹੀ ਦੱਸਿਆ, ਹੋਰ ਕੁੱਝ ਪੁੱਛਣ ਤੇ ਉੱਚੀ-ਉੱਚੀ ਰੋਣ ਲੱਗ ਪਈ। ਉਸਦੀਆਂ ਧਾਹਾਂ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਕਿ ਉਸਨੇ ਜਿੰਦਗੀ 'ਚ ਕਾਫ਼ੀ ਦਰਦ ਸਹੇ ਹਨ। ਹੁਣ ਆਸ਼ਰਮ ਵਿੱਚ ਸੇਵਾਦਾਰਾਂ ਵੱਲੋਂ ਚੰਗੀ ਸਾਂਭ-ਸੰਭਾਲ ਤੋਂ ਬਾਅਦ ਉਸਦੀ ਜ਼ਿੰਦਗੀ ਵਿੱਚ ਸੁਧਾਰ ਆਉਣਾ ਸ਼ੁਰੂ ਹੋ ਗਿਆ ਹੈ। ਰੇਖਾ ਦੇ ਉਦਾਸ ਚਿਹਰੇ ਦੀ ਝਲਕ ਹੁਣ ਖੁਸ਼ੀ ਵਿੱਚ ਬਦਲਦੀ ਦਿਖਾਈ ਦਿੰਦੀ ਹੈ। ਇਸ ਆਸ਼ਰਮ ਨੇ ਰੇਖਾ ਨੂੰ ਨਵੀਂ ਉਮੀਦ ਦੇ ਨਾਲ-ਨਾਲ ਸਵਰਗ ਰੂਪੀ ਰਹਿਣ-ਬਸੇਰਾ ਦਿੱਤਾ ਹੈ। ਆਸ਼ਰਮ ਵੱਲੋਂ ਰੇਖਾ ਦਾ ਮਾਨਸਿਕ ਇਲਾਜ ਵੀ ਕਰਵਾਇਆ ਜਾਵੇਗਾ । ਹੋ ਸਕਦਾ ਹੈ ਇਲਾਜ ਕਰਾਉਣ ਨਾਲ ਕਈ ਹੋਰ ਮਰੀਜ਼ਾਂ ਦੀ ਤਰ੍ਹਾਂ ਇਸ ਦੀ ਯਾਦਾਸ਼ਤ ਵਾਪਸ ਆ ਜਾਵੇ।

ਆਸ਼ਰਮ ਦੇ ਸੰਸਥਾਪਕ ਡਾ. ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਜੋਧਾਂ ਦੀ ਦੇਖ-ਰੇਖ ਵਿੱਚ ਇਸ ਆਸ਼ਰਮ 'ਚ 200 ਦੇ ਕਰੀਬ ਲਾਵਾਰਸ, ਅਪਾਹਜ, ਬੇਘਰ, ਬੇਸਹਾਰਾ, ਮਰੀਜ਼ ਰਹਿੰਦੇ ਹਨ। ਜਿਹਨਾਂ ਵਿੱਚ ਰੇਖਾ ਵਰਗੇ ਹੋਰ ਵੀ ਕਿਤਨੇ ਹੀ ਮਰੀਜ਼ ਹਨ ਜਿਹੜੇ ਪੂਰੀ ਸੁੱਧ-ਬੁੱਧ ਨਾ ਹੋਣ ਕਾਰਨ ਕੱਪੜਿਆਂ ਵਿੱਚ ਹੀ ਮਲ-ਮੂਤਰ ਕਰਦੇ ਹਨ। ਆਸ਼ਰਮ ਵਿੱਚ ਹੋ ਰਹੀ ਇਹ ਬੇਮਿਸਾਲ ਤੇ ਨਿਰਸਵਾਰਥ ਸੇਵਾ ਸੰਗਤਾਂ ਦੇ ਸਹਿਯੋਗ ਨਾਲ ਹੀ ਚੱਲਦੀ ਹੈ। ਆਸ਼ਰਮ ਵਾਰੇ ਹੋਰ ਜਾਣਕਾਰੀ ਲਈ ਸੰਪਰਕ: ਆਸ਼ਰਮ: 95018-42505; ਡਾ. ਨੌਰੰਗ ਸਿੰਘ ਮਾਂਗਟ: 95018-42506; ਕੈਨੇਡਾ: 403-401-8787.

# ਗਰਭਵਤੀ ਮਹਿਲਾਵਾਂ ਲਈ ਦਰਦ ਨਿਵਾਰਕ ਦਵਾਈ ਦੀ ਘਾਟ ਹੁਣ ਪੂਰੇ ਕਨੇਡਾ ਵਿੱਚ ਹੋ ਗਈ ਹੈ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਗਰਭਵਤੀ ਮਹਿਲਾਵਾਂ ਨੂੰ ਜਦੋਂ ਦਰਦ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਇਸ ਦਰਦ ਤੋਂ ਨਿਜਾਤ ਪਾਉਣ ਜਾਂ ਛੁਟਕਾਰਾ ਪਾਉਣ ਲਈ ਐਪੀਡਿਊਰਲ ਨਾਮ ਦੀ ਦਵਾਈ ਦਿੱਤੀ ਜਾਂਦੀ ਹੈ। ਪਹਿਲਾਂ ਤਾਂ ਕੈਨੇਡਾ ਦੇ ਕਿਸੇ ਕਿਸੇ ਹਿੱਸੇ ਤੋਂ ਇਹ ਖਬਰਾਂ ਆ ਰਹੀਆਂ ਸਨ ਕਿ ਇਸ ਦਵਾਈ ਦੀ ਸਪਲਾਈ ਵਿੱਚ ਕਮੀ ਆ ਰਹੀ ਹੈ ਪਰ ਮੌਜੂਦਾ ਦੌਰ ਵਿੱਚ ਇਹ ਸਥਿਤੀ ਪੂਰੇ ਕੈਨੇਡਾ ਵਿੱਚ ਨਜ਼ਰ ਆ ਰਹੀ ਹੈ ਜਿਸ ਕਾਰਨ ਗਰਭਵਤੀ ਮਹਿਲਾਵਾਂ ਨੂੰ ਚਿੰਤਾ ਹੋ ਰਹੀ ਹੈ।

# ਅਮਰੀਕਾ ਵਿੱਚ ਮਹਿੰਗਾਈ ਨੂੰ ਠੱਲਣ ਲਈ ਬਿਲ ਲਿਆਂਦਾ ਜਾ ਰਿਹਾ ਹੈ।

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਦੁਨੀਆਂ ਦੇ ਬਾਕੀ ਮੁਲਕਾਂ ਵਾਂਗ ਅਮਰੀਕਾ ਵਿੱਚ ਵੀ ਮਹਿੰਗਾਈ ਨੇ ਆਮ ਲੋਕਾਂ ਦਾ ਜੀਣਾ ਮੁਹਾਲ ਕੀਤਾ ਹੋਇਆ ਹੈ ਜਿਸ ਕਾਰਨ ਇਸ ਮਹਿੰਗਾਈ ਨੂੰ ਠੱਲ੍ਹ ਪਾਉਣ ਵਾਸਤੇ ਹੁਣ ਇਨਫਲੇਸ਼ਨ ਰਿਡਕਸ਼ਨ ਐਕਟ ਲਿਆਂਦਾ ਜਾ ਰਿਹਾ ਹੈ ਜਿਸ ਉੱਪਰ ਟਿੱਪਣੀ ਕਰਦਿਆਂ ਰਾਸ਼ਟਰਪਤੀ ਜੋਅ ਬਾਇਡੇਨ ਨੇ ਵਾਸ਼ਿੰਗਟਨ ਡੀਸੀ ਵਿਖੇ ਸੰਬੋਧਨ ਕਰਦਿਆਂ ਆਖਿਆ ਕਿ ਇਸ ਬਿਲ ਦਾ ਮਤਲਬ ਹੈ ਮਹਿੰਗਾਈ ਦੇ ਖ਼ਿਲਾਫ਼ ਲੜਾਈ ਉਨ੍ਹਾਂ ਆਖਿਆ ਕਿ ਇਸ ਨਾਲ ਆਮ ਨਾਗਰਿਕ ਨੂੰ ਕਾਫੀ ਲਾਭ ਹੋਵੇਗਾ ।

# ਭਾਰਤੀ ਮੂਲ ਦੇ ਅਮਰੀਕੀ ਸਾਂਸਦ ਨੂੰ ਧਮਕੀਆਂ ਦੇਣ ਵਾਲਾ ਪੁਲਿਸ ਅੜਿੱਕੇ ਆ ਗਿਆ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਸਿਆਟਲ ਦੇ 49 ਸਾਲਾ ਵਿਅਕਤੀ, ਜਿਸ ਨੂੰ ਇਸ ਮਹੀਨੇ ਦੇ ਸ਼ੁਰੂ ਵਿੱਚ ਭਾਰਤੀ-ਅਮਰੀਕੀ ਸੰਸਦ ਮੈਂਬਰ ਪ੍ਰਾਮਿਲਾ ਜੈਪਾਲ ਨੂੰ ਜਾਨੋਂ ਮਾਰਨ ਦੀ ਧਮਕੀ ਦੇਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ, ਉੱਤੇ ਪਿੱਛਾ ਕਰਨ ਦਾ ਦੋਸ਼ ਲਾਇਆ ਗਿਆ ਹੈ। ਕਿੰਗ ਕਾਊਂਟੀ ਪ੍ਰੌਸੀਕਿਊਟਿੰਗ ਅਟਾਰਨੀ ਦੇ ਦਫਤਰ ਅਨੁਸਾਰ ਪੁਲੀਸ ਜਾਂਚ ਟੀਮ ਵੱਲੋਂ ਸਬੂਤ ਇਕੱਠੇ ਕਰਨ ਤੋਂ ਬਾਅਦ ਬ੍ਰੈਟ ਫੋਰਸਲ ਖਿਲਾਫ ਦੋਸ਼ ਆਇਦ ਕੀਤੇ ਗਏ ਸਨ। ਫੋਰਸਲ ਨੂੰ 9 ਜੁਲਾਈ ਨੂੰ ਦੇਰ ਰਾਤ ਜੈਪਾਲ ਦੇ ਸਿਆਟਲ ਘਰ ਦੇ ਬਾਹਰ ਕਥਿਤ ਤੌਰ 'ਤੇ ਅਸ਼ਲੀਲ ਸ਼ਬਦ ਕਹਿਣ ਅਤੇ ਧਮਕੀਆਂ ਦੇਣ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ।









# ਰਿਕਾਰਡਿੰਗ ਦਾ ਇਤਿਹਾਸ-ਸੰਗੀਤ ਦੀ ਸ਼ੌਕੀਨਾਂ ਲਈ ਦਿਲਚਸਪ ਜਾਣਕਾਰੀ

ਤੁਸੀਂ ਪਿਛਲੇ ਅੰਕ ਵਿੱਚ ਪੜ੍ਹ ਚੁੱਕੇ ਹੋ ਅੱਜ ਉਸਤੋਂ ਅੱਗੇ ਗੱਲ ਕਰਦੇ ਹਾਂ।

ਅਪ੍ਰੈਲ 1898 ਵਿੱਚ ਇੱਕ ਅੰਗਰੇਜ਼ 'ਵਿਲੀਅਮ ਬੈਰੂ' ਨੇ ਗ੍ਰਮਾਫੋਨ ਐਂਡ ਟਾਈਪਰਾਈਟਰ ਕੰਪਨੀ ਦੀ ਸਥਾਪਨਾ ਕੀਤੀ, ਇਸ ਕੰਪਨੀ ਨੇ ਸ਼ੁਰੂਆਤੀ ਦੌਰ ਵਿੱਚ ਅੰਗਰੇਜ਼ੀ ਕਲਾਕਾਰਾਂ ਦੇ ਰਿਕਾਰਡ ਬਣਾਏ। ਇਸ ਕੰਪਨੀ ਨੇ ਇੱਕ 'ਮਾਰਕ ਬਾਰੋਡ ' ਨਾਮੀ ਕਲਾਕਾਰ ਦਾ ਰਿਕਾਰਡ ਬਣਾਇਆ। ਮਾਰਕ ਦਾ ਇੱਕ ਹੋਰ ਭਰਾ ' ਫਰਾਂਸਿਸ ਬਾਰੋਡ' ਬਹੁਤ ਵਧੀਆ ਪੇਂਟਰ ਸੀ। ਮਾਰਕ ਬਾਰੋਡ ਨੇ ਇੱਕ 'ਨਿੱਪਰ' ਨਾਮ ਦਾ ਕੁੱਤਾ ਪਾਲਿਆ ਹੋਇਆ ਸੀ। ਜਦੋਂ ਮਾਰਕ ਦਾ ਤਵਾ ਮਸ਼ੀਨ ਤੇ ਵਜਦਾ ਤਾਂ 'ਨਿੱਪਰ' ਮਸ਼ੀਨ ਦੇ ਭੋਂਪੂ ਚ ਆਪਣਾ ਕੰਨ ਕਰਕੇ ਮਗਨ ਹੋ ਜਾਂਦਾ। ਮਾਰਕ ਦੇ ਭਰਾ ਫਰਾਂਸਿਸ ਨੇ ਇਸ ਦ੍ਰਿਸ਼ ਦੀ ਤਸਵੀਰ ਬਣਾਈ। ਅਚਾਨਕ 'ਮਾਰਕ' ਦੀ ਮੌਤ ਹੋ ਗਈ। ਮਾਰਕ ਦੀ ਮੌਤ ਤੋਂ ਬਾਅਦ ਫਰਾਂਸਿਸ ਉਹ ਪੇਂਟਿੰਗ ਕੰਪਨੀ ਦੇ ਮਾਲਕਾਂ ਕੋਲ ਲੈ ਗਿਆ। ਉਸਨੇ ਦੱਸਿਆ ਕਿ ਇਹ ਕੁੱਤਾ ਆਪਣੇ ਮਾਲਕ ਦੀ ਆਵਾਜ਼ ਸੁਣ ਕੇ ਮੰਤਰ ਮੁਗਧ ਹੋ ਜਾਂਦਾ ਹੈ ਕਿਉਂਕਿ ' ਦਿਸ ਇਜ਼ ਹਿਜ਼ ਮਾਸਟਰਜ਼ ਵਾਇਸ'। ਕੰਪਨੀ ਨੇ ਉਹ ਪੇਂਟਿੰਗ ਕੁੱਝ ਕੁ ਪੈਸੇ ਦੇ ਕੇ ਖਰੀਦ ਲਈ।

ਦਸ ਕੁ ਵਰ੍ਹਿਆਂ 'ਚ ਹੀ ਅਮਰੀਕਾ ਦੇ ਨਿਊਜਰਸੀ ਦੀ ਕੰਪਨੀ 'ਵਿਕਟਰ ਟਾਕਿੰਗ ਮਸ਼ੀਨ' ਵੀ ਇਸੇ ਕੰਪਨੀ ਵਿੱਚ ਸਮਾਅ ਗਈ। ਇਸ ਰਲਾਅ ਨਾਲ ਕੰਪਨੀ ਦਾ ਇੱਕ ਨਵਾਂ ਨਾਮ ਬਣਿਆ 'ਇਲੈਕਟ੍ਰਿਕ ਐਂਡ



ਮਿਊਜ਼ਿਕ ਇੰਡਸਟਰੀ।' (E. M. I.) ਸਾਲ ਦੋ ਸਾਲਾਂ ਵਿੱਚ ਹੀ ਅਮਰੀਕਾ ਤੋਂ ਉੱਠੀ ਇੱਕ ਹੋਰ ਨਵੀਂ ਕੰਪਨੀ ਵੀ ਇਸੇ ਵਿੱਚ ਹੀ ਵਿਲੀਨ ਹੋ ਗਈ।

ਇਸ ਸਾਰੇ ਸਮੂਹ ਦਾ ਨਾਮ ਪਿਆ "ਦਾ ਗਰਾਮੋਫੋਨ ਕੰਪਨੀ ਲਿਮਟਿਡ " ਇਹਨਾਂ ਰਿਕਾਰਡਾਂ ਤੇ ਈ ਐਮ ਆਈ ਦੇ ਨਾਲ ਨਾਲ ਹਿਜ਼ ਮਾਸਟਰਜ਼ ਵਾਇਸ ਤੇ ਕੁੱਤੇ ਦੀ ਫੋਟੋ ਵਾਲਾ ਲੋਗੋ ਸ਼ੁਰੂ ਕੀਤਾ ਗਿਆ।

ਸ਼ੁਰੂ ਵਿੱਚ ਜਿਸ ਪਦਾਰਥ ਦੇ ਰਿਕਾਰਡ ਬਣਦੇ ਸਨ (ਜਿਸਨੂੰ ਅਸੀਂ ਪੰਜਾਬੀ ਵਿੱਚ ਪੱਥਰ ਦੇ ਤਵੇ ਆਖਦੇ ਹਾਂ) ਉਹ ਪਦਾਰਥ ਦਾ ਨਾਮ ਸੀ 'ਸ਼ੀ ਲੈਕ'। ਸ਼ੀ ਲੈਕ ਦਰਖਤਾਂ ਤੋਂ ਪੈਦਾ ਹੋਣ ਵਾਲਾ ਇੱਕ ਖਾਸ ਕਿਸਮ ਦਾ ਪਦਾਰਥ ਸੀ। ਜਿਸਨੂੰ ਕੁੱਝ ਖਾਸ ਕਿਸਮ ਦੇ ਕੀੜੇ ਹੀ ਤਿਆਰ ਕਰਦੇ ਸਨ। ਇਸਦਾ ਨਾਮ ਸ਼ੀਲੈਕ ਕਿਉਂ ਹੈ ? ਹੀਲੈਕ ਕਿਉਂ ਨਹੀਂ ਇਹ ਵੀ ਇੱਕ ਸੁਆਲ ਹੈ ਜਿਸਦਾ ਵਰਨਣ ਕਿਸੇ ਹੋਰ ਪੋਸਟ ਰਾਹੀਂ ਕਰਾਂਗਾ। ਸ਼ੀਲੈਕ ਨੂੰ ਪੰਜਾਬੀ ਵਿੱਚ ਅਸੀਂ 'ਲਾਖ' ਕਹਿ ਦੇਂਦੇ ਹਾਂ।

ਤਕਰੀਬਨ ਚਾਲੀ ਕੁ ਵਰ੍ਹੇ ਸ਼ੀਲੈਕ ਰਿਕਾਰਡ ਹੀ ਬਣਦੇ ਰਹੇ, ਜਿਹਨਾਂ ਤੇ ਸਿਰਫ ਇੱਕ ਇੱਕ ਗੀਤ ਹੀ ਹੁੰਦਾ ਸੀ ਤੇ ਇੱਕ ਮਿੰਟ ਵਿੱਚ 78 ਚੱਕਰ ਕੱਟਦਾ ਸੀ, ਇਸਨੂੰ ਸਿੰਗਲ ਰਿਕਾਰਡ (S. P.) ਦਾ ਨਾਮ ਦਿੱਤਾ ਗਿਆ। ਇਹ ਰਿਕਾਰਡ ਥੱਲੇ ਡਿੱਗਣ ਨਾਲ ਝੱਟ ਟੁੱਟ ਜਾਂਦੇ ਸੀ।

1950 ਦੇ ਕਰੀਬ ਸ਼ੀਲੈਕ ਦੀ ਥਾਂ ਇੱਕ ਹੋਰ ਪਦਾਰਥ ਆ ਗਿਆ ਜਿਸਦਾ ਨਾਮ ਸੀ "ਪੋਲੀ ਵਿਨਾਇਲ ਕਲੋਰਾਈਡ "। ਇਹ ਪਦਾਰਥ ਦਾ ਬਣਿਆ ਰਿਕਾਰਡ ਟੁੱਟਦਾ ਨਹੀਂ ਸੀ ਤੇ ਲਚਕਦਾਰ ਦੇ ਨਾਲ ਨਾਲ ਮੁਲਾਇਮ ਵੀ ਸੀ। ਇਸ ਰਿਕਾਰਡ ਉੱਤੇ ਇੱਕ ਤੋਂ ਵੱਧ ਗੀਤ ਭਾਵ ਸਿੰਗਲ ਰਿਕਾਰਡ ਨੂੰ ਐਕਸਟੈਂਡ ਕਰ ਦਿੱਤਾ ਗਿਆ (ਜਿਹਨੂੰ E. P. ਐਕਸਟੈਂਡ ਪਲੇਅ ਦਾ ਨਾਮ ਨਾਲ ਜਾਣਿਆ ਜਾਣ ਲੱਗਾ) ਆ ਗਏ ਤੇ ਇਸਦੀ ਸਪੀਡ ਘਟਾ ਦਿੱਤੀ। ਪਹਿਲਾਂ ਇੱਕ ਮਿੰਟ ਵਿੱਚ ਪੰਤਾਲੀ ਚੱਕਰਾਂ ਵਾਲੇ ਤੇ ਫੇਰ ਇੱਕ ਮਿੰਟ ਵਿੱਚ ਤੇਤੀ ਚੱਕਰਾਂ ਵਾਲੇ ਵੱਡੇ ਰਿਕਾਰਡ ਵੀ ਆ ਗਏ ( ਜਿਹਨਾਂ ਨੂੰ ਲੌਂਗ play L. P.) ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਪੋਲੀ ਵਿਨਾਇਲ ਕਲੋਰਾਈਡ ਦਾ ਨਾਮ ਅਸੀਂ ਸੌਖਾ ਜਿਹਾ ਕਰਕੇ (ਪੀ ਵੀ ਸੀ) ਰੱਖ ਲਿਆ ਅੰਤ ਤੱਕ ਇਹ ਰਿਕਾਰਡ ਹੀ ਚੱਲੇ। ਪੜ੍ਹੇ ਲਿਖੇ ਲੋਕਾਂ ਨੇ ਇਸਦਾ ਨਾਮ (ਵਿਨਾਇਲ) ਰੱਖ ਦਿੱਤਾ। ਸ਼ੀਲੈਕ ਰਿਕਾਰਡ 1960 ਵਿੱਚ ਬਿਲਕੁਲ ਬੰਦ ਹੋ ਗਏ ਸਨ।

ਇਸ ਕੰਪਨੀ ਦੀਆਂ ਸ਼ਾਖਾਵਾਂ ਵੱਖ ਵੱਖ ਦੇਸ਼ਾਂ ਵਿੱਚ ਸਨ ਪਰ ਇਸਦਾ ਮੁੱਖ ਦਫਤਰ ਹੇਜ਼ ਲੰਡਨ ਵਿੱਚ ਹੀ ਸੀ। ਜਿਸ ਦੇਸ਼ ਵਿੱਚ ਇਸਦੀ ਸ਼ਾਖਾ ਹੁੰਦੀ ਉਸ ਦੇਸ਼ ਦਾ ਨਾਮ ਜੋੜ ਦਿੱਤਾ ਜਾਂਦਾ ਸੀ। ਮਿਸਾਲ ਵਜੋਂ

ਦਾ ਗ੍ਰਮਾਫੋਨ ਕੰਪਨੀ ਆਫ ਇੰਡੀਆ ਲਿਮਟਿਡ ਡਮ ਡਮ ਕਲਕੱਤਾ

ਦਾ ਗ੍ਰਮਾਫੋਨ ਕੰਪਨੀ ਆਫ ਪਾਕਿਸਤਾਨ ਲਿਮਟਿਡ ਕਰਾਚੀ

ਮੈਂ ਕਲਕੱਤੇ ਵਾਲੀ ਫੈਕਟਰੀ ਤੇ ਲੰਡਨ ਵਾਲੀ ਫੈਕਟਰੀ ਤਾਂ ਦੇਖ ਆਇਆ ਹਾਂ। ਮਿਸ਼ੀਗਨ ਅਮਰੀਕਾ ਵਾਲਾ ਮਿਊਜ਼ੀਅਮ ਇਸ ਵਾਰ ਜਰੂਰ ਦੇਖ ਕੇ ਆਵਾਂਗਾ। ਕਰਾਚੀ ਵਾਲੀ ਸ਼ਾਇਦ ਮੇਰੀ ਕਿਸਮਤ ਵਿੱਚ ਹੈ ਜਾਂ ਨਾਂ ?

**Compact Cassette**
**ਰੀਲਾਂ ਦਾ ਯੁੱਗ**

ਰਿਕਾਰਡਾਂ ਦੇ ਯੁੱਗ ਤੋਂ ਬਾਅਦ ਗੀਤਾਂ ਨਾਲ ਮਨੋਰੰਜਨ ਦਾ ਇਹ ਸਾਧਨ ਬਹੁਤ ਪ੍ਰਚਲਿਤ ਹੋਇਆ। ਰਿਕਾਰਡਾਂ ਦੇ ਮੁਕਾਬਲੇ ਇਸਦੀ ਖਾਸੀਅਤ ਇਹ ਸੀ ਕਿ ਇਸ ਵਿਚ ਮਨਪਸੰਦ ਚੁਣੀਂਦਾ ਗੀਤ ਭਰੇ ਜਾ ਸਕਦੇ ਸਨ। ਬਹੁਤੇ ਘਰਾਂ 'ਚ ਅੱਜ ਵੀ ਇਹਨਾਂ ਦੇ ਟੋਕਰੇ ਭਰੇ ਪਏ ਹੋਣਗੇ।

ਸਾਡੀ ਪੇਂਡੂ ਜ਼ੁਬਾਨ 'ਚ ਤਾਂ ਇਹਨੂੰ ਰੀਲ੍ਹ ਕਹਿੰਦੈ ਐ, ਊਂ ਪੜ੍ਹੇ ਲਿਖੇ ਲੋਕ ਇਹਨੂੰ ਕੈਸਿਟ ਕਹਿੰਦੇ ਐ , ਜਦੋਂ ਇਸਤੇ ਲਿਖਿਆ ਪੜ੍ਹਦੇ ਆਂ ਤਾਂ ਇਸਤੇ ਅੰਗਰੇਜ਼ੀ 'ਚ ਲਿਖਿਆ ਹੁੰਦੈ Compact Cassette ਕੰਪੈਕਟ ਕੈਸਿਟ ਅਸਲ ' ਮੂਲ ਰੂਪ ਚ ਇਹ ਅੱਧਾ ਇੰਚ ਚੌੜੀ ਟੇਪ ਹੁੰਦੀ ਸੀ, ਜੋ ਦੋ ਚਰਖੜੀਆਂ ਤੇ ਚੜ੍ਹੀ ਹੁੰਦੀ ਸੀ। ਇੱਕ ਚਰਖੜੀ ਤੋਂ ਉੱਤਰੀ ਜਾਂਦੀ ਹੈਡ ਨਾਲ ਲੱਗ ਕੇ ਦੂਜੀ ਤੇ ਚੜ੍ਹੀ ਜਾਂਦੀ।ਜਦੋਂ ਯੁੱਗ ਪਲਟਿਆ ਤਾਂ ਉਸ ਟੇਪ ਨੂੰ ਕੰਪੈਕਟ ਕਰਕੇ ਭਾਵ ਚੌੜਾਈ ਤੇ ਸਾਈਜ਼ ਘਟਾ ਕੇ ਇੱਕ ਕੇਸ ਵਿੱਚ ਬੰਦ ਕਰ ਦਿੱਤਾ ਗਿਆ ਤਾਂ ਉਸ ਕੇਸ ਤੋਂ ਇਸਦਾ ਨਾਮ ਕੈਸਿਟ ਪੈ ਗਿਆ। ਟੇਪ ਦਾ ਸਾਈਜ਼ ਕੰਪੈਕਟ ਕਰਕੇ ਇਸਨੂੰ ਨਵਾਂ ਨਾਮ ਦੇ ਦਿੱਤਾ ਗਿਆ,ਕੰਪੈਕਟ ਕੈਸਿਟ।

ਅਸਲ 'ਚ ਇਹ ਇੱਕ ਟੇਪ ਦਾ ਰੋਲ ਹੁੰਦਾ ਸੀ ਜਿਸਤੇ ਫੈਰਿਸ ਆਕਸਾਈਡ ਦਾ ਕੋਟ ਕੀਤਾ ਹੁੰਦਾ ਸੀ।




ਇਸ ਕਰਕੇ ਫਿਲਿਪਸ ਕੰਪਨੀ ਦੀ ਕੈਸਿਟ ਦਾ ਨਾਮ ਫੈਰੋ ਹੁੰਦਾ ਸੀ, ਫੈਰਿਸ ਆਕਸਾਈਡ 'ਚ ਚੁੰਬਕੀ ਖੇਤਰ ਉਤਪੰਨ ਕਰਨ ਦੀ ਸ਼ਕਤੀ ਹੁੰਦੀ ਹੈ। ਇਸ ਨੂੰ ਚਲਾਉਣ ਵਾਲੀ ਮਸ਼ੀਨ ਨੂੰ ਟੇਪ ਰਿਕਾਰਡਰ ਕਿਹਾ ਜਾਂਦਾ ਹੈ, ਟੇਪ ਰਿਕਾਰਡਰ ਤੇ ਲੱਗੇ ਹੈਡ ਨਾਲ ਇਸਦਾ ਫੀਤਾ ਖਹਿ ਕੇ ਚਲਦਾ ਹੈ, ਹੈਡ ਬਿਜਲਈ ਚੁੰਬਕ ਹੁੰਦਾ ਹੈ।

ਉਸ ਚੁੰਬਕੀ ਖੇਤਰ ਨਾਲ ਹੀ ਇਸ ਵਿੱਚ ਆਵਾਜ਼ ਭਰੀ ਜਾਂਦੀ ਤੇ ਚੁੰਬਕੀ ਖੇਤਰ ਨਾਲ ਹੀ ਸੁਣੀ ਜਾਂਦੀ ਸੀ।

ਇਸ ਤੋਂ ਬਾਅਦ ਇੱਕ ਹੋਰ ਜਿਆਦਾ ਮਹਿੰਗੀਆਂ ਕੈਸਿਟਾਂ ਆਉਣ ਲੱਗ ਪਈਆਂ ਸੀ ਜਿਸਨੂੰ ਕਰੋਮ ਕਹਿੰਦੇ ਸੀ, ਇਸ ਤੇ ਫੈਰਿਸ ਆਕਸਾਈਡ ਦੀ ਥਾਂ ਕਰੋਮੀਅਮ ਆਕਸਾਈਡ ਦਾ ਲੇਪ ਕੀਤਾ ਹੁੰਦਾ ਸੀ। ਜਿਸ ਵਿੱਚ ਫੈਰਿਸ ਆਕਸਾਈਡ ਨਾਲ ਜਿਆਦਾ ਚੁੰਬਕੀ ਸ਼ਕਤੀ ਹੁੰਦੀ ਹੈ। ਕੈਸਿਟ ਦੀ ਖੋਜ ਕਿਸ ਮਹਾਨ ਵਿਅਕਤੀ ਨੇ ਕੀਤੀ ? ਉਹ ਕੋਣ ਸੀ? ਕਿੱਥੇ ਪੈਦਾ ਹੋਇਆ ?

ਮੈਂ ਅਕਸਰ ਹੀ ਕਹਿਣਾ ਕਿ ਗੀਤਕਾਰ ਹਮੇਸ਼ਾ ਈ ਖ਼ੂਹ ਦੇ ਚੱਕ ਵਰਗੇ ਹੁੰਦੇ ਹਨ। ਲੋਕੀ ਉਸ ਚੱਕ ਤੇ ਉਸਰੇ ਖ਼ੂਹ ਦੀ ਮੌਣ 'ਤੇ ਪਾਣੀ ਪੀਕੇ ਤੁਰ ਜਾਂਦੇ ਨੇ ਪਰ ਜੋ ਇਸ ਸੱਭ ਕਾਸੇ ਦੇ ਥੱਲੇ ਦੱਬਿਆ ਪਿਆ ਐ ਨਾ ਤਾਂ ਉਹਨੂੰ ਕੋਈ ਚੇਤੇ ਕਰਦਾ ਐ, ਤੇ ਨਾ ਈ ਉਹ ਕਿਸੇ ਨੂੰ ਦਿਖਾਈ ਦਿੰਦਾ ਐ

ਬਿਲਕੁਲ ਇਸੇ ਤਰ੍ਹਾਂ ਕੈਸਿਟ ਇੰਡਸਟਰੀ ਦਾ ਹਾਲ ਐ। ਕੈਸਿਟ ਨਾਮ ਦੇ ਪੁਰਜੇ ਨੇ ਅਨੇਕਾਂ ਈ ਲੋਕਾਂ ਨੂੰ ਫਰਸ਼ ਤੋਂ ਅਰਸ਼ ਤੇ ਪੁਚਾ ਦਿੱਤਾ, ਅਨੇਕਾਂ ਈ ਛੋਟੇ ਲੋਕ, ਉਦਯੋਗਪਤੀ ਤੇ ਫਿਲਮੀ ਦੁਨੀਆ ਦੇ ਵੱਡੇ ਨਾਮ ਵੀ ਬਣ ਗਏ।

ਪਰ ਕੈਸਿਟ ਦੀ ਖੋਜ ਕਰਨ ਵਾਲੇ ਦਾ ਕਦੇ ਕਿਸੇ ਨੇ ਨਾਮ ਹੀ ਨਹੀਂ ਲਿਆ। ਕੈਸਿਟ ਦੀ ਖੋਜ ਕਰਨ ਵਾਲੇ ਵਿਗਿਆਨੀ ਦਾ ਦਿਹਾਂਤ ਹੋਇਆ ਪਰ ਅੱਜ ਤੱਕ ਨਾ ਤਾਂ ਕਿਸੇ ਕੈਸਿਟ ਕੰਪਨੀ ਦੇ ਮਾਲਕ ਨੇ ਅਫਸੋਸ ਜਤਾਇਆ 'ਤੇ ਨਾ ਹੀ ਪੁਰਾਣੀਆਂ ਕੈਸਿਟਾਂ ਸੰਭਾਲਣ ਵਾਲਿਆਂ ਨੇ, ਨਾ ਹੀ ਕਿਸੇ ਗਾਇਕ ਨੇ ਤੇ ਨਾ ਹੀ ਕਿਸੇ ਗੀਤਕਾਰ ਜਾ ਸੰਗੀਤਕਾਰ ਨੇ। ਗਾਇਕ ਬੜੇ ਮਾਣ ਨਾਲ ਦੱਸਦੇ ਹਨ ਕਿ ਮੇਰੀਆਂ ਐਨੀਆਂ ਕੈਸਿਟਾਂ ਮਾਰਕੀਟ ਵਿੱਚ ਆ ਚੁੱਕੀਆਂ ਹਨ। ਸੰਗੀਤਕਾਰ ਵੀ ਬੜੇ ਮਾਣ ਨਾਲ ਆਖਦੇ ਹਨ ਕਿ ਮੈਂ ਐਨੀਆਂ ਕੈਸਿਟਾਂ ਦਾ ਸੰਗੀਤ ਕਰ ਚੁੱਕਾ ਹਾਂ।

ਕੈਸਿਟ ਕੰਪਨੀਆਂ ਦੇ ਮਾਲਕ ਵੀ ਆਖਦੇ ਹਨ ਕਿ ਮੇਰੀ ਕੰਪਨੀ ਵਿੱਚ ਐਨੀਆਂ ਕੈਸਿਟਾਂ ਰੀਲੀਜ਼ ਹੋਈਆਂ। ਉੱਤਰੀ ਭਾਰਤ ਦੀਆਂ ਕੈਸਿਟ ਕੰਪਨੀਆਂ ਦੇ ਮਾਲਕਾਂ ਨਾਲ ਮੇਰਾ ਬਹੁਤ ਯਰਾਨਾ ਰਿਹਾ ਐ। ਉਹ ਲੋਕ ਜੋ ਕੈਸਿਟ ਉਦਯੋਗ ਨਾਲ ਕੱਖੋਂ ਲੱਖ ਹੋਏ। ਪਰ ਮੈਨੂੰ ਸੱਚ ਬੋਲਣ ਵਿੱਚ ਕੋਈ ਸੰਕੋਚ ਨਹੀਂ ਕਿ ਅੱਜ ਤੱਕ ਮੈਂ ਕਦੇ ਵੀ ਕਿਸੇ ਕੈਸਿਟ ਕੰਪਨੀ ਦੇ ਦਫਤਰ ਵਿੱਚ ਕੈਸਿਟ ਦੀ ਖੋਜ ਕਰਨ ਵਾਲੇ ਵਿਗਿਆਨੀ ਦੀ ਤਸਵੀਰ ਨਹੀਂ ਦੇਖੀ , ਨਾ ਹੀ ਕਿਸੇ ਕੰਪਨੀ ਮਾਲਕ ਦੇ ਮੂੰਹੋਂ ਉਸ ਵਿਗਿਆਨੀ ਦਾ ਨਾਮ ਹੀ ਸੁਣਿਆ।

ਪਾਠਕੋ ਮੈਂ ਬੜੇ ਦੁੱਖ ਨਾਲ ਦੱਸ ਰਿਹਾ ਹਾਂ ਕਿ ਕੈਸਿਟ ਅਤੇ ਸੀ ਡੀ ਦੀ ਖੋਜ ਕਰਨ ਵਾਲੇ ਮਹਾਨ ਵਿਗਿਆਨI LOU OTTENS ਨੇ ਪਿਛਲੇ ਵਰ੍ਹੇ 6 ਮਾਰਚ 2021 ਨੂੰ ਨੀਦਰਲੈਂਡ ਦੇ ਸ਼ਹਿਰ ਧ੍ਰੌਓਢਓ ਵਿੱਚ ਆਖਰੀ ਸਾਹ ਲਏ। ਉਹ 94 ਵਰ੍ਹਿਆਂ ਦੇ ਸਨ।

ਲੌਅ ਊਟਨਸ ਦਾ ਜਨਮ 21 ਜੂਨ 1926 ਨੂੰ ਨੀਦਰਲੈਂਡ ਦੇ ਸ਼ਹਿਰ ਭਲਲਿਨੌਲਦ ਵਿੱਚ ਹੋਇਆ ਸੀ।

30 ਅਗਸਤ 1963 ਨੂੰ ਜਰਮਨ ਦੀ ਰਾਜਧਾਨੀ ਬਰਲਿਨ ਸ਼ਹਿਰ ਵਿੱਚ ਕੈਸਿਟ ਦੀ ਖੋਜ 'ਲੌਅ ਊਟਨਸ' ਨੇ ਕੀਤੀ। ਉਸਤੋਂ ਬਾਅਦ 1980 ਦੇ ਵਿੱਚ ਸੀ ਡੀ ਦੀ ਕਾਢ ਵੀ ਲੌਅ ਊਟਨਸ ਨੇ ਹੀ ਕੱਢੀ।

ਸੰਗੀਤ ਜਗਤ ਨੂੰ ਨਵੀਂ ਪਰਵਾਜ਼ ਦੇਣ ਵਾਲੇ ਮਹਾਨ ਵਿਗਿਆਨੀ ਲੌਅ ਊਟਨਸ ਨੂੰ ਕੋਟਿ ਨ ਕੋਟ ਪ੍ਰਣਾਮ।

## facebook ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਤੁਸੀ ਉਹਨਾਂ ਨੂੰ ਪੈਦਾ ਨਹੀਂ ਕੀਤਾ, ਓਹ ਸਿਰਫ ਥੋਡੇ ਰਾਹੀਂ ਪੈਦਾ ਹੋਏ ਨੇ

ਨੀਪੋਲੀਅਨ ਬਹਾਦਰ ਯੋਧਾ ਸੀ ਪਰ ਕੱਦ ਵੱਲੋਂ ਬੜਾ ਛੋਟਾ ਸੀ ਸਿਰਫ ਪੰਜ ਫੁਟ ਤਿੰਨ ਚਾਰ ਇੰਚ ,ਸਾਰੀ ਉਮਰ ਝੁਰੀ ਗਿਆ ਛੋਟੇ ਕੱਦ ਕਰਕੇ ,ਕਿਸੇ ਲੰਮੇ ਕੱਦ ਵਾਲੇ ਭੀਖ ਮੰਗੇ ਨੂੰ ਵੀ ਦੇਖ ਲੈਂਦਾ ਤਾਂ ਈਰਖਾ ਨਾਲ ਭਰ ਜਾਂਦਾ ,ਮਰਨ ਤੱਕ ਬੇਚੈਨ ਰਿਹਾ ,ਲੈਨਿਨ ਜੋ ਰੂਸ਼ ਦਾ ਵਿਧਾਤਾ ਬਣਿਆਂ ਪਰ ਸਰੀਰਕ ਬਨਤਰ ਤੋਂ ਬਹੁਤ ਦੁਖੀ ਸੀ ,ਧੜ ਬਹੁਤ ਲੰਬੀ ਸੀ ਤੇ ਲੱਤਾਂ ਛੋਟੀਆਂ ,ਐਨੀਆਂ ਛੋਟੀਆਂ ਕਿ ਕੁਰਸੀ ਤੇ ਵੀ ਬੈਠਦਾ ਤਾਂ ਲੱਤਾਂ ਥੱਲੇ ਨਾਂ ਲੱਗਦੀਆਂ ,ਲੋਕਾਂ ਤੋਂ ਲਕੋਂਦਾਂ ਰਹਿੰਦਾ ਆਪਣੀਆਂ ਲੱਤਾਂ ,ਇਸੇ ਗੱਲ ਤੋਂ ਹੀਨਭਾਵਨਾਂ ਦਾ ਸ਼ਿਕਾਰ ਰਿਹਾ ਮਰਨ ਤੱਕ ,ਲੰਬੀਆਂ ਲੱਤਾਂ ਆਲੇ ਸਧਾਰਨ ਬੰਦੇ ਨੂੰ ਵੀ ਦੇਖ ਕੇ ਲੈਨਿਨ ਦੀ ਜਾਨ ਨਿਕਲ ਜਾਂਦੀ।

ਪਰਮਾਤਮਾਂ,ਕੁਦਰਤ,ਅਕਾਲ ਪਰਖ ਆਦਿ ਜੋ ਵੀ ਚੰਗਾ ਲਗਦਾ ਕਹਿ ਲਓ ਪਰ ਮੁੱਖ ਗੱਲ ਇਹ ਹੈ ਕਿ ਅਰਬਾਂ ਖਰਬਾਂ ਹੋ ਤੇ ਤੁਰ ਗਏ ਤੇ ਹੋ ਕੇ ਤੁਰ ਜਾਣ ਗੇ,ਅੱਜ ਵੀ ਪੂਰੀ ਧਰਤੀ ਤੇ ਥੋਡੇ ਵਰਗਾ ਹੋਰ ਕੋਈ ਦੂਜਾ ਜੀਵ ਨਹੀਂ,ਥੋਡੇ ਵਰਗਾ ਤਾਂ ਬਹੁਤ ਦੂਰ ਦੀ ਗੱਲ ਥੋਡੇ ਵਰਗੇ ਫਿੰਗਰਪ੍ਰਿੰਟ ਕਿਸੇ ਦੂਜੇ ਦੇ ਨਹੀਂ ਤੇ ਨਾਂ ਹੀ ਕਦੇ ਹੋਣਗੇ,ਜੇ ਸਾਰੇ ਵਰਤਾਰੇ ਦੀ ਗੱਲ ਕਰੀਏ ਤਾਂ ਇੱਕੋ ਦਰਖ਼ਤ ਦਾ ਇਕ ਪੱਤਾ ਦੂਜੇ ਪੱਤੇ ਤੋਂ ਭਿੰਨ ਹੈ।ਜੈਸੇ ਹੋ ਸਪੂੰਰਣ ਹੋ ,ਆਪਣੇ ਆਪ ਨੂੰ ਜਿਓ ਦੇ ਤਿਓ ਕਬੂਲ ਲਓ ਨਾਂ ਕਿਸੇ ਨਾ ਤੁਲਣਾ ਕਰੋ ਨਾਂ ਕਿਸੇ ਵਰਗਾ ਬਨਣ ਦਾ ਯਤਨ ਕਰੋ। ਇਹ ਮੈ ਤਾਂ ਸੰਖੇਪ ਚ ਦਸਿਆ ਕਿ ਕਿਵੇਂ ਇਕ ਦੌੜ ਲੱਗੀ ਪਈ ਆ ਤੇ ਅਸੀਂ ਆਪਣੇ ਆਪ ਉਪਰ ਤੇ ਆਪਣੇ ਬਚਿਆਂ ਤੇ ਪਰੈਸ਼ਰ ਪਾ ਰਹੇਂ ਹਾਂ ਕਿ , ਕੁਝ ਬਣ ਕੇ ਦਿਖਾਓ ਕਿ ਫਲਾਨੇ ਬੱਚੇ ਵੱਲ ਦੇਖੋ ,ਧਿਮਕੇ ਵੱਲ ਦੇਖੋ ,ਇਹ ਬਿਲਕੁਲ ਥੋਥੀਆਂ ਗੱਲਾਂ।ਇਸ ਤਰਾਂ ਤਾਂ ਜੋ ਅਸਲ ਚ ਬੱਚਾ ਹੁੰਦਾ ਓਹ ਵੀ ਨਹੀਂ ਰਹਿੰਦਾ,ਜ਼ਰੂਰੀ ਨਹੀਂ ਪੜਾਈ ਦਾ ਹੀ ਗੁਣ ਹੋਵੇ ਓਸ ਚ ਅਨੇਕਾਂ ਅਨੇਕਾਂ ਚੀਜ਼ਾਂ ਕਰ ਸਕਦੀ ਆ ਊਰਜਾ ,ਮੈਂ ਅੱਜਤਕ ਆਪਣੇ ਬਚਿਆਂ ਨੂੰ ਕਦੇ ਉਂਗਲ ਨਹੀਂ ਲਾਈ ਕਦੇ ਪੜਾਈ ਲਈ ਜਾਂ ਕਿਸੇ ਤਰਾਂ ਆਹ -ਓਹ ਕਰਨ ਲਈ ਪਰੈਸ਼ਰ ਨਹੀਂ ਪਾਇਆ ,ਹਾਂ ਪਰ ਨਿੱਕੇ ਹੁੰਦਿਆਂ ਨੂੰ ਰਾਤ ਨੂੰ ਸੌਣ ਲੱਗਿਆ ਦੋਹਾਂ ਨੂੰ ਇਕ ਓਧਰ ਇਕ ਓਧਰ ਯਾਨੀ ਦੋਹੇਂ ਪਾਸੇ ਪਾ ਕੇ ਬਾਤਾਂ-ਸਾਖੀਆਂ ਤੇ ਸਿੱਖ ਇਤਿਹਾਸ ਦਾ ਬਹੁਤ ਕੁਝ ਸੁਣਾਇਆ ,ਤਾਂ ਕਿ ਇਹਨਾਂ ਅੰਦਰ ਵਿਵੇਕ ਪੈਦਾ ਹੋਵੇ,ਸਮਝ ਆਵੇ ,ਬਨਣਾ ਕੀ ਹੈ ਜਾਂ ਬਣਾਉਣਾ ਕੀ ਹੈ ,ਮੈ ਬਿਲਕੁਲ ਬੇਫਿਕਰ ਰਿਹਾ ਹਾਂ ,ਮੈ ਕੌਣ ਹੁੰਨਾ ਬਨਣ-ਬਣਾਉਣ ਵਾਲਾ ,ਜਿਸ ਪਰਮਾਤਮਾਂ ਨੇ ਸਾਜਿਆ ,ਸੋ ਜੋ ਕੁਝ ਉਸ ਨੇ ਕਰਵਾਉਣਾ ਆਪੇ ਕਰਵਾ ਲਊ ਬੱਸ ਮੈ ਵਿੱਚ ਵਿਘਨ ਨਾਂ ਪਾਵਾਂ ਏਨੀ ਹੀ ਕਿਰਪਾ ਕਰਾਂ ਬਚਿਆਂ ਤੇ ਤਾਂ ਸਮਝੋ ਬਹੁਤ ਕੁਝ ਕਰ ਲਿਆ ਬੱਚਿਆਂ ਲਈ ਅੱਜ ਕਲ ਮਾਪੇ ਬਚਿਆਂ ਦੇ ਕਲਾਸ ਚੋ ਲਏ ਨੰਬਰਾਂ ਦੀਆਂ ਫੋਟੋਆਂ ਪਾ ਰਹੇ ਹਨ ,ਕੀ ਪਾਗਲਪਣ ਹੈ ਇਹ ,ਇਕ ਸਾਥੋਂ ਜੋ ਅਧਿਕ ਪੈਸੇ ਵਾਲਾ ਅਮੀਰ ਰਹੇਗਾ ਤੇ ਇਕ ਜਿਸ ਕੋਲ ਘੱਟ ਪੈਸਾ ਗਰੀਬ ,ਕਲ ਨੂੰ ਤੁਸੀ ਹੋਰ ਪੈਸਾ ਕਮਾ ਕੇ ਉਸ ਅਮੀਰ ਦੀ ਥਾਂ ਲੈ ਲਓ ਤਾਂ ਓਸ ਤੋਂ ਅੱਗੇ ਵੱਧ ਪੈਸੇ ਆ ਫਿਰ ਵੀ ਇਕ ਹੋਰ ਖੜਾ ਮਿਲੇਗਾ ਤੇ ਇਹ ਇਹ ਅਟੁੱਟ ਕਤਾਰ ਹੈ ,ਚੰਗਾ ਹੋਵੇ ਅੱਗਲੇ -ਪਿਛਲੇ ਨਾਲ ਤੁਲਣਾ ਨਾਂ ਹੋਵੇ ,ਸੇਮ ਹੀ ਤਾਂ ਪੜਾਈ ਚ ਆ,ਇਕ ਸਦਾ ਅੱਗੇ ਤੇ ਇਕ ਸਦਾ ਪਿੱਛੇ ਰਹੁਗਾ ਹੀ ਰਹੁਗਾ ਕਿਉਂਕਿ ਇਹ ਗਣਿਤ ਹੀ ਕੁਝ ਐਸਾ ਹੈ ,ਕੱਦ ਚ ਆ ਚ ਜਾਂ ਆਦਿ ਆਦਿ ਚ ,ਨੰਬਰ ਵੱਧ ਦਿਖਾਉਣ ਨਾਲ ਕੇਵਲ ਤੁਲਣਾ,ਪਰੈਸ਼ਰ ਹੀ ਪੈਦਾ ਹੁੰਦਾ ਅਹਿੰਕਾਰ ਵੀ ਪੈਦਾ ਕਰ ਰਹੇ ਹੁਨੇ ਆ ਅਸੀਂ ਬੱਚੇ ਚ ਕਿ ਦੇਖੋ ਲੋਕੋ ਮੇਰਾ ਬੱਚਾ ,

ਕੋਸ਼ਿਸ਼ ਕਰੋ ਆਪਣੇ ਆਪ ਨੂੰ ਜਿਓ ਦੇ ਤਿਓ ਕਬੂਲੋ ,ਆਪਣੇ ਬਚਿਆਂ ਨੂੰ ਆਪਣੀ ਮਲਕੀਅਤ ਨਾਂ ਸਮਝੋ ,ਤੁਸੀ ਓਹਨਾਂ ਨੂੰ ਪੈਦਾ ਨਹੀਂ ਕੀਤਾ ,ਓਹ ਸਿਰਫ ਥੋਡੇ ਰਾਹੀਂ ਪੈਦਾ ਹੋਏ ਨੇ ,ਸਮਝੋ ਸੂਖਮ ਗੱਲ ਨੂੰ ਕਿ ਤੁਸੀ ਤਾਂ ਸਿਰਫ ਰਾਹ ਸੀ ਓਹਨਾਂ ਦੇ ਪੈਦਾ ਹੋਣ ਦਾ ਜਿਸ ਦਿਨ ਇਹ ਅਹਿਸਾਸ ਅੰਦਰੋਂ ਹੋਇਆ ਨਾਂ ਕਿ ਮੇਰੇ ਕਹੇ ਤੇ ਕਿਉਂਕਿ ਉਧਾਰਾ ਅਨੁਭਵ ਕੰਮ ਨਹੀ ਆਉਂਦਾ ,ਆਪਣਾ ਅਨੁਭਵ ਹੀ ਅੰਦਰ ਦੀਵਾ ਬਾਲਦਾ ਓਦਨ ਜ਼ਿੰਦਗੀ ਖ਼ੂਬਸੂਰਤ ਹੋ ਜਾਵੇਗੀ

**(ਕਮਲਪ੍ਰੀਤ ਸਿੰਘ ਬਰਾੜ ਦੀ ਫੇਸਬੁੱਕ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ)**




# ਓੜਕ ਜਾਣੈ ਮਰ ਵੇ ਚੱਲ ਮੇਲੇ ਨੂੰ ਚੱਲੀਏ,ਖਸਮਾਂ ਨੂੰ ਖਾਂਦਾ ਤੇਰਾ ਘਰ ਵੇ ਚੱਲ ਮੇਲੇ ਨੂੰ ਚੱਲੀਏ

ਓੜਕ ਜਾਣੈ ਮਰ ਵੇ ਚੱਲ ਮੇਲੇ ਨੂੰ ਚੱਲੀਏ,
ਖਸਮਾਂ ਨੂੰ ਖਾਂਦਾ ਤੇਰਾ ਘਰ ਵੇ ਚੱਲ ਮੇਲੇ ਨੂੰ ਚੱਲੀਏ।

ਅੱਜ ਜਦ ਅਸੀਂ ਸਭ ਭਰੇ ਮੇਲੇ ਵਿਚ ਵੀ ਤਨਹਾ ਹੋ ਜਾਣ ਜਿਹਾ ਅਹਿਸਾਸ ਪਾਲਣ ਲੱਗੇ ਹਾਂ, ਆਪਣੀ ਇਸ ਕੈਦ ਵਿੱਚੋਂ ਛੁੱਟਣ ਲਈ ਘਰੋਂ ਬਾਹਰ ਹੋਰਨਾਂ ਨੂੰ ਜਾ ਮਿਲਣਾ ਜ਼ਰੂਰੀ ਜਾਪਦਾ ਹੈ। ਇਉਂ ਹੋਰਨਾਂ ਨੂੰ ਜਾ ਮਿਲਣਾ, ਦੁੱਖ-ਸੁੱਖ ਕਰਨਾ, ਆਪਣੇ ਦਾਇਰੇ ਨੂੰ ਮੋਕਲ਼ਾ ਕਰ ਕੇ ਮਨੁੱਖਤਾ ਨਾਲ ਜਾ ਜੁੜਨਾ ਸਾਡੇ ਵਿਵਹਾਰ ਨੂੰ, ਸਾਡੀ ਭਾਸ਼ਾ ਨੂੰ ਜਾਂ ਸਾਡੀਆਂ ਸੋਚਾਂ ਨੂੰ ਤਰਾਸ਼ਦਾ ਸੰਵਾਰਦਾ ਅਤੇ ਪਸਾਰਦਾ ਹੈ। ਅਸੀਂ ਨਿੱਤ ਹੀ ਤਬਦੀਲ ਹੁੰਦੇ ਹਾਂ। ਆਪਣਾ ਹੋਰਨਾਂ ਤੱਕ ਵੰਡਦੇ ਅਤੇ ਹੋਰਨਾਂ ਦਾ ਕਈ ਕੁੱਝ ਬੋਚਦੇ ਹੋਰ ਦੇ ਹੋਰ ਹੋ ਜਾਂਦੇ ਹਾਂ। ਜੋ ਆਦਮੀ ਘਰ ਦੀ ਚਾਰਦੀਵਾਰੀ ਵਿਚ ਕੈਦ ਹੋਰਾਂ ਤੋਂ ਕੰਨੀ ਕਤਰਾਉਂਦਾ ਹੈ ਜਾਂ ਮਿਲਣ ਗਿਲਣ ਤੋਂ ਪਾਸਾ ਵਟਦਾ ਹੈ ਉਹ ਬੇ-ਭਾਗਾ ਖ਼ੂਹ ਦੇ ਡੱਡੂ ਵਰਗਾ ਹੋ ਕੇ ਆਪਣੇ ਅੰਦਰ ਦੀ ਕੈਦ ਭੁਗਤ ਕੇ ਤੁਰ ਜਾਂਦਾ ਹੈ। ਜ਼ਿੰਦਗੀ ਦੇ ਹਰ ਪੜਾਅ ਵਿਚ ਇਹ ਦਾਇਰਾ ਵਖਰਦਾ, ਵਧਦਾ ਜਾਂ ਘਟਦਾ ਹੈ। ਸਾਡੀਆਂ ਗ਼ਰਜ਼ਾਂ, ਲੋੜਾਂ ਥੋੜਾਂ ਜਾਂ ਸਾਡੇ ਕਿੱਤੇ ਕਰ ਕੇ ਨਿੱਤ ਪੈਂਦੇ ਵਾਹ ਨਾਲ ਇਹ ਗਵਾਹੀ ਭਰਦਾ ਹੈ। ਪ ?ਸਿੱਧ ਵਿਗਿਆਨੀ ਜੁੰਗ ਅਨੁਸਾਰ ਅਸੀਂ ਜਦ ਘਰ ਦੀ ਜਾਣੀ ਪਛਾਣੀ ਹਵਾ ਤੋਂ ਬਾਹਰ ਕਦਮ ਰਖਦੇ ਹਾਂ ਆਪਣੇ ਮੂੰਹ ਤੇ ਵਧੀਆ ਹੋਣ ਦਾ ਮੁਖੌਟਾ ਪਾ ਲੈਂਦੇ ਹਾਂ ਜਿਸ ਨੂੰ ਉਹ Persona ਆਖਦਾ ਹੈ। ਇਹ ਪਰਦਾ ਹਰ ਮਿਲਣ ਵਾਲੇ ਬੰਦੇ ਵਿਚਕਾਰ ਇੱਕ ਵਿੱਥ ਪਾ ਦਿੰਦਾ ਹੈ। ਹੁਣ ਤਾਂ ਕਈ ਲੋਕ ਕਈ ਪਰਦੇ ਪਾ ਕੇ ਮਿਲਦੇ ਹੋਰ ਵੀ ਗੁੰਝਲਦਾਰ ਨਜ਼ਰ ਆਉਂਦੇ ਹਨ। ਜਿੰਨਾ ਇਹ ਪਰਦਾ ਘੱਟ, ਬਰੀਕ ਅਤੇ ਪਾਰਦਰਸ਼ੀ ਹੁੰਦਾ ਹੈ ਓਨਾ ਹੀ ਸਾਡਾ ਸੁੱਚ ਉਘੜਦਾ ਹੈ। ਘਰੋਂ ਬਾਹਰ ਨਿਕਲਦੇ ਹੀ ਅਸੀਂ ਗਵਾਂਢ-ਮੱਥੇ ਲਗਦੇ ਹੱਸ ਕੇ ਮਿਲਦੇ ਹਾਂ। ਦਫ਼ਤਰਾਂ ਵਿਚ ਬੌਸ ਅਤੇ ਸਹਿਕਰਮੀਆਂ ਨਾਲ ਪੂਰਾ ਦਿਨ ਹੱਸ ਦੰਦਾਂ ਦੀ ਪ੍ਰੀਤ ਨਿਭਾਉਂਦੇ ਹਾਂ। ਇਉਂ ਹੀ ਮੇਲੇ, ਸੰਗਤ, ਭੀੜ ਅਤੇ ਦਰਸ਼ਕਾਂ ਦਾ ਹਿੱਸਾ ਹੁੰਦੇ ਹਾਂ। ਕਦੇ ਰਿਸ਼ਤੇਦਾਰੀਆਂ ਵਿਚ ਵੀ ਮੂੰਹ-ਮੁਲਾਹਜ਼ਾ ਪਾਲਦੇ ਆਪਣਾ ਆਪ ਰਾਖਵਾਂ ਰੱਖ ਲੈਂਦੇ ਹਾਂ। ਪਰ ਅੰਦਰ ਸਾਡੀ ਲਾਲਸਾ ਕਿਸੇ ਹਮਖਿਆਲੀ ਨਿੱਘ ਨੂੰ ਤਲਾਸ਼ਦੀ ਹੈ ਜਿੱਥੇ ਸਾਰੇ ਮੁਖੌਟੇ ਉਤਾਰ ਕੇ ਨਿਰਵਸਤਰ ਜ਼ਿਹਨ ਦੇ ਸਨਮੁਖ ਹੋਇਆ ਜਾ ਸਕੇ ਤੇ ਕਦੇ ਕਦੇ ਸਭ ਲੋਕਾਂ ਵਿਚ ਕੋਈ ਜਗਾਹ ਕੋਈ ਰਕਮ ਵਰਗੀ ਸਾਂਝ ਵੀ ਨਿਤਰ ਆਉਂਦੀ ਹੈ। ਪਰ ਸਭ ਮਿਲਣ ਵਾਲਿਆਂ ਦਾ ਨਿੱਘ, ਪੱਧਰ ਅਤੇ ਹਾਲਾਤ ਵੱਖਰੇ ਹੋਣ ਕਰ ਕੇ ਅਸੀਂ ਖ਼ੁਸ਼ ਨਹੀਂ ਹੁੰਦੇ। ਚਾਹੁੰਦੇ ਹਾਂ ਜੋ ਸਾਨੂੰ ਰੂਹ ਦਾ ਰੱਜ ਦੇਵੇ ਤੇ ਜਿੱਥੇ ਅਸੀਂ ਢਿੱਡੋਂ ਹੱਸ ਸਕੀਏ। ਇਹ ਮੇਲ ਜੋਲ ਹਰ ਉਮਰ ਵਿਚ ਲੋੜੀਂਦਾ ਹੈ ਪਰ ਉਮਰ ਦੇ ਆਖ਼ਰੀ ਪੜਾਅ ਵਿਚ ਇਸ ਦੀ ਜ਼ਰੂਰਤ ਤੇ ਅਹਿਮੀਅਤ ਹੋਰ ਵੀ ਵਧੇਰੇ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ। ਧਾਰਮਿਕ ਥਾਵਾਂ , ਸ਼ਰਾਬੀਆਂ ਦੀਆਂ ਬੈਠਕਾਂ, ਸਾਹਿਤ ਸਭਾਵਾਂ ਜਾਂ ਬਜ਼ੁਰਗ ਸਭਾਵਾਂ ਵਿਚ ਢਹਿੰਦੀ ਕਲਾ ਨੂੰ ਠੁੰਮਣਾ ਮਿਲਦਾ ਹੈ, ਮਨ ਦਾ ਪਾਸਾ ਥੱਲਿਆ ਜਾਂਦਾ ਹੈ ਤੇ ਅੰਦਰਲੇ ਜਾਲ਼ੇ ਉਤਰਦੇ ਹਨ। ਮਨੋਵਿਗਿਆਨੀ ਦਸਦੇ ਹਨ ਜੋ ਮੇਲ ਜੋਲ ਪਾਲਦਾ ਹੈ ਉਸ ਨੂੰ ਭੁੱਲਕੜ ਬੀਮਾਰੀ (ਡਿਮੈਨਸ਼ੀਆ) ਘੱਟ ਹੁੰਦੀ ਹੈ। ਸੋ ਸਾਹਾਂ ਦੀ ਪੂੰਜੀ ਮੁੱਕਣ ਤੋਂ ਪਹਿਲਾਂ ਵੱਧ ਤੋਂ ਵੱਧ ਸਾਂਝਾਂ ਦਾ ਸਰਮਾਇਆ ਪਾ ਲੈਣਾ ਚਾਹੀਦਾ ਹੈ। ਕਹਿੰਦੇ ਹਨ ਬਹੁਤ ਦੂਰ ਜਾਣਾ ਪੈਂਦਾ ਹੈ ਇਹ ਦੇਖਣ ਲਈ ਕਿ ਸਾਡੇ ਨੇੜੇ ਕੌਣ ਹੈ। ਉਮਰ ਮੁੱਕਣ ਤੋਂ ਪਹਿਲਾਂ ਜਿਉਣ ਦੀ ਲਾਲਸਾ ਬਣੀ ਰਹਿੰਦੀ ਹੈ। ਇਹ ਠੀਕ ਹੈ ਵੰਨ-ਸੁਵੰਨੀ ਦੁਨੀਆਂ ਸਾਡੇ ਮੇਚ ਦੀ ਨਹੀਂ ਹੁੰਦੀ ਪਰ ਕਿਸੇ ਨੂੰ ਆਪਣਾ ਬਣਾ ਕੇ ਦੇਖਣ ਵਿਚ ਹਰਜ਼ ਕੀ ਹੈ। ਜੋ ਬਜ਼ੁਰਗ ਆਪਣੇ ਘਰਾਂ ਵਿਚ ਆਪਣੀ ਸ਼ਾਨ, ਅਹੁਦਾ ਜਾਂ ਰੁਤਬਾ ਘਟਾ ਕੇ ਬੱਚਿਆਂ ਕੋਲ਼ ਕੈਦ ਬਸ ਆਲ਼ਾ ਦੁਆਲ਼ਾ ਘੂਰਦੇ ਹਨ ਉਨ੍ਹਾਂ ਨੂੰ ਬਾਹਰ ਇਹ ਸੰਬੰਧ ਪਾਲਣ ਦੀ ਸਖ਼ਤ ਲੋੜ ਹੈ। ਜਿੱਥੇ ਹੋਰ ਸਾਡੇ ਵਰਗੇ ਪਲਕਾਂ ਵਿਛਾ ਰਹੇ ਲਗਦੇ ਹਨ, ਜਿਨ੍ਹਾਂ ਨੂੰ ਜਾ ਮਿਲਣ ਦੀ ਮੁਹਲਤ ਘਟ ਰਹੀ ਹੈ। ਅਸੀਂ ਪਰਿਵਾਰਿਕ ਵਲਗਣਾਂ ਤੋਂ ਉਕਤਾ ਕੇ ਬਾਹਰ ਨਿੱਜ ਮੋਕਲ਼ਾ ਕਰ ਸਕਦੇ ਹਾਂ। ਇਹ ਮੇਲ ਜੋਲ ਸਾਹ ਲੈਣ ਵਰਗਾ ਹੁੰਦਾ ਹੈ। ਬਜ਼ੁਰਗਾਂ, ਵਪਾਰੀਆਂ, ਰੋਗੀਆਂ ਅਤੇ ਵਿਦਿਆਰਥੀਆਂ ਲਈ ਇਸ ਦੀ ਸਖ਼ਤ ਲੋੜ ਹੈ। ਕਈ ਲੋਕ ਸਵਾਲ ਕਰਦੇ ਹਨ ਕਿ ਇਹ ਮੇਲ ਜੋਲ ਕਿੱਥੇ ਤੇ ਕਿਵੇਂ ਵਧਾਇਆ ਜਾਵੇ। ਇਸ ਲਈ ਕੋਈ ਸਿਖਲਾਈ (ਟ੍ਰੇਨਿੰਗ) ਜਾਂ ਕਿਸੇ ਬਹਾਨੇ ਦੀ ਲੋੜ ਨਹੀਂ, ਬੱਸ ਅੰਦਰ ਇੱਕ ਲਾਲਸਾ ਹੋਣੀ ਜ਼ਰੂਰੀ ਹੈ। ਇਸ ਦੀ ਪੁਸ਼ਟੀ ਕਰਦੀ ਮਜ਼ਾਕੀਆ ਮਿਸਾਲ ਹਾਜ਼ਰ ਹੈ। ਇੱਕ ਆਦਮੀ ਨੇ ਗਵਾਂਢੀ ਔਰਤ ਦਾ ਦਰਵਾਜ਼ਾ ਖੜਕਾ ਕੇ ਉਲਾਂਭਾ ਦਿੱਤਾ ਕਿ ਤੁਹਾਡੀ ਗਾਂ ਸਾਡੇ ਫੁੱਲ ਚਰ ਗਈ। ਉਸ ਔਰਤ ਨੇ ਹੈਰਾਨ ਹੋ ਕੇ ਕਿਹਾ ਕਿ ਸਾਡੇ ਤਾਂ ਕੋਈ ਗਾਂ ਹੀ ਹੈ ਨੀ। ਤਾਂ ਉਹ ਬੋਲਿਆ ਕਿ ਫੁੱਲ ਤਾਂ ਮੇਰੇ ਕੋਲ ਵੀ ਹੈ ਨੀ, ਬੱਸ ਗੱਲ ਕਰਨ ਹੀ ਆਇਆ ਹਾਂ। ਇਉਂ ਆਪਣਾ ਤੁਅੱਲਕ ਕਿਤੇ ਵੀ ਸ਼ੁਰੂ ਕੀਤਾ।


ਕੈਲਗਰੀ ਵਿੱਚ ਸਰ੍ਹੋਂ ਦੇ ਖੇਤਾਂ ਵਿੱਚ ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ



ਸੱਤੇ ਦਿਨ 13 ਘੰਟੇ ਕੰਮ ਹੋਵੇਗਾ।
ਤਨਖਾਹ ਘੰਟਿਆਂ ਦੇ ਹਿਸਾਬ ਨਾਲ ਕੰਮ ਦਾ ਸੀਜ਼ਨ ਖਤਮ ਹੋਣ ਉਪਰੰਤ ਸਟੈਂਪਾਂ ਵੀ ਮਿਲਣਗੀਆਂ।
ਰਹਿਣ ਅਤੇ ਖਾਣ ਦਾ ਪੂਰਾ ਪ੍ਰਬੰਧ ਹੈ।
ਕੈਮਲੂਪਸ ਏਰੀਆ ਵਿੱਚ ਜਿਨਸਿੰਗ ਦਾ ਕੰਮ ਦਸੰਬਰ ਮਹੀਨੇ ਤੱਕ ਚੱਲੇਗਾ।
ਕਾਲ ਕਰੋ:
1 250 319 7263


## ਖ਼ੁੱਲ੍ਹੇਗੀ ਕਿਸਮਤ :

# ਭਾਵੇਂ ਰੈਜ਼ੀਡੈਂਟ-21 ਵੀਜ਼ਾ ਸ਼੍ਰੇਣੀ ਵਾਲਾ ਬੂਹਾ ਹੋਇਆ ਬੰਦ

## ਇਸ ਵਾਰ ਫਿਰ ਕ੍ਰਿਸਮਸ ਤੋਂ ਪਹਿਲਾਂ ਬਾਕੀ ਰਹਿੰਦੇ 1 ਲੱਖ 33 ਹਜ਼ਾਰ ਹੋਰ ਲੋਕਾਂ ਨੂੰ ਲੱਗ ਸਕਦਾ ਹੈ ਰੈਜ਼ੀਡੈਂਟ ਵੀਜ਼ਾ

ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)- ਇਮੀਗ੍ਰੇਸ਼ਨ ਨਿਊਜ਼ੀਲੈਂਡ '2021 ਰੈਜ਼ੀਡੈਂਟ ਵੀਜ਼ਾ' ਸ਼੍ਰੇਣੀ ਤਹਿਤ 1 ਦਸੰਬਰ ਤੋਂ 2021 ਤੋਂ ਅਰਜ਼ੀਆਂ ਲੈਣੀਆਂ ਸ਼ੁਰੂ ਕੀਤੀਆਂ ਸਨ ਅਤੇ ਪਹਿਲਾ ਵੀਜ਼ਾ 6 ਦਸੰਬਰ ਨੂੰ ਲਾ ਕੇ ਰੈਜ਼ੀਡੈਂਟ ਵੀਜ਼ਿਆਂ ਦੀਆਂ ਮੋਹਰਾਂ ਦੀ ਸ਼ਿਆਹੀ ਭਰ ਕੇ ਸਾਹਮਣੇ ਰੱਖ ਲਈਆਂ ਸਨ।2021 ਦੀ ਕ੍ਰਿਸਮਸ ਤੋਂ ਪਹਿਲਾਂ ਹੀ 1500 ਦੇ ਕਰੀਬ ਲੋਕਾਂ ਨੂੰ ਰੈਜ਼ੀਡੈਂਟ ਵੀਜ਼ਾ ਮਿਲ ਗਿਆ ਸੀ ਅਤੇ ਇਸ ਵਾਰ ਆ ਰਹੀ ਕ੍ਰਿਸਮਸ ਤੋਂ ਪਹਿਲਾਂ ਲਗਪਗ 1 ਲੱਖ 33 ਹਜ਼ਾਰ ਹੋਰ ਲੋਕਾਂ ਨੂੰ ਇਹ ਵੀਜ਼ਾ ਮਿਲ ਜਾਵੇਗਾ। 31 ਜੁਲਾਈ ਨੂੰ ਇਹ ਵੀਜ਼ਾ ਸ਼੍ਰੇਣੀ ਰਾਹੀਂ ਦਾਖਲ ਹੋਣ ਲਈ ਗੇੜ ਦੂਸਰੇ ਵਾਲੇ ਖੁੱਲ੍ਹੇ ਬੂਹੇ ਹੁਣ ਬੰਦ ਕਰ ਦਿੱਤੇ ਗਏ ਹਨ।25 ਜੁਲਾਈ ਤੱਕ ਜਾਰੀ ਅੰਕੜਿਆਂ ਅਨੁਸਾਰ ਹੁਣ ਤੱਕ 104,293 ਅਰਜ਼ੀਆਂ ਪ੍ਰਾਪਤ ਕੀਤੀਆਂ ਗਈਆਂ ਹਨ ਜਿਨ੍ਹਾਂ ਦੇ ਵਿਚ 40,332




ਅਰਜ਼ੀਆਂ ਪਾਸ ਕਰ ਦਿੱਤੀਆਂ ਗਈਆਂ ਹਨ ਅਤੇ 77,678 ਤੋਂ ਵੱਧ ਲੋਕ ਰੈਜ਼ੀਡੈਂਟ ਵੀਜ਼ਾ ਪ੍ਰਾਪਤ ਕਰ ਚੁੱਕੇ ਹਨ। ਕੁੱਲ ਪ੍ਰਾਪਤ ਅਰਜ਼ੀਆਂ ਦੇ ਵਿਚ 2,10,730 ਤੋਂ ਵੱਧ ਲੋਕ ਸ਼ਾਮਿਲ ਨੇ ਜਿਨ੍ਹਾਂ ਨੇ ਰੈਜੀਡੈਂਟ ਵੀਜ਼ੇ ਪ੍ਰਾਪਤ ਕਰਨੇ ਹਨ। 65 ਦੇ ਕਰੀਬ ਅਰਜ਼ੀਆਂ ਅਯੋਗ ਵੀ ਪਾਈਆਂ ਗਈਆਂ ਹਨ।ਇਹ ਸਾਰਾ ਕੁਝ ਇਮੀਗ੍ਰੇਸ਼ਨ ਨੇ 18 ਮਹੀਨਿਆਂ ਦੇ ਵਿਚ ਨਿਬੇੜਨਾ ਹੈ ਅਤੇ ਦਸੰਬਰ ਤੱਕ ਬਹੁਤਿਆਂ ਦੇ ਵੀਜ਼ੇ ਲੱਗ ਸਕਦੇ ਹਨ।

ਵਿਜ਼ਟਰ ਵੀਜ਼ੇ ਖੁੱਲ੍ਹੇ: ਕਰੋਨਾ ਬਾਅਦ ਸਰਹੱਦਾਂ ਦੇ ਬੰਦ ਸਾਰੇ ਗੇਟ ਹੁਣ ਲੱਗਪਗ ਖੁੱਲ੍ਹ ਗਏ ਹਨ। ਵਿਜ਼ਟਰ ਵੀਜ਼ਾ ਸ਼੍ਰੇਣੀ ਵੀ ਬੀਤੀ ਅੱਧੀ ਰਾਤ ਤੋਂ ਖੋਲ੍ਹ ਦਿੱਤੀ ਗਈ ਹੈ। 31 ਜੁਲਾਈ ਦੀ ਰਾਤ ਨੂੰ ਸੈਂਕੜੇ ਲੋਕਾਂ ਨੇ ਆਨ ਲਾਈਨ ਅਪਲਾਈ ਵੀ ਕਰ ਦਿੱਤਾ ਹੈ। ਸਪਾਂਸਰਸ਼ਿੱਪਾਂ ਤਸਦੀਕ ਕਰਵਾਉਣ ਵਾਲਿਆਂ ਦਾ ਵੀ ਜ਼ੋਰ ਰਿਹਾ। ਬਹੁਤ ਸਾਰੇ ਲੋਕ ਟ੍ਰੈਵਲ ਇੰਸ਼ੋਰੈਂਸ ਸਬੰਧੀ ਵੀ ਕੁਟੇਸ਼ਨਾਂ ਲੈਂਦੇ ਰਹੇ। ਮੈਡੀਕਲ ਇੰਸ਼ੋਰੈਂਸ ਲਈ ਸਿਫਾਰਸ਼ ਕੀਤੀ ਗਈ ਹੈ। 9 ਮਹੀਨਿਆਂ ਦੇ ਠਹਿਰਾਓ ਤੱਕ ਦਾ ਇਹ ਵੀਜ਼ਾ ਹੁਣ ਅਪਲਾਈ ਕੀਤਾ ਜਾ ਸਕਦਾ ਹੈ।ਸਪਾਂਸਰਸ਼ਿਪ ਫਾਰਮ 1025 ਅਪ੍ਰੈਲ-2022 ਵਾਲਾ ਭਰਿਆ ਜਾਣ ਲੱਗਿਆ ਹੈ।ਸ਼ਰਤਾਂ ਦੇ ਵਿਚ ਕਈ ਗੱਲਾਂ ਜ਼ਰੂਰੀ ਕੀਤੀਆਂ ਗਈਆਂ ਹਨ ਜਿਨ੍ਹਾਂ ਨੂੰ ਵੈਬਸਾਈਟ ਉਤੇ ਜਾ ਕੇ ਵੇਖਿਆ ਜਾ ਸਕਦਾ ਹੈ।246 ਡਾਲਰ ਫੀਸ ਪ੍ਰਤੀ ਅਰਜ਼ੀ ਰੱਖੀ ਗਈ ਹੈ ਅਤੇ ਪਾਸਪੋਰਟ ਭੇਜਣ ਵਾਲੇ ਵਿਚੋਲੇ ) 1010 ਰੁਪਏ ਵੱਖਰੇ ਪ੍ਰਤੀ ਅਰਜ਼ੀ ਲੈਣਗੇ। 5 ਮਹੀਨਿਆਂ ਦਾ ਸਮਾਂ ਵੀ ਲਗ ਸਕਦਾ ਹੈ ਵੀਜ਼ਾ ਜਾਰੀ ਕਰਨ ਲਈ ਪਰ ਜਲਦੀ ਵੀ ਹੋ ਸਕਦਾ ਹੈ।

# ਕਾਗਜ਼ੀ ਵਿਚੋਲਪੁਣਾ

### ਲੜਕੀ ਦੀ ਲੋੜ

ਜੱਟ ਸਿੱਖ ਪਰਿਵਾਰ ਦੇ ਸਪੇਨ ਵਿੱਚ ਪੱਕੇ ਤੌਰ ਤੇ ਰਹਿ ਰਹੇ ਸੋਹਣੇ ਸੁਨੱਖੇ ਲੜਕੇ ਉਮਰ 28 ਸਾਲ,ਕੱਦ 6 ਫੁੱਟ 2 ਇੰਚ,ਵਿਦਿਅਕ ਯੋਗਤਾ ਪਲੱਸ 2 ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਵਿੱਚ ਵੈੱਲ ਸੈਟਲਡ ਹੈ । ਸੰਪਰਕ: 604 967 1374 ਜਾਂ 604 967 2682 ***202***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਪਰਿਵਾਰ ਦੀ ਵੈਸ਼ਨੂੰ, ਪੜੀ ਲਿਖੀ ਲੜਕੀ ਉਮਰ 37 ਸਾਲ (ਅਨਮੈਰਿਡ) ਕੱਦ 5 ਫੁੱਟ 6 ਇੰਚ ਲਈ ਕਨੇਡਾ ਵਿੱਚ ਹੀ ਸੈਟਲਡ ਨਸ਼ਾ ਰਹਿਤਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 587 500 3744 ***202***

### ਲੜਕੇ ਦੀ ਲੋੜ

ਕੈਲਗਰੀ ਵਾਸੀ ਸਵਰਨਕਾਰ ਸਦਿਓੜਾ ਸਿੱਖ ਲੜਕੀ ,ਉਮਰ 23 ਸਾਲ,ਕੱਦ 5 ਫੁੱਟ 5 ਇੰਚ, ਕਨੇਡੀਅਨ ਪੀ ਆਰ,ਬੈਂਕ ਨਾਲ ਐਸੋਸੀਏਟ ਫਾਈਨੈਂਸਲ ਐਡਵਾਈਜ਼ਰ ਤੌਰ ਤੇ ਕੰਮ ਕਰ ਰਹੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਉੱਚ ਜਾਂ ਬਰਾਬਰ ਯੋਗਤਾ ਵਾਲੇ ਹੀ ਸੰਪਰਕ ਕਰਨ । ਕਾਲ: 587 583 7939 ***206***

### ਲੜਕੀ ਦੀ ਲੋੜ

ਸਰਾਂ ਪਰਿਵਾਰ ਦੇ ਪੰਜਾਬ ਰਹਿੰਦੇ ਲੜਕੇ ਉਮਰ 29 ਸਾਲ ,ਕੱਦ 6 ਫੁੱਟ, ਵਿਦਿਅਕ ਯੋਗਤਾ ਕੰਪਿਊਟਿਰ ਸਾਇੰਸ(ਬੀ ਟੈੱਕ ) ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ। ਸੰਪਰਕ: 403 909 5003***206***

### ਲੜਕੇ ਦੀ ਲੋੜ

Jatt Sikh family seek a suitable match for their 5ft. 8inch / 29 years old daughter. She is a Engineering Graduate from Canadian University and working as a Professional Engineer within a reputed company. Boy should be born or raised in Canada and a well settled equally qualified Professional. Contact only Jatt Sikh families. Contact: (403) 828 7973 or acheema8811@gmail.com ***205***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ,ਉਮਰ 30 ਸਾਲ, ਕੱਦ 5 ਫੁੱਟ 7 ਇੰਚ, ਨਸ਼ਾ ਰਹਿਤ, ਹਿਊਮਨ ਰਿਸੋਰਸ ਡਿਪਲੋਮਾਂ ਹੋਲਡਰ, ਪੁਲਿਸ ਵਿੱਚ ਕੰਮ ਕਰਦੇ ਲੜਕੇ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਕਾਲ: 1 204 908 0011 ਜਾਂ 1 204 421 7001 ***205***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਸਿੱਧੂ ਪਰਿਵਾਰ ਦੇ ਪੱਗ ਬੰਨਦੇ ਲੜਕੇ ਉਮਰ 29 ਸਾਲ,ਕੱਦ 5 ਫੁੱਟ 8 ਇੰਚ, ਡਬਲ ਐਮ ਏ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 1 639 883 0000 ***205***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਸਿੱਖ ਰਾਜਪੂਤ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 32 ਸਾਲ,ਕੱਦ 5 ਫੁੱਟ 9 ਇੰਚ, ਕਲੀਨਸੇਵ,ਨਾਨ ਡਰਿੰਕਰ,ਨਾਨ ਵੈਜੀਟੇਰੀਅਨ, ਵਿੰਡਸਰ ਯੂਨੀਵਰਿਸਟੀ ਤੋਂ ਕੰਪਿਊਟਿਰ ਸਾਇੰਸ ਗਰੈਜੂਏਟ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਇਸ ਵੇਲੇ 75000 ਡਾਲਰ ਪਲੱਸ ਬੈਨੀਫਿਟ ਸਾਫਟਵੇਅਰ ਇੰਜੀਨੀਅਰ ਦੀ ਜੌਬ ਕਰ ਰਿਹਾ ਹੈ। ਲੜਕੇ ਦੇ ਪਿਤਾ ਦਾ ਆਪਣਾ ਬਿਜਨਿਸ ਹੈ। ਸੰਪਰਕ: 1 647 629 7764 ਜਾਂ ਵਟਸਐਪ: 9815012079***201***

### ਲੜਕੇ ਦੀ ਲੋੜ

ਜੱਟ ਸਿੱਖ ਘੁਮਾਣ ਪਰਿਵਾਰ ਦੀ ਲੜਕੀ 1991, ਕੱਦ 5 ਫੁੱਟ, ਵਿਦਿਅਕ ਯੋਗਤਾ: ਬੀ ਐਸ ਸੀ ਨਰਸਿੰਗ, ਬੈਚੁਲਰਜ ਇਨ ਪਬਲਿਕ ਹੈਲਥ ,ਹੁਣ ਵਰਕ ਪਰਮਿਟ ਤੇ ਕੰਮ ਕਰਦੀ ਲੜਕੀ ਲਈ ਕਨੇਡਾ ਤੋਂ ਹੀ ਬਰਾਬਰ ਦੀ ਯੋਗਤਾ ਵਾਲੇ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਵਿਜਟਿਰ ਜਾਂ ਵਰਕ ਪਰਮਿਟ ਵਾਲਾ ਵੀ ਵਿਚਾਰਨ ਯੋਗ ਹੈ। । ਵਟਸਐਪ: 9417969248 ਜਾਂ 403 690 2947 e Mail: amardhaliwalca@yahoo.ca ***205***

### ਲੜਕੀ ਦੀ ਲੋੜ

ਸਿੱਧੂ ਪਰਿਵਾਰ ਦੇ ਪਲੱਸ ਟੂ ਪਾਸ ਵਿਜਟਿਰ ਵੀਜੇ ਉੱਪਰ ਆਏ ਲੜਕੇ, ਉਮਰ 24 ਸਾਲ, ਕੱਦ 6 ਫੁੱਟ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਮਾਲਵਾ ਇਲਾਕੇ ਨੂੰ ਪਹਿਲ ਸੰਪਰਕ: 1 306 450 0239 ***204***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਪਨੇਸਰ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 10 ਇੰਚ, ਯੂਨੀਵਰਿਸਟੀ ਆਫ ਕੈਲਗਰੀ ਤੋਂ ਸਿਵਲ ਇੰਜੀਨੀਅਰ ਡਿਗਰੀ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਸਿਟੀ ਆਫ ਕੈਲਗਰੀ ਵਿਖੇ ਸਰਕਾਰੀ ਜੌਬ ਉੱਪਰ ਹੈ । ਸੰਪਰਕ: 403 560 0934 ***204***

### ਲੜਕੇ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਰਹਿ ਰਹੀ ਧਾਲੀਵਾਲ ਪਰਿਵਾਰ ਦੀ ਲੜਕੀ ਉਮਰ 31 ਸਾਲ, ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ : Master's in Software Engineering from McGill University (Montreal) and Bachelor's in Electronics & Com। Engineering from India ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕਨੇਡਾ ਹੀ ਰਹਿੰਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਹੁਣ ਸੌਫਟ ਇੰਜੀਨੀਅਰ ਦੇ ਤੌਰ ਤੇ ਕੰਮ ਕਰ ਰਹੀ ਹੈ। ਮਾਲਵਾ ਇਲਾਕੇ ਨੂੰ ਪਹਿਲ। ਸੰਪਰਕ: 1 778 836 3046, 1 (647) 763-4584 ***204***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਆਹਲੂਵਾਲੀਆ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ ਮਾਸਟਰ ਇਨ ਆਈ ਟੀ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਮਾਲਵਾ ਇਲਾਕੇ ਨੂੰ ਪਹਿਲ । ਲੜਕੀ ਦਾ ਵੱਡਾ ਭਰਾ ਕੈਲਗਰੀ ਪੱਕੇ ਤੌਰ ਤੇ ਸੈਟਲਡ ਹੈ। ਸੰਪਰਕ : 1 306 881 7883 ahluwalia_1986@yahoo.com ***204***

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਜੱਟ ਸਿੱਖ ਸਿੱਧੂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 25 ਸਾਲ, ਕੱਦ 6 ਫੁੱਟ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਵੈਸ਼ਨੂੰ ਹੈ ਅਤੇ ਉਸ ਨੇ ਸਿਵਲ ਇੰਜੀਨੀਅਰ ਦਾ ਡਿਪਲੋਮਾ ਕੀਤਾ ਹੋਇਆ ਹੈ। ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 403 680 6801 ***203***

### ਲੜਕੇ ਦੀ ਲੋੜ

ਇੰਡੀਆ ਤੋਂ ਇੰਗਲੈਂਡ (ਲੰਡਨ) ਵਿੱਚ ਪੜ੍ਹਨ ਲਈ ਆਈ ਹਿੰਦੂ ਅਰੋੜਾ ਪਰਿਵਾਰ ਦੀ ਲੜਕੀ ਲਈ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਮੰਗਲੀਕ ਨਹੀ ਅਤੇ ਉਸਦੀ ਉਮਰ 31 ਸਾਲ ਹੈ। ਲੜਕੀ ਦੀ ਪੜ੍ਹਾਈ ਪੂਰੀ ਹੋ ਚੁੱਕੀ ਹੈ ਅਤੇ ਹੁਣ ਵਾਪਿਸ ਜਾਕੇ ਵਿਆਹ ਇੰਡੀਆ ਵਿੱਚ ਕਰਨਾ ਹੈ। ਪਰਿਵਾਰ ਵਿੱਚ ਲੜਕੀ ਦੀ ਮਾਂ ਹੈ ਅਤੇ ਲੜਕੀ ਦਾ ਨਾਨਕਾ ਪਰਿਵਾਰ ਕਨੇਡਾ ਸੈਟਲ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ । ਵਰਕ ਪਰਮਿਟ ਉੱਪਰ ਆਏ ਲੜਕੇ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ: 780 257 2020***203***

### ਲੜਕੀ ਦੀ ਲੋੜ

Looking for a suitable girl for Canadian citizen Ramgharia boy, age 29 years, height - 5'9. Education - Diploma in business - finance 2 years, Red seal autobody technician 4 years. Work - autobody refinisher in an autobody Shop. Living in Canada for 10 years. Contact: 403-880-4806, 403-607-0413***203***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਜੱਟ ਸਿੱਖ ਦਿਉਲ ਪਰਿਵਾਰ ਦੇ ਲੜਕੇ ਉਮਰ 35 ਸਾਲ ,ਕੱਦ 5 ਫੁੱਟ 7 ਇੰਚ, ਲਈ ਕਨੇਡੀਅਨ ਪੀਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਡਿਵੋਰਸ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 1 778 682 4844 ਜਾਂ 1 431 998 0513 ***201***

### ਲੜਕੀ ਦੀ ਲੋੜ

ਕੈਨੇਡੀਅਨ ਪੀ ਆਰ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਆਟੋਮੋਬਾਇਲ ਡਿਪਲੋਮਾ ਹੋਲਡਰ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ:403 466 6317 ਜਾਂ 403 402 7511***201***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਬਡਵਾਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 30 ਸਾਲ, ਕੱਦ 5 ਫੁੱਟ 10 ਇੰਚ,ਵਿਦਿਅਕ ਯੋਗਤਾ : ਕੰਪਿਊਟਿਰ ਸਿਸਟਮ ਟੈਕਨੀਸ਼ਨ ਡਿਪਲੋਮਾ ਹੋਲਡਰ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕਾਲ: 1 639 999 2726 ***201***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਪੰਜਾਬ ਦੇ ਜਲੰਧਰ ਜਿਲੇ ਨਾਲ ਸਬੰਧਿਤ ਹਿੰਦੂ ਖੱਤਰੀ ਪਰਿਵਾਰ ਦੀ ਵਿਧਵਾ ਲੜਕੀ ,ਉਮਰ 34 ਸਾਲ, ਵਿਦਿਅਕ ਯੋਗਤਾ :ਸੀ ਏ , ਸੀ ਐਫ ਏ ਲੈਵਲ ਵਨ ਅਤੇ ਬੀ ਕਾਮ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਰਿਸ਼ਤਾ ਹਿੰਦੂ ਜਾਂ ਸਿੱਖ ਖੱਤਰੀ ਪਰਿਵਾਰ ਦਾ ਹੀ ਵਿਚਾਰਿਆ ਜਾਵੇਗਾ ਪਰ ਕਨੇਡੀਅਨ ਰਿਸ਼ਤੇ ਨੂੰ ਪਹਿਲ ਹੋਵੇਗੀ।ਲੜਕੀ ਕੋਲ ਇੱਕ ਬੇਟਾ ਹੈ ਜਿਸ ਦੀ ਉਮਰ 7 ਸਾਲ ਹੈ। ਸੰਪਰਕ: 587 830 6511 ਜਾਂ 919417327521 ***201***

### ਲੜਕੇ ਦੀ ਲੋੜ

Respectable well educated simple Sikh Saini family seeking a suitable match for their beautiful daughter birth 89,5'5"tall,Canadian citizen, bachelor with honours from university of Calgary and well settled in Calgary. The boy should be Canadian/ US citizen ,professionally well educated,clean shaven, good looking tall handsome with modern values. Please contact with recent picture and bio data of the boy to raminder5@hotmail.com or call 403 400 7413. ***201***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਪਰਿਵਾਰ ਦੀ ਤਲਾਕਸੁਦਾ ਲੜਕੀ ਉਮਰ 31 ਸਾਲ, ਕੱਦ 5 ਫੁੱਟ 3 ਇੰਚ,ਵਿਦਿਅਕ ਯੋਗਤਾ ਪਲੱਸ ਟੂ ਵਾਸਤੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ।ਲੜਕਾ ਸਿਰਫ ਦੁਆਬਾ ਖੇਤਰ ਨਾਲ ਸਬੰਧਿਤ ਹੋਵੇ । ਸੰਪਰਕ:403 998 8473***203***

### ਲੜਕੇ ਦੀ ਲੋੜ

ਕਨੇਡੀਅਨ ਜੱਟ ਸਿੱਖ ਲੜਕੀ 1991/ ਕੱਦ 5 ਫੁੱਟ 2 ਇੰਚ, ਚੰਗੀ ਵਿਦਿਆ ਪ੍ਰਾਪਤ ਕਰਨ ਉਪਰੰਤ ਕੈਨੇਡਾ ਵਿੱਚ ਹੈਲਥ ਕੇਅਰ ਲੀਡਰਸ਼ਿੱਪ ਦੀ ਜੌਬ ਕਰਦੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਵਟਸਐਪ ਵੀ ਕਰ ਸਕਦੇ ਹੋ। ਸੰਪਰਕ: 1 204 894 0793

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਚੰਗੇ ਪੜੇ ਲਿਖੇ ਰਵੀਦਾਸੀਆ ਸਿੱਖ (ਮੋਹਲ) ਪਰਿਵਾਰ ਦੇ ਲੜਕੇ ਜਨਮ 1994/ ਕੱਦ 5 ਫੁੱਟ 9 ਇੰਚ, ਰੰਗ ਕਣਕਵੰਨਾ,ਵਿਦਿਅਕ ਯੋਗਤਾ : ਬੀ ਏ ਐਲ ਐਲ ਬੀ,ਲਈ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਪਿਤਾ ਏਡੀਸੀ ਵਿਕਾਸ ਦੇ ਦਫਤਰੋਂ ਸੁਪਰਡੈਂਟ ਰਿਟਾਇਰ ਹੋਇਆ ਹੈ ਅਤੇ ਮਾਤਾ ਮੌਜਦਾ ਸਮੇ ਪੰਚਾਇਤ ਅਫਸਰ ਲੱਗੀ ਹੋਈ ਹੈ। ਲੜਕਾ ਇਸ ਵੇਲੇ ਆਪਣੀ ਪ੍ਰੈਕਟਿਸ ਕਰ ਰਿਹਾ ਹੈ । ਪੂਰਾ ਪਰਿਵਾਰ,ਸਮਾਜ ਸੇਵੀ,ਅਗਾਂਹਵਧੂ ਕਦਰਾ ਕੀਮਤਾਂ ਦਾ ਧਾਰਨੀ ਹੈ। ਪਿਛਲੇ 40 ਸਾਲਾਂ ਤੋਂ ਪਰਿਵਾਰ ਅੰਦਰ ਦਾਜ ਬੰਦ ਹੈ। ਸੰਪਰਕ: 0091 80541 16006 ***202***

## ਜਿਸਮਾਨੀ ਛੇੜਛਾੜ ਦੀਆਂ 9 ਪੀੜ੍ਹਤਾਂ ਨੂੰ ਹਾਕੀ ਕੈਨੇਡਾ ਵੱਲੋਂ ਸਾਢੇ ਸੱਤ ਮਿਲੀਅਨ ਡਾਲਰ ਤੋਂ ਵੱਧ ਅਦਾ ਕੀਤੇ ਗਏ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਹਾਕੀ ਕੈਨੇਡਾ ਜਿਸ ਵੱਲੋਂ ਬੀਤੇ ਸਮੇਂ ਚ ਸੰਸਥਾ ਅੰਦਰ ਹੁੰਦੇ ਰਹੇ ਜਿਸਮਾਨੀ ਛੇੜਛਾੜ ਦੇ ਕੇਸਾਂ ਨੂੰ ਸੰਸਥਾ ਦੇ ਫੰਡਾਂ ਨਾਲ ਸੁਲਝਾਉਣ ਜਾਂ ਰਫ਼ਾ ਦਫ਼ਾ ਕਰਨ ਦੀ ਕੋਸ਼ਿਸ਼ ਕੀਤੀ ਗਈ । ਹਾਕੀ ਕੈਨੇਡਾ ਦੇ ਪ੍ਰੈਜ਼ੀਡੈਂਟ ਅਤੇ ਸੀਈਓ ਸਕੌਟ ਸਮਿੱਥ ਹੈਰੀਟੇਜ ਕਮੇਟੀ ਸਾਹਮਣੇ ਪੇਸ਼ੀ ਹੋਈ ਜੋ ਹਾਕੀ ਕੈਨੇਡਾ ਵੱਲੋਂ ਸਾਲ 2018 ਵਿਚ ਜਿਸਮਾਨੀ ਛੇੜਛਾੜ ਦੇ ਮਾਮਲਿਆਂ ਨਾਲ ਸੰਸਥਾ ਵੱਲੋਂ ਨਜਿੱਠੇ ਜਾਣ ਦਾ ਅਧਿਐਨ ਕਰ ਰਹੀ ਹੈ। ਹਾਕੀ ਕੈਨੇਡਾ ਦੇ ਪ੍ਰੈਜ਼ੀਡੈਂਟ ਨੇ ਮੰਨਿਆ ਇਸ ਸਾਲ 1989 ਤੋਂ ਲੈ ਕੇ ਹੁਣ ਤਕ ਇਸ ਤਰ੍ਹਾਂ ਦੇ ਮਾਮਲਿਆਂ ਨਾਲ ਨਜਿੱਠਣ ਲਈ 9 ਪੀੜਤਾਂ ਨੂੰ ਸੱਤ ਇਸ਼ਾਰਿਆ ਛੇ ਮਿਲੀਅਨ ਡਾਲਰ ਅਦਾ ਕੀਤੇ ਗਏ ਹਨ।


"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

ਕੈਲਗਰੀ-403 640 2000

ਐਡਮਿੰਟਨ-780 599 2000 ਸੈਸਕਾਟੂਨ 639 999 1000

ਰੀਜ਼ਾਇਨਾ- 639 999 1000, ਵਿਨੀਪੈੱਗ- 431 733 3000



**ਕੈਲਗਰੀ ਦੀ ਨਾਮਵਰ ਕੰਪਨੀ ਨੂੰ ਘਰਾਂ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ।**

ਰੂਫਰ ਅਤੇ ਸਾਈਡਿੰਗ ਇੰਨਸਟਾਲਰ ਚਾਹੀਦੇ ਹਨ।ਜੇਕਰ ਤਜਰਬਾ ਹੋਵੇ ਤਾਂ ਵਧੀਆ ਹੈ ਨਹੀਂ ਤਾਂ ਉਹ ਖੁਦ ਕੰਮ ਸਿਖਾ ਵੀ ਦੇਣਗੇ।ਅੰਗਰੇਜੀ ਦੀ ਕੋਈ ਸਮੱਸਿਆ ਨਹੀਂ ਜ਼ਿਆਦਾ ਵਰਕਰ ਪੰਜਾਬੀ ਹੀ ਬੋਲਦੇ ਹਨ ਐਲ ਐਮ ਆਈ ਏ ਦਿਵਾਉਣ ਵਿੱਚ ਵੀ ਮੱਦਦ ਕਰ ਸਕਦੇ ਹਨ।

**ਅੱਜ ਹੀ ਕਾਲ ਕਰੋ: 403 680 0436**



### ਲੜਕੇ ਦੀ ਲੋੜ

ਪੰਜਾਬ ਰਹਿ ਰਹੀ ਚੰਗੀ ਪੜੀ ਲਿਖੀ, ਯੂਨੀਵਰਸਿਟੀ ਵਿੱਚ ਜੌਬ ਕਰਦੀ ਲੜਕੀ ਉਮਰ 28 ਸਾਲ, ਵਿਦਿਅਕ ਯੋਗਤਾ ਐਮ ਏ ,ਬੀ ਐਡ, ਲਈ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਦੋਵੇਂ ਭਰਾ ਕਨੇਡਾ ਵੈਲ ਸੈਟਲਡ ਹਨ। ਵਰਕ ਪਰਮਿਟ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ । ਸੰਪਰਕ: 403 702 0424 ***210***



## Hiring !

Daffodils Cargologistics Inc. islooking for Class 1 Drivers forlong - HaulBest pay packages upto 58 cents per mile Applicants should have minimum of 7 - 12 months driving experience Please contact with your drivinglicense and commercialdriving abstract

Email: dclogistics4@gmail.com

Phone : 204-396-1696 , 204-891-0031



## Hiring

Hair and face art salon islooking for hairdresser (NOC CODE 6341) Applicants should have minimum of 1-2 years of experience.

Number of Vacancies :2

Wage rate: 20/hour fulltime job

Interested candidates please send your resume at email: hairandfaceart994@gmail.com



### ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ

A1 Roofing & Siding Ltd.

• ROOFING
• SIDING
• SOFFIT
• STUCCO
• HARDIE
• FASCIA
• EAVESTROUGH

ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ

Jaswinder 403-614-2094 Harwinder 403-402-5615

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615



### ਗ੍ਰਾਫਿਕ ਡਿਜ਼ਾਇਨਰ (ਸਾਈਨ) ਦੀ ਲੋੜ ਹੈ

ਪ੍ਰਿੰਟ ਐਂਡ ਡਿਜ਼ਾਇਨ ਦੇ ਖੇਤਰ ਵਿੱਚ ਕੈਲਗਰੀ ਦੀ ਵੱਡੀ ਕੰਪਨੀ ਐਰੋ ਸਾਈਨ ਵਾਲਿਆਂ ਨੂੰ ਗ੍ਰਾਫਿਕ ਡਿਜ਼ਾਇਨਰ (ਸਾਈਨ) ਦੀ ਲੋੜ ਹੈ। 3-5 ਸਾਲ ਕੰਮ ਕਰਨ ਦਾ ਤਜ਼ਰਬਾ ਹੋਵੇ । ਚੈਨਲ ਲੈਟਰ ਬਣਾਉਣ ਦਾ ਕੰਮ ਜਾਣਦਾ ਹੋਵੇ। ਤੁਸੀਂ ਇੰਡੀਆ ਤੋਂ ਵੀ ਅਪਲਾਈ ਕਰ ਸਕਦੇ ਹੋ।

aerosignandprintinc@gmail.com


## Name change

I, **Rageshwari Sall**, daughter of **Tejwant Kittu**, holder of Indian **Passport No. V1061281**, issued at Chandigarh, on 07/05/2021, permanent resident of Kothi No 244 Phase 3 Dreamland Colony, Patiala Road, Sangrur, Punjab, India, 148001, and presently resident at Unit 1615 4641 128 Ave N.E. Calgary, Alberta, Canada T3N1T2 do hereby change my name from **Rageshwari** Sall to **Raavi Ahluwalia**, with immediate effect. Date: 30 July 2022 Cont.: (587) 839-7009

# ਘੱਟੋ-ਘੱਟ ਸਮਰਥਨ ਮੁੱਲ 'ਚ ਪਾਰਦਰਸ਼ਤਾ ਦਾ ਸਵਾਲ

**ਡਾ. ਬਲਵਿੰਦਰ ਸਿੰਘ ਸਿੱਧ**



ਮੁਲਕ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 19 ਨਵੰਬਰ 2021 ਨੂੰ ਤਿੰਨ ਖੇਤੀ ਕਾਨੂੰਨ ਜਿਨ੍ਹਾਂ ਬਾਰੇ ਕਿਸਾਨਾਂ ਨੇ ਦਿੱਲੀ ਦੀਆਂ ਹੱਦਾਂ 'ਤੇ ਵਿਸ਼ਾਲ ਪ੍ਰਦਰਸ਼ਨ ਕੀਤਾ ਸੀ, ਰੱਦ ਕਰਨ ਦਾ ਐਲਾਨ ਕਰਦਿਆਂ ਕਿਹਾ ਸੀ ਕਿ ਸਰਕਾਰ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਨੂੰ ਹੋਰ ਪ੍ਰਭਾਵਸ਼ਾਲੀ ਅਤੇ ਪਾਰਦਰਸ਼ੀ ਬਣਾਉਣ ਲਈ ਕਮੇਟੀ ਬਣਾਏਗੀ ਅਤੇ ਨਾਲ ਹੀ ਜ਼ੀਰੋ ਬਜਟ ਕੁਦਰਤੀ ਖੇਤੀ ਨੂੰ ਹੁਲਾਰਾ ਦੇਣ ਲਈ ਕੰਮ ਕਰੇਗੀ। ਇਸ ਮੰਤਵ ਲਈ 29 ਨਵੰਬਰ 2021 ਨੂੰ 'ਫਾਰਮ ਲਾਅਜ਼ ਰੀਪੀਲ ਬਿੱਲ-2021' ਵਿਰੋਧੀ ਧਿਰ ਦੀ ਇਸ ਬਾਰੇ ਚਰਚਾ ਦੀ ਮੰਗ ਦੇ ਬਾਵਜੂਦ ਜ਼ਬਾਨੀ ਮਤੇ ਨਾਲ ਪਾਸ ਕਰ ਦਿੱਤਾ ਗਿਆ ਜਿਵੇਂ ਸਤੰਬਰ 2020 ਵਿਚ ਖੇਤੀ ਬਿੱਲ ਪਾਸ ਕੀਤੇ ਸਨ। ਸਿਆਸੀ ਪਾਰਟੀਆਂ ਮਹਿਸੂਸ ਕਰ ਰਹੀਆਂ ਸਨ ਕਿ ਦੋਨੋਂ ਸਮੇਂ ਚਰਚਾ ਹੋਣੀ ਚਾਹੀਦੀ ਸੀ ਅਤੇ ਸਰਕਾਰ ਨੂੰ ਅਜਿਹਾ ਕਰਨ ਦੇ ਕਾਰਨ ਦੱਸਣੇ ਚਾਹੀਦੇ ਸਨ।

ਹੁਣ ਖੇਤੀ ਕਾਨੂੰਨ ਰੱਦ ਕਰਨ ਸਮੇਂ ਕੀਤੀਆਂ ਵਚਨਬੱਧਤਾਵਾਂ ਦੇ ਜਵਾਬ ਵਿਚ ਕਮੇਟੀ ਬਣਾਈ ਗਈ ਹੈ ਜਿਸ ਵਿਚ ਕੇਂਦਰ ਅਤੇ ਰਾਜ ਸਰਕਾਰਾਂ ਦੇ ਪ੍ਰਤੀਨਿਧੀ, ਕਿਸਾਨ, ਖੇਤੀ ਵਿਗਿਆਨੀ ਅਤੇ ਖੇਤੀ ਅਰਥਸ਼ਾਸਤਰੀ ਸ਼ਾਮਲ ਕੀਤੇ ਗਏ ਹਨ। ਇਸ ਦੀ ਰਚਨਾ ਦਾ ਉਦੇਸ਼ 'ਜ਼ੀਰੋ ਬਜਟ ਆਧਾਰਿਤ ਖੇਤੀ ਨੂੰ ਹੁਲਾਰਾ ਦੇਣ, ਮੁਲਕ ਦੀ ਬਦਲੀਆਂ ਲੋੜਾਂ ਨੂੰ ਧਿਆਨ ਵਿਚ ਰੱਖਦੇ ਹੋਏ ਫਸਲੀ ਚੱਕਰ ਨੂੰ ਬਦਲਣ, ਐੱਮਐੱਸਪੀ ਨੂੰ ਜ਼ਿਆਦਾ ਪ੍ਰਭਾਵੀ ਤੇ ਪਾਰਦਰਸ਼ੀ ਬਣਾਉਣਾ ਹੈ।' ਇਸ ਕਮੇਟੀ ਦਾ ਕੰਮ ਕਰਨ ਦਾ ਖੇਤਰ ਅਤੇ ਵਿਸ਼ੇ ਹੇਠ ਲਿਖੇ ਅਨੁਸਾਰ ਹਨ :

(ੳ) ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ : ਇਸ ਵਿਸ਼ੇ 'ਤੇ ਕਮੇਟੀ ਨੂੰ ਖੇਤੀਬਾੜੀ ਦੇ ਢਾਂਚੇ ਨੂੰ ਹੋਰ ਅਸਰਦਾਰ ਅਤੇ ਪਾਰਦਰਸ਼ੀ ਬਣਾ ਕੇ ਭਾਰਤ ਦੇ ਕਿਸਾਨਾਂ ਨੂੰ ਐੱਮਐੱਸਪੀ ਮੁਹੱਈਆ ਕਰਵਾਉਣ, ਖੇਤੀ ਲਾਗਤ ਅਤੇ ਮੁੱਲ ਕਮਿਸ਼ਨ (ਸੀ.ਏ.ਸੀ.ਪੀ.) ਨੂੰ ਹੋਰ ਖ਼ੁਦਮੁਖ਼ਤਾਰੀ ਮੁਹੱਈਆ ਕਰਵਾਉਣ ਅਤੇ ਇਸ ਦੇ ਕੰਮ-ਕਾਜ ਨੂੰ ਹੋਰ ਵਿਗਿਆਨਕ ਬਣਾਉਣ ਅਤੇ ਮੁਲਕ ਦੀਆਂ ਬਦਲਦੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਖੇਤੀਬਾੜੀ ਮੰਡੀ ਢਾਂਚੇ ਨੂੰ ਹੋਰ ਮਜ਼ਬੂਤ ਬਣਾਉਣ ਬਾਰੇ ਸੁਝਾਅ ਦੇਣ ਲਈ ਕਿਹਾ ਗਿਆ ਹੈ ਤਾਂ ਜੋ ਘਰੇਲੂ ਅਤੇ ਬਰਾਮਦ ਮੌਕਿਆਂ ਰਾਹੀਂ ਕਿਸਾਨਾਂ ਨੂੰ ਉਨ੍ਹਾਂ ਦੀ ਪੈਦਾਵਾਰ ਦੀ ਵਧੀਆ ਕੀਮਤ ਮੁਹੱਈਆ ਕਰਵਾਈ ਜਾ ਸਕੇ।

(ਅ) ਕੁਦਰਤੀ ਖੇਤੀ : ਇਸ ਵਿਸ਼ੇ 'ਤੇ ਕਮੇਟੀ ਨੂੰ ਕਿਸਾਨ ਸੰਸਥਾਵਾਂ ਦੀ ਸ਼ਮੂਲੀਅਤ ਅਤੇ ਸਹਿਯੋਗ ਨਾਲ ਵੈਲਿਊ ਚੇਨ ਦੇ ਵਿਕਾਸ, ਪ੍ਰੋਟੋਕੋਲ ਪ੍ਰਮਾਣਿਕਤਾ ਤੇ ਭਵਿੱਖੀ ਲੋੜ ਲਈ ਖੋਜ ਤੇ ਕੁਦਰਤੀ ਖੇਤੀ ਅਧੀਨ ਰਕਬੇ ਵਿਚ ਵਾਧੇ ਲਈ ਪ੍ਰਚਾਰ ਤੇ ਸਹਾਇਤਾ ਬਾਰੇ ਸੁਝਾਅ ਦੇਣ ਲਈ ਕਿਹਾ ਗਿਆ ਹੈ। ਕੁਦਰਤੀ ਖੇਤੀ ਨੂੰ ਪ੍ਰਫੁਲਿਤ ਕਰਨ ਵਾਸਤੇ ਕਮੇਟੀ, ਕ੍ਰਿਸ਼ੀ ਵਿਗਿਆਨ ਕੇਂਦਰਾਂ ਅਤੇ ਖੋਜ ਤੇ ਵਿਕਾਸ ਸੰਸਥਾਵਾਂ ਨੂੰ ਬਤੌਰ ਜਾਣਕਾਰੀ ਕੇਂਦਰ ਬਣਾਉਣ ਅਤੇ ਯੂਨੀਵਰਸਿਟੀਆਂ ਅਤੇ ਹੋਰ ਵਿਦਿਅਕ ਸੰਸਥਾਵਾਂ ਵਿਚ ਕੁਦਰਤੀ ਫਾਰਮਿੰਗ ਸਿਸਟਮ ਅਤੇ ਸਕਿੱਲ ਡਿਵੈਲਪਮੈਂਟ ਨੂੰ ਪੜ੍ਹਾਈ ਦੇ ਕੋਰਸ ਵਿਚ ਸ਼ਾਮਿਲ ਕਰਨ ਅਤੇ ਇਸ ਦੀ ਪੈਦਾਵਾਰ ਲਈ ਕਿਸਾਨ-ਪੱਖੀ ਸਰਟੀਫਿਕੇਸ਼ਨ ਅਤੇ ਮੰਡੀਕਰਨ ਸਿਸਟਮ ਨੂੰ ਮਜ਼ਬੂਤ ਕਰਨ ਅਤੇ ਕੁਦਰਤੀ ਖੇਤੀ ਦੀ ਪੈਦਾਵਾਰ ਦੀ ਔਰਗੈਨਿਕ ਸਰਟੀਫਿਕੇਸ਼ਨ ਵਾਸਤੇ ਪ੍ਰਯੋਗਸ਼ਾਲਾਵਾਂ ਬਣਾਉਣ ਬਾਰੇ ਸੁਝਾਅ ਦੇਵੇਗੀ।

(ੲ) ਫਸਲੀ ਵੰਨ-ਸਵੰਨਤਾ : ਇਸ ਵਿਸ਼ੇ 'ਤੇ ਕਮੇਟੀ ਉਤਪਾਦਕ ਅਤੇ ਖਪਤਕਾਰ ਰਾਜਾਂ ਦੇ ਖੇਤੀਬਾੜੀ ਖੇਤਰਾਂ ਦੀ ਮੌਜੂਦਾ ਫਸਲੀ ਪ੍ਰਣਾਲੀ ਦਾ ਖਾਕਾ ਤਿਆਰ ਕਰੇਗੀ ਅਤੇ ਮੁਲਕ ਦੀਆਂ ਬਦਲਦੀਆਂ ਲੋੜਾਂ ਅਨੁਸਾਰ ਫਸਲੀ ਚੱਕਰ ਵਿਚ ਤਬਦੀਲੀ ਲਈ ਫਸਲੀ ਵੰਨ-ਸਵੰਨਤਾ ਨੀਤੀ ਵਿਵਸਥਾ ਲਈ ਕਾਰਜ ਨੀਤੀ ਸੁਝਾਏਗੀ। ਖੇਤੀਬਾੜੀ ਵੰਨ-ਸਵੰਨਤਾ ਲਈ ਪ੍ਰਬੰਧ ਕਰਨ ਅਤੇ ਨਵੀਆਂ ਫਸਲਾਂ ਦੀ ਵਿਕਰੀ ਲਈ ਲਾਭਕਾਰੀ ਮੁੱਲ ਮਿਲਣ ਦੀ ਵਿਵਸਥਾ ਬਾਰੇ ਵੀ ਕਮੇਟੀ ਸੁਝਾਅ ਦੇਵੇਗੀ। ਕਮੇਟੀ ਲਘੂ ਸਿੰਜਾਈ ਯੋਜਨਾ ਦੀ ਸਮੀਖਿਆ ਕਰਕੇ ਇਸ ਨੂੰ ਬਿਹਤਰ ਢੰਗ ਨਾਲ ਲਾਗੂ ਕਰਨ ਲਈ ਸੁਝਾਅ ਦੇਵੇਗੀ।

ਜਿੱਥੋਂ ਤੱਕ ਕੇਂਦਰ ਸਰਕਾਰ ਵਲੋਂ ਇਸ ਕਮੇਟੀ ਦੀ ਰਚਨਾ ਦਾ ਸਬੰਧ ਹੈ, ਇਸ ਵਿਚ ਮੁਲਕ ਦੇ ਵੱਖ ਵੱਖ ਇਲਾਕਿਆਂ ਅਤੇ ਸੰਸਥਾਵਾਂ ਤੋਂ 28 ਮੈਂਬਰ ਮਨੋਨੀਤ ਕੀਤੇ ਹਨ ਅਤੇ ਇਨ੍ਹਾਂ ਵਿਚੋਂ ਤਿੰਨ ਮੈਂਬਰ ਸੰਯੁਕਤ ਕਿਸਾਨ ਮੋਰਚੇ ਨੂੰ ਮਨੋਨੀਤ ਕਰਨ ਲਈ ਕਿਹਾ ਗਿਆ ਹੈ ਤਾਂ ਜੋ ਅੰਦੋਲਨਕਾਰੀ ਕਿਸਾਨ ਮੋਰਚੇ ਨੂੰ ਢੁੱਕਵੀਂ ਪ੍ਰਤੀਨਿਧਤਾ ਦਿੱਤੀ ਜਾ ਸਕੇ ਪਰੰਤੂ ਕਿਸਾਨ ਮੋਰਚੇ ਨੇ ਇਸ ਕਮੇਟੀ ਨੂੰ ਇਹ ਕਹਿ ਕੇ ਰੱਦ ਕਰ ਦਿੱਤਾ ਹੈ ਕਿ ਇਸ ਦੇ ਜ਼ਿਆਦਾਤਰ ਮੈਂਬਰ ਰੱਦ ਹੋਏ ਖੇਤੀ ਕਾਨੂੰਨ ਬਣਾਉਣ ਵਾਲੇ, ਕਾਰਪੋਰੇਟ ਖੇਤਰ ਨਾਲ ਸਬੰਧਿਤ ਅਤੇ ਅਖੌਤੀ ਕਿਸਾਨ ਜੱਥੇਬੰਦੀਆਂ ਦੇ ਆਗੂ ਹਨ। ਮੋਰਚੇ ਨੇ ਇਹ ਵੀ ਕਿਹਾ ਹੈ ਕਿ ਐੱਮਐੱਸਪੀ ਦੀ ਕਾਨੂੰਨੀ ਗਾਰੰਟੀ ਦੇਣ ਦਾ ਕਮੇਟੀ ਦੇ ਏਜੰਡੇ ਵਿਚ ਕੋਈ ਜ਼ਿਕਰ ਨਹੀਂ ਹੈ। ਕਮੇਟੀ ਵਿਚ ਭਾਵੇਂ ਰਾਜ ਸਰਕਾਰਾਂ, ਖੇਤੀ ਵਿਗਿਆਨੀਆਂ ਅਤੇ ਅਰਥਸ਼ਾਸਤਰੀਆਂ ਦੀ ਪ੍ਰਤੀਨਿਧਤਾ ਹੈ ਪਰ ਇਨ੍ਹਾਂ ਵਿਚੋਂ ਬਹੁਤੇ, ਕਿਸਾਨ ਨੁਮਾਇੰਦਿਆਂ ਸਮੇਤ, ਸਰਕਾਰ ਦਾ ਪੱਖ ਪੂਰਨ ਵਾਲੇ ਜਾਪਦੇ ਹਨ।

ਇਸ ਬਾਰੇ ਪ੍ਰਤੀਕਿਰਿਆ ਜ਼ਾਹਿਰ ਕਰਦੇ ਹੋਏ ਕੇਂਦਰੀ ਖੇਤੀਬਾੜੀ ਮੰਤਰੀ ਨਰਿੰਦਰ ਤੋਮਰ ਨੇ ਕਿਹਾ ਹੈ ਕਿ ਸਰਕਾਰ ਨੇ ਕਦੇ ਵੀ ਸੰਯੁਕਤ ਮੋਰਚੇ ਨੂੰ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਮੁਹੱਈਆ ਕਰਨ ਦੀ ਕਮੇਟੀ ਬਣਾਉਣ ਦਾ ਭਰੋਸਾ ਨਹੀਂ ਦਿੱਤਾ। ਭਰੋਸੇ ਅਨੁਸਾਰ ਐੱਮਐੱਸਪੀ ਨੂੰ ਹੋਰ ਪ੍ਰਭਾਵਸ਼ਾਲੀ ਅਤੇ ਪਾਰਦਰਸ਼ੀ ਬਣਾਉਣ ਲਈ ਕਮੇਟੀ ਬਣਾਈ ਹੈ। 9 ਦਸੰਬਰ 2021 ਨੂੰ ਖੇਤੀਬਾੜੀ ਮੰਤਰਾਲੇ ਦੇ ਸਕੱਤਰ ਸੰਜੇ ਅਗਰਵਾਲ ਦੇ ਸੰਯੁਕਤ ਕਿਸਾਨ ਮੋਰਚੇ ਨੂੰ ਲਿਖੇ ਪੱਤਰ ਵਿਚ ਲਿਖਿਆ ਗਿਆ ਸੀ ਕਿ ਕਮੇਟੀ ਦਾ ਉਦੇਸ਼ ਇਹ ਤੈਅ ਕਰਨਾ ਹੋਵੇਗਾ ਕਿ ਕਿਸਾਨਾਂ ਨੂੰ ਘੱਟੋਂ-ਘੱਟ ਸਮਰਥਨ ਮੁੱਲ ਕਿਵੇਂ ਯਕੀਨੀ ਬਣਾਇਆ ਜਾਵੇ। ਪੱਤਰ ਵਿਚ ਇਹ ਵੀ ਕਿਹਾ ਗਿਆ ਸੀ ਕਿ ਸਰਕਾਰ ਘੱਟੋ-ਘੱਟ ਸਮਰਥਨ ਮੁੱਲ ਅਤੇ ਖੇਤੀ ਉਪਜ ਦੀ ਖਰੀਦ ਜਾਰੀ ਰੱਖੇਗੀ।

ਕਮੇਟੀ ਬਣਾਉਣ ਸਮੇਂ ਸਾਬਕਾ ਖੇਤੀਬਾੜੀ ਸਕੱਤਰ ਸੰਜੇ ਅਗਰਵਾਲ ਨੂੰ ਚੇਅਰਮੈਨ ਲਗਾਉਣਾ ਵਾਜਿਬ ਨਹੀਂ ਜਾਪਦਾ, ਕਿਉਂਕਿ ਉਹ ਕਿਸਾਨ ਅੰਦੋਲਨ ਦੇ ਸਮੇਂ ਸਰਕਾਰ ਨਾਲ ਕਿਸਾਨਾਂ ਦੀ ਗੱਲਬਾਤ ਵਿਚ ਹਮੇਸ਼ਾ ਰੱਦ ਹੋਏ ਖੇਤੀ ਕਾਨੂੰਨ ਲਾਗੂ ਕਰਨ ਦੀ ਵਕਾਲਤ ਕਰਦੇ ਰਹੇ ਹਨ। ਇਸ ਲਈ ਇਹ ਕਮੇਟੀ ਕਿਸੇ ਮਾਹਿਰ ਖੇਤੀ ਅਰਥਸ਼ਾਸਤਰੀ ਦੀ ਪ੍ਰਧਾਨਗੀ ਹੇਠ ਬਣਾਈ ਜਾਣੀ ਚਾਹੀਦੀ ਹੈ। ਇਸ ਦੇ ਨਾਲ ਨਾਲ ਪੰਜਾਬ ਜਿਸ ਨੇ ਕਿ ਮੁਲਕ ਦੀ ਅੰਨ ਸੁਰੱਖਿਆ ਵਿਚ ਹੁਣ ਤੱਕ ਮੋਹਰੀ ਭੂਮਿਕਾ ਨਿਭਾਈ ਹੈ, ਨੂੰ ਕਮੇਟੀ ਵਿਚ ਢੁੱਕਵੀਂ ਨੁਮਾਇੰਦਗੀ ਨਾਂ ਦੇਣਾ ਵੀ ਇੱਥੋਂ ਦੇ ਕਿਸਾਨਾਂ ਵਿਚ ਕਮੇਟੀ ਦੀ ਭਰੋਸੇਯੋਗਤਾ 'ਤੇ ਸਵਾਲੀਆ ਨਿਸ਼ਾਨ ਲਗਾਉਂਦਾ ਹੈ। ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੂੰ ਵੀ ਕਮੇਟੀ ਦੇ ਬਾਈਕਾਟ ਦੇ ਫੈਸਲੇ 'ਤੇ ਪੁਨਰ ਵਿਚਾਰ ਕਰਨਾ ਚਾਹੀਦਾ ਹੈ ਅਤੇ ਇਸ ਦੇ ਵਿਚ ਢੁੱਕਵੇਂ ਨੁਮਾਇੰਦੇ ਭੇਜ ਕੇ ਆਪਣਾ ਪੱਖ ਰੱਖਣਾ ਚਾਹੀਦਾ ਹੈ ਅਤੇ ਕਮੇਟੀ ਮੈਂਬਰਾਂ ਵਿਚ ਵੱਖ ਵੱਖ ਮੁੱਦਿਆਂ 'ਤੇ ਸਹਿਮਤੀ ਦੀ ਅਣਹੋਂਦ ਦੀ ਸਥਿਤੀ ਵਿਚ ਆਪਣਾ ਨਜ਼ਰੀਆ ਅਤੇ ਅਸਹਿਮਤੀ ਦਰਜ ਕਰਨੀ ਚਾਹੀਦੀ ਹੈ। ਮੋਰਚੇ ਨੂੰ ਇਨ੍ਹਾਂ ਮੈਂਬਰਾਂ ਦੀ ਸਹਾਇਤਾ ਲਈ ਕਾਨੂੰਨੀ ਅਤੇ ਖੇਤੀ ਮਾਹਿਰਾਂ ਦਾ 4-5 ਮੈਂਬਰੀ ਗਰੁੱਪ ਵੀ ਬਣਾਉਣਾ ਚਾਹੀਦਾ ਹੈ ਪਰ ਅਜਿਹਾ ਕਰਨ ਸਮੇਂ ਚੋਣਾਂ ਦੌਰਾਨ ਪ੍ਰਗਟ ਹੋਏ ਅਖੌਤੀ ਬੁੱਧੀਜੀਵੀਆਂ ਨੂੰ ਪਰੇ ਰੱਖਣਾ ਚਾਹੀਦਾ ਹੈ।

ਕਮੇਟੀ ਦੇ ਕੰਮ-ਕਾਜ ਦੀ ਤੈਅ ਭੂਮਿਕਾ ਤੋਂ ਇਹ ਵੀ ਜਾਪਦਾ ਹੈ ਕਿ ਕਮੇਟੀ ਵਲੋਂ ਕੁਦਰਤੀ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਸਾਧਨਾਂ ਦੀ ਪਛਾਣ ਸਮੇਂ ਕੇਂਦਰ ਵਲੋਂ ਰਸਾਇਣਕ ਖਾਦਾਂ 'ਤੇ ਦਿੱਤੀ ਜਾ ਰਹੀ ਸਬਸਿਡੀ ਘਟਾਉਣ ਬਾਰੇ ਵੀ ਸਲਾਹ ਦਿੱਤੀ ਜਾ ਸਕਦੀ ਹੈ ਅਤੇ ਇਸ ਮੰਤਵ ਲਈ ਛੋਟ ਤੇ ਸੀਮਾਂਤ ਕਿਸਾਨਾਂ ਨੂੰ ਟਾਰਗੇਟਿਡ ਸਬਸਿਡੀ ਦੇ ਭੁਗਤਾਨ ਬਾਰੇ ਸੁਝਾਅ ਦਿੱਤਾ ਜਾ ਸਕਦਾ ਹੈ ਜੋ ਮੁਲਕ ਵਿਚ ਸਿੰਜਾਈ ਵਾਲੇ ਰਕਬੇ ਵਿਚ ਖਾਧ ਅੰਨ ਦੀ ਪੈਦਾਵਾਰ ਨੂੰ ਪ੍ਰਭਾਵਿਤ ਕਰ ਸਕਦਾ ਹੈ। ਇਸੇ ਤਰ੍ਹਾਂ ਫਸਲੀ ਵੰਨ-ਸਵੰਨਤਾ 'ਤੇ ਧਿਆਨ ਕੇਂਦਰਤ ਕਰਨ ਸਮੇਂ ਸਹਾਇਕ ਖੇਤੀ ਧੰਦਿਆਂ ਨੂੰ ਅਣਗੌਲਿਆ ਕੀਤਾ ਗਿਆ ਹੈ ਅਤੇ ਪਸ਼ੂ ਪਾਲਣ ਨਾਲ ਸਬੰਧਿਤ ਕਿਸੇ ਅਧਿਕਾਰੀ ਜਾਂ ਵਿਗਿਆਨੀ ਨੂੰ ਕਮੇਟੀ ਵਿਚ ਸ਼ਾਮਲ ਨਹੀਂ ਕੀਤਾ ਗਿਆ, ਜਦਕਿ ਮੁਲਕ ਦੀ ਖੇਤੀਬਾੜੀ ਦੀ ਕੁੱਲ ਆਮਦਨ ਵਿਚ ਇਸ ਖੇਤਰ ਦਾ ਅਹਿਮ ਯੋਗਦਾਨ ਹੈ। ਸਰਕਾਰ ਦੀ ਕਮੇਟੀ ਨੂੰ ਆਪਣੀ ਰਿਪੋਰਟ ਸੌਂਪਣ ਲਈ ਕੋਈ ਸਮਾਂ ਸੀਮਾ ਵੀ ਤੈਅ ਨਹੀਂ ਕੀਤੀ ਗਈ ਜੋ ਕੇਂਦਰ ਸਰਕਾਰ ਦੀ ਮਨਸ਼ਾ 'ਤੇ ਸ਼ੱਕ ਪੈਦਾ ਕਰਦਾ ਹੈ ਅਤੇ ਇਹ ਸੋਚਿਆ ਜਾ ਰਿਹਾ ਹੈ ਕਿ ਕਮੇਟੀ ਸਿਰਫ਼ ਕਿਸਾਨਾਂ ਵਲੋਂ 'ਵਿਸ਼ਵਾਸਘਾਤ ਦਿਵਸ' ਮਨਾਉਣ ਦੇ ਐਲਾਨ ਦੇ ਮੱਦੇਨਜ਼ਰ ਬਣਾਈ ਗਈ ਹੈ ਅਤੇ ਇਸ ਦੀ ਰਿਪੋਰਟ ਨੂੰ 2024 ਦੌਰਾਨ ਹੋਣ ਵਾਲੀਆਂ ਲੋਕ ਸਭਾ ਚੋਣਾਂ ਤੱਕ ਲਟਕਾ ਦਿੱਤਾ ਜਾਵੇਗਾ।

ਖੇਤੀਬਾੜੀ ਮਹਿਜ਼ ਫਸਲ ਪਾਲਣ ਦਾ ਧੰਦਾ ਹੀ ਨਹੀਂ ਸਗੋਂ ਇਹ ਸਾਡੀ ਸੱਭਿਅਤਾ ਅਤੇ ਟਿਕਾਊ ਅਰਥ-ਵਿਵਸਥਾ ਦੀ ਨੀਂਹ ਹੈ। ਜੇ ਆਮਦਨ ਅਤੇ ਰੁਜ਼ਗਾਰ ਦੇ ਪੱਖ ਤੋਂ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਭਾਵੇਂ ਮੁਲਕ ਦੀ ਆਮਦਨ ਵਿਚ ਇਸ ਸੈਕਟਰ ਦਾ ਯੋਗਦਾਨ ਕੇਵਲ 18.4 ਫੀਸਦੀ ਹੈ ਪਰ ਇਸ 'ਤੇ ਰੁਜ਼ਗਾਰ ਲਈ ਕਾਸ਼ਤਕਾਰਾਂ ਅਤੇ ਖੇਤ ਮਜ਼ਦੂਰਾਂ ਦੀ ਨਿਰਭਰਤਾ ਲੱਗਭਗ 54 ਫੀਸਦੀ ਹੈ। ਆਉਣ ਵਾਲਾ ਸਮਾਂ ਖੇਤੀ ਲਈ ਨਵੀਆਂ ਚੁਣੌਤੀਆਂ ਨਾਲ ਭਰਪੂਰ ਹੈ ਅਤੇ ਉਨ੍ਹਾਂ ਨਾਲ ਨਜਿੱਠਣ ਲਈ ਹੁਣ ਤੋਂ ਹੀ ਤਿਆਰੀ ਕਰਨ ਦੀ ਜ਼ਰੂਰਤ ਹੈ ਅਤੇ ਕਿਸਾਨਾਂ ਦੀ ਆਰਥਿਕਤਾ ਵਿਚ ਸੁਧਾਰ ਲਈ ਖੇਤੀ ਦੇ ਵਿਕਾਸ ਲਈ ਨਵੇਂ ਸਿਰਿਓਂ ਸਰਵ-ਪੱਖੀ ਵਿਉਂਤਬੰਦੀ ਦੀ ਲੋੜ ਹੈ। ਇਸ ਲਈ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਮੁਲਕ ਦੇ ਨਾਗਰਿਕਾਂ ਵਿਚ ਆਮ ਕਰਕੇ ਅਤੇ ਕਿਸਾਨਾਂ ਵਿਚ ਖਾਸ ਕਰਕੇ ਆਪਣਾ ਭਰੋਸਾ ਬਹਾਲ ਕਰਨ ਲਈ, ਇਸ ਖੇਤਰ ਦੇ ਸਾਰੇ ਹਿੱਸੇਦਾਰਾਂ ਅਤੇ ਹੋਰਨਾਂ ਨਾਲ ਵਿਚਾਰ-ਵਟਾਂਦਰਾ ਕਰਕੇ, ਕਮੇਟੀ ਨੂੰ ਪੁਨਰ-ਗਠਿਤ ਕਰੇ। ਕਮੇਟੀ ਦੇ ਅਧਿਕਾਰ ਖੇਤਰ ਵਿਚ ਵੀ ਲੋੜ ਅਨੁਸਾਰ ਤਬਦੀਲੀ ਕੀਤੀ ਜਾਵੇ ਅਤੇ ਇਸ ਨੂੰ ਆਪਣੀ ਰਿਪੋਰਟ ਮਿਥੇ ਸਮੇਂ ਵਿਚ ਦੇਣ ਲਈ ਪਾਬੰਦ ਕੀਤਾ ਜਾਵੇ।

# ਅਨੋਖੀ ਬਿਰਹਾ ਦਾ ਸੁਲਤਾਨ – ਬਾਬੂ ਰਜਬ ਅਲੀ ਖ਼ਾਨ



ਜਗਦੇਵ ਸਿੱਧੂ
403 351 1136



ਜੋਬਨ ਰੁੱਤੇ ਜੋ ਕੋਈ ਮਰਦਾ ਫੁੱਲ ਬਣੇ ਜਾਂ ਤਾਰਾ – ਲਿਖਣ ਵਾਲਾ ਬਿਰਹਾ ਦਾ ਸੁਲਤਾਨ ਸ਼ਿਵ ਕੁਮਾਰ ਪਤਾ ਨਹੀਂ ਫੁੱਲ ਬਣਿਆਂ ਜਾਂ ਤਾਰਾ, ਪਰ ਸਾਡਾ ਅਲਬੇਲਾ ਸ਼ਾਇਰ ਬਾਬੂ ਰਜਬਅਲੀ ਖ਼ਾਨ ਸ਼ਾਨਾਂਮੱਤੀ ਭਰਪੂਰ ਉਮਰ ਭੋਗ ਕੇ ਜਦੋਂ ਸਾਨੂੰ ਸਦਾ ਲਈ ਅਲਵਿਦਾ ਕਹਿ ਗਿਆ ਤਾਂ ਯਕੀਨ ਨਾਲ ਕਹਿ ਸਕਦੇ ਹਾਂ ਕਿ ਉਹ ਤਾਰਾ ਬਣ ਗਿਆ ਸੀ, ਉਹ ਵੀ ਧਰੂ ਵਰਗਾ ਅਹਿੱਲ ਤਾਰਾ ਜਿਹੜਾ ਸਾਹੋ ਕੇ ਨਗਰ ਦੀ ਦਿਸ਼ਾ ਵੱਲ ਪੰਜਾਬੀ ਸਾਹਿਤ-ਜਗਤ ਦੇ ਵਿਸ਼ਾਲ ਅਕਾਸ਼ ਤੇ ਜਾ ਟਿਕਿਆ, ਚਮਕ ਰਿਹੈ ਤੇ ਹਮੇਸ਼ਾ-ਹਮੇਸ਼ਾ ਲਈ ਚਮਕਦਾ ਰਹੇਗਾ, ਸ਼ਾਇਰੀ ਦੇ ਸ਼ੁਦਾਈ ਰਾਹੀਆਂ-ਪਾਂਧੀਆਂ ਨੂੰ ਅਸ਼ਲੀਲਤਾ ਅਤੇ ਦੁਬਿਧਾ ਦੇ ਹਨੇਰਿਆਂ ਅੰਦਰ ਵੀ ਰਾਹ ਦਰਸਾਉਂਦਾ ਰਹੇਗਾ। ਅੱਜ ਤੋਂ ਪੂਰੇ 43 ਸਾਲ ਪਹਿਲਾਂ ਦਾ ਅਲੋਕਾਰੀ ਵਾਕਿਆ ਹੈ। ਅਣਗਿਣਤ ਚੋਟੀ ਦੇ ਛੰਦਾਂ ਦੀ ਰਚਨਾ ਕਰਨ ਵਾਲੇ ਇਸ ਸ਼੍ਰੋਮਣੀ ਕਵੀਸ਼ਰ ਨੇ ਪਹਿਲੀ ਜੂਨ, 1979 ਦੇ ਦਿਨ ਆਪਣੀ ਆਖ਼ਰੀ ਰਚਨਾ, ਚੌਦਾਂ ਸਤਰਾਂ ਦਾ ਯਾਦਗਾਰੀ ਬੈਂਤ ਕੀ ਲਿਖੀ, ਜਾਣੀ ਦੀ ਭਵਿੱਖਬਾਣੀ ਕਰ ਮਾਰੀ -

ਰਜਬ ਅਲੀ ਤੂੰ ਰੋਜ਼ ਉਡੀਕ ਰੱਖੀਂ,
ਤੈਨੂੰ ਆਵਣੀ ਮੌਤ ਦੀ ਤਾਰ ਬੀਬਾ।

ਤੇ ਅਗਲੇ ਛੇ ਦਿਨ ਉਸ ਨੇ ਇਸੇ ਉਡੀਕ ਵਿਚ ਬਿਤਾਏ। ਐਨ ਛੇ ਜੂਨ ਨੂੰ ਉਹ ਆਪਣੇ ਬਸਤਾ ਬਰਦਾਰ ਮਾਸਟਰ ਅਲੀ ਨਿਵਾਜ਼ ਨਾਲ ਪੈਨਸ਼ਨ ਲੈਣ ਗਿਆ ਤੇ ਦੁਪਹਿਰ ਤੱਕ ਵਾਪਸ ਉਕਾੜੇ (ਪਾਕਿਸਤਾਨ) ਵਾਪਸ ਆਪਣੇ ਘਰ ਆ ਗਿਆ। ਜ਼ੋਹਰ ਦੀ ਨਮਾਜ਼ ਕਰ ਕੇ ਅਰਾਮ ਕਰਨ ਲਈ ਪੈ ਗਿਆ। ਉੱਠਣ ਮਗਰੋਂ ਪਰਿਵਾਰ ਦੇ ਸਾਰੇ ਜੀਆਂ ਨੂੰ ਪਾਸ ਬੁਲਾ ਕੇ ਕੁਰਾਨ ਸ਼ਰੀਫ਼ ਦਾ ਪਾਠ ਕੀਤਾ। ਓਧਰੋਂ ਸੂਰਜ ਦੀ ਟਿੱਕੀ ਆਉਣ ਵਾਲੀ ਮਨਹੂਸ ਘੜੀ ਤੋਂ ਮੂੰਹ ਛੁਪਾਉਂਦੀ ਹੋਈ ਧਰਤੀ ਦੀ ਬੁੱਕਲ ਦਾ ਸਹਾਰਾ ਲੈ ਕੇ ਅਦਿੱਖ ਹੋ ਰਹੀ ਸੀ, ਏਧਰ ਸਾਡੇ ਅਲਬੇਲੇ ਸ਼ਾਇਰ, ਪੰਜਾਬ ਦੇ ਸਪੁੱਤਰ ਦੇ ਪ੍ਰਾਣ ਪੰਖੇਰੂ ਉਸ ਦੀ ਦੇਹ ਤਿਆਗ ਕੇ ਉੱਚੀ ਉਡਾਰੀ ਮਾਰ ਰਹੇ ਸਨ ਜੋ ਖੁੱਲ੍ਹੇ ਅਕਾਸ਼ ਦੇ ਸੀਨੇ ਤੇ ਪੰਜਾਬੀ ਸ਼ਾਇਰੀ ਦੇ ਜਗਤ ਦਾ ਧਰੂ ਤਾਰਾ ਜਾ ਬਣੇ। ਜਾਂਦੇ-ਜਾਂਦੇ ਸਾਹੋ ਕੇ ਨਗਰ ਦੀ ਪ੍ਰਿਕਰਮਾ ਜ਼ਰੂਰ ਕਰ ਕੇ ਗਏ ਹੋਣਗੇ। ਅਲੀ ਨਿਵਾਜ਼ ਬਾਬੂ ਜੀ ਦੇ ਮਨ ਦਾ ਭੇਤੀ ਸੀ, ਉਸ ਨੇ ਮੌਤ ਦੇ ਫ਼ਰਿਸ਼ਤੇ ਅੱਗੇ ਬਾਬੂ ਜੀ ਦੀ ਅੰਤਿਮ ਇੱਛਾ ਪੂਰੀ ਕਰਨ ਦਾ ਤਰਲਾ ਇਉਂ ਕਿਆਸ ਕੀਤਾ – ਕਹਿਣ ਲੱਗੇ ਫ਼ਰਿਸ਼ਤੇ ਨੂੰ,

ਮੇਰੀ ਰੂਹ ਲੈ ਜਾ ਜਿਧਰ ਜੀ ਤੇਰਾ।
ਪਰ ਸੱਜਣ ਮਿਲਾ ਦੇਵੀਂ, ਮੰਨ ਲੈ ਰੱਬ ਦਾ ਵਾਸਤਾ ਮੇਰਾ।
ਫੇਰ ਲੈ ਜਾਈਂ ਅਰਸ਼ਾਂ ਤੇ, ਕੇਰਾਂ ਤੂੰ ਸਾਹੋ ਸੈਰ ਕਰਾ ਕੇ।
— ਭੌਰ ਉੱਡਿਆ ਜਾਂਦਾ ਵੀ, ਕਰਦਾ ਜਾਂਦਾ ਸਾਹੋ-ਸਾਹੋ।
ਕਹੇ ਜਨਮ-ਭੂਮਿਕਾ ਮੇਂ, ਮੇਰੀ ਅਰਥੀ ਮੋੜ ਲਿਆਓ।
ਬਾਝੋਂ ਸੱਜਣ ਪਿਆਰਿਆਂ ਦੇ, ਕਰੂੰ ਕੀ ਮੈਂ ਸੁਰਗਾਂ ਵਿਚ ਜਾ ਕੇ।

ਸੱਤ ਜੂਨ ਨੂੰ ਬਾਬੂ ਜੀ ਦੀ ਦੇਹ ਨੂੰ ਬੱਤੀ ਚੱਕ ਵਿਖੇ ਪੂਰੇ ਆਦਰ-ਸਤਿਕਾਰ ਸਹਿਤ ਸ਼ਰਾਅ ਅਨੁਸਾਰ ਸਪੁਰਦ-ਏ-ਖ਼ਾਕ ਕਰ ਦਿੱਤਾ ਗਿਆ।

10 ਅਗਸਤ, 1894 ਨੂੰ ਸਾਹੋ ਕੇ (ਹੁਣ ਤਹਿਸੀਲ ਬਾਘਾ ਪੁਰਾਣਾ, ਜ਼ਿਲਾ ਮੋਗਾ) ਵਿਖੇ ਜਨਮ ਲੈਣ ਤੋਂ ਦੇਸ਼-ਵੰਡ 1947 ਤੱਕ ਪਾਕਿਸਤਾਨ ਹਿਜਰਤ ਕਰਨ ਤੋਂ ਪਹਿਲਾਂ ਪੰਜਾਬ ਦੇ ਜਿਸ ਜ਼ਰਖ਼ੇਜ਼ ਖਿੱਤੇ ਤੇ ਬਾਬੂ ਜੀ ਨੇ 53 ਸਾਲ ਚਾਅ-ਮਲ੍ਹਾਰਾਂ ਨਾਲ, ਖੇਡਾਂ ਖੇਡਦਿਆਂ, ਹਾਸੇ-ਠਹਾਕੇ ਮਾਰਦਿਆਂ, ਹਾਣੀਆਂ-ਚੋਬਰਾਂ ਦੇ ਮੋਢਿਆਂ ਨਾਲ ਖਹਿੰਦਿਆਂ, ਜਜ਼ਬਾਤਾਂ ਨੂੰ ਪਲੁਰਦਿਆਂ, ਛੰਦ-ਰਚਨਾ ਕਰਦਿਆਂ, ਕਵੀਸ਼ਰੀ ਦੀਆਂ ਛਹਿਬਰਾਂ ਲਾਉਂਦਿਆਂ, ਸ਼ਗਿਰਦਾਂ ਦੀਆਂ ਢਾਣੀਆਂ ਵਿਚ ਰੌਣਕਾਂ ਬਿਖੇਰਦਿਆਂ ਜਿਵੇਂ ਲੋਕ-ਮਨਾਂ ਤੇ ਰਾਜ ਕੀਤਾ, ਉਹ ਸਾਰਾ ਅਮੁੱਲਾ ਤੇ ਅਭੁੱਲ ਸਰਮਾਇਆ ਬਣ ਕੇ ਉਸ ਦੀ ਬਾਕੀ ਦੀ ਉਮਰ ਦੇ ਹਰ ਪਲ ਲਈ ਬਿਰਹਾ ਬਣ ਕੇ ਛਾਇਆ ਰਿਹਾ। ਏਥੋਂ ਦੀਆਂ ਨਹਿਰਾਂ, ਰਜਬਾਹਿਆਂ, ਕੱਸੀਆਂ ਤੇ ਖਾਲ਼ਿਆਂ ਦਾ ਕਿਆਰਿਆਂ ਵਿਚ ਅਠਖੇਲੀਆਂ ਕਰਦਾ ਅੰਮ੍ਰਿਤ ਵਰਗਾ ਪਾਣੀ ਉਸ ਦੇ ਦਿਲ ਨੂੰ ਧੂਹ ਪਾਉਂਦਾ ਰਿਹਾ। ਇਸ ਪਾਣੀ ਦੇ ਵਹਿਣ ਵਾਸਤੇ ਇਸ ਨਹਿਰੀ ਬਾਬੂ ਨੇ ਮੋਘੇ ਲਵਾਏ, ਪਟੜੀਆਂ ਦੀ ਰਾਖੀ ਕੀਤੀ, ਬੰਜਰ ਜ਼ਮੀਨਾਂ ਨੂੰ ਉਪਜਾਊ ਬਣਾ ਕੇ ਲਹਿਲਹਾਉਂਦੀਆਂ ਫ਼ਸਲਾਂ ਦਾ ਅਸ਼ੀਰਵਾਦ ਲਿਆ। ਵਗਦੇ ਪਾਣੀ ਦੀਆਂ ਲਹਿਰਾਂ ਬਾਬੂ ਜੀ ਦੀ ਸ਼ਾਇਰੀ ਦੀਆਂ ਪਿੰਗਲ-ਬਧ ਸਤਰਾਂ ਬਣ ਤੁਰੀਆਂ, ਪੰਛੀਆਂ ਦੀ ਚਹਿਕਾਰ ਉਸ ਦੀਆਂ ਨਜ਼ਮਾਂ ਨੂੰ ਲੈਅ-ਬਧ ਕਰ ਗਈ। ਉਸ ਦੇ ਮਨ ਦੀਆਂ ਤਰੰਗਾਂ ਵੇਲ-ਬੂਟਿਆਂ ਦੀਆਂ ਲਹਿਰੀਆਂ ਹਰੀਆਂ ਕਚੂਰ ਲਗਰਾਂ ਬਣ ਮੋਹ ਦੀਆਂ ਤੰਦਾਂ ਪਾ ਗਈਆਂ। ਭਲਾ ਇਸ ਸਭ ਕਾਸੇ ਨੂੰ ਛੱਡ ਕੇ ਮਜਬੂਰਨ ਦੂਰ ਚਲੇ ਜਾਣਾ ਕਿਸ ਕਿਸਮ ਦੇ ਬਿਰਹਾ ਨੂੰ ਜਨਮ ਦੇ ਗਿਆ ਹੋਣੈ, ਕਿਆਸ ਕਰਨਾ ਵੀ ਮੁਸ਼ਕਲ ਹੈ। ਇਸ ਨੂੰ ਬਾਬੂ ਜੀ ਹੀ ਜਾਨਣ। ਜਿਸ ਤਨ ਲੱਗੇ ਓਹੀ ਜਾਣੇ। ਤਾਂ ਹੀ ਤਾਂ ਉਸ ਦੇ ਅਣਗਿਣਤ ਸ਼ਿਅਰਾਂ ਵਿੱਚੋਂ ਇਸ ਬਿਰਹੇ ਦੀ ਸਾਫ਼ ਝਲਕ ਮਿਲਦੀ ਹੈ। ਭਲਾ ਕਿਵੇਂ ਭੁਲਾਏ ਜਾ ਸਕਦੇ ਹਨ ਉਸ ਦੇ ਪੁੱਤਰਾਂ ਵਰਗੇ ਧਾਰਮਿਕ ਅਕੀਦੇ ਦੇ ਤੁੱਲ ਉਹ ਸ਼ਗਿਰਦ ਜਿਹੜੇ ਉਸ ਦੀ ਰੂਹ ਦਾ ਪ੍ਰਵਾਹ ਬਣ ਕੇ ਉਸ ਦਾ ਪਰਛਾਵਾਂ ਬਣੇ ਰਹੇ, ਜਿਨ੍ਹਾਂ ਦਾ ਜ਼ਿਕਰ ਬਾਬੂ ਜੀ ਨੇ ਜਿਸ ਸ਼ਿੱਦਤ ਨਾਲ, ਜਿਸ ਹੇਰਵੇ ਨਾਲ, ਜਿਸ ਤਰਸੇਵੇਂ ਨਾਲ ਬਾਰ-ਬਾਰ ਥਾਂ-ਪਰ-ਥਾਂ ਕੀਤਾ ਹੈ, ਉਸ ਸ਼ਿੱਦਤ ਨਾਲ ਤਾਂ ਕੋਈ ਸੂਫ਼ੀ ਆਸ਼ਕ ਇਸ਼ਕ-ਹਕੀਕੀ ਵਿਚ ਰੰਗਿਆ ਰੱਬ ਜਾਂ ਮੁਰਸ਼ਦ ਬਾਰੇ ਹੀ ਕਰਦਾ ਹੈ। ਰਜਬ ਅਲੀ ਕਿਵੇਂ ਨਾ ਯਾਦ ਕਰਦਾ ਉਨ੍ਹਾਂ ਪਿੰਡਾਂ, ਗਰਾਂਵਾਂ, ਸ਼ਹਿਰਾਂ, ਰਾਹਾਂ, ਡੰਡੀਆਂ ਅਤੇ ਇਨ੍ਹਾਂ ਵਿਚ ਘੁੱਗ ਵਸਦੇ ਲੋਕਾਂ ਨੂੰ, ਜਿਨ੍ਹਾਂ ਬਾਰੇ ਉਸ ਨੇ ਵਿਲੱਖਣਤਾ ਦੇ ਕਿੰਨੇ ਹੀ ਕਬਿੱਤ, ਬੈਂਤ ਤੇ ਹੋਰ ਛੰਦ ਲਿਖ ਕੇ ਇਨ੍ਹਾਂ ਨੂੰ ਹਮੇਸ਼ਾ ਲਈ ਸਾਹਿਤ ਅਤੇ ਸਭਿਆਚਾਰ ਦੀ ਬੁੱਕਲ ਵਿਚ ਸੰਭਾਲ ਦਿੱਤਾ ਹੈ। ਉਹ ਸ਼ਬਦ ਉਸ ਦਾ ਪਿੱਛਾ ਕਰਦੇ ਰਹੇ ਜਿਨ੍ਹਾਂ ਨੂੰ ਬੱਚਿਆਂ ਵਾਂਗ ਪਾਲ਼ ਕੇ ਛੰਦਾਂ ਵਿਚ ਪਾ ਕੇ ਅਲੋਪ ਹੋਣ ਤੋਂ ਬਚਾ ਲਿਆ ਹੈ। ਬਾਬੂ ਜੀ ਦੀਆਂ ਪੈੜਾਂ, ਉਸ ਦੀ ਰੂਹ, ਉਸ ਦੀ ਸੁਰਤ, ਉਸ ਦੀ ਦਿਲੋਂ ਨਿਕਲੀ ਹੂਕ ਉਸ ਦੀ ਸ਼ਾਇਰੀ ਜ਼ਰੀਏ ਇਨ੍ਹਾਂ ਜੂਹਾਂ ਵਿਚ ਸਦਾ ਲਈ ਮਹਿਸੂਸ ਹੁੰਦੀ ਰਹੇਗੀ। ਏਨੇ ਅਪਣੱਤ ਭਰੇ ਵਿਰਸੇ ਨਾਲੋਂ ਵਿੱਛੜ ਕੇ ਉਸ ਦੀ ਰੂਹ ਦੀ ਕੁਰਲਾਹਟ ਉਸ ਨੂੰ ਇਕ ਵਿੱਖਣ ਬਿਰਹਾ ਦਾ ਸੁਲਤਾਨ ਬਣਾ ਗਈ।




ਜੰਮਣ-ਭੋਂ ਦਾ ਬਿਰਹਾ

— ਬਾਬੂ ਜੀ ਦੀ ਜਨਮ-ਭੂਮੀ, ਸਾਹੋ ਕੇ ਦਾ ਮੋਹ-ਪਰੁੰਨਿਆਂ ਜ਼ਿਕਰ ਉਸ ਦੇ ਹਰ ਸਾਹ ਰਾਹੀਂ ਕਾਵਿਕ ਸਤਰਾਂ ਦਾ ਰੂਪ ਧਾਰ ਗਿਆ। ਬਿਨਾ ਕਿਸੇ ਵਿਸਥਾਰ ਜਾਂ ਵਿਆਖਿਆ ਤੋਂ ਉਸ ਦੀਆਂ ਰਚਨਾਵਾਂ ਵਿੱਚੋਂ ਕੁੱਝ ਬੰਦ ਤੇ ਸਤਰਾਂ ਦੇਣੀਆਂ ਕਾਫ਼ੀ ਹੋਣਗੀਆਂ ਜੋ ਮੂੰਹੋਂ ਬੋਲਦੀਆਂ ਹਨ। — ਸੋਹਣੀ ਸਾਹੋ ਪਿੰਡ ਦੀਏ ਬੀਹੇ, ਬਚਪਨ ਦੇ ਵਿਚ ਪੜ੍ਹੇ ਬੰਬੀਹੇ,

ਚੂਰੀਆਂ ਖੁਆ ਮਾਂ ਪਾਤੇ ਰਸਤੇ, ਚੁੱਕ ਲੈ ਕਲਮ ਦਵਾਤਾਂ ਬਸਤੇ,
ਸ਼ੇਰ, ਨਿਰੰਜਣ, ਮਹਿੰਗੇ ਨੇ।
ਭੁਲਦੀਆਂ ਨਾ ਭਰਜਾਈਆਂ, ਘੁੰਮਰਾਂ ਪਾਈਆਂ ਲਹਿੰਗੇ ਨੇ।
— ਆਵੇ ਵਤਨ ਪਿਆਰਾ ਚੇਤੇ ਜਦ ਖਿੱਚ ਪਾਉਣ ਮੁਹੱਬਤਾਂ ਜੀ।
— ਕਦੇ ਮੈਂ ਤੇ ਅਰਜਣ ਨੇ, ਮਾਰੀਆਂ ਸੇਖੇ ਝਿੜੀ ਛਲਾਂਗਾਂ।
ਮੈਨੂੰ ਉਠਦੇ ਬੈਠਦੇ ਨੂੰ, ਰਹਿਣ ਹਰ ਵਕਤ ਵਤਨ ਦੀਆਂ ਤਾਂਘਾਂ।

ਪਾਣੀ ਜੀਵਨ ਦਾ ਆਧਾਰ ਹੈ। ਬਾਬੂ ਜੀ ਦੀ ਸ਼ਾਇਰੀ ਵੀ ਪੰਜਾਬ ਦੇ ਨਹਿਰੀ ਪਾਣੀਆਂ ਵਿਚ ਮਿਸ਼ਰੀ ਵਾਂਗ ਘੁਲ਼ੀ ਹੋਈ ਸੀ।

— ਕਰਦੇ ਦਲੀਲ ਪੂਰੀ ਬਾਬੂ ਨਹਿਰੀ ਦੀ।
ਮਿੱਠੀ ਨਹਿਰ ਚੱਲ ਪਏ ਦਿਮਾਗ਼ੋਂ ਸ਼ਾਇਰੀ ਦੀ।
— ਘੁੱਟਾਂ ਭਰੀਆਂ ਦੁੱਖਾਂ ਨੇ ਦਸ ਬਾਰਾਂ, ਬਾਬੂ ਜੀ ਦੀ ਬਹਿ ਕੇ ਨਹਿਰ ਤੇ। (ਕਿੱਸਾ ਕੌਲਾਂ)
ਅੱਜ ਨਾ ਕਿਤੇ ਖਤਾਨ ਦਿਸਦੇ ਹਨ, ਨਾ ਪਟੜੀਆਂ ਦੁਆਲ਼ੇ ਉਹ ਰੌਣਕਾਂ ਪਰ ਰਜਬ ਅਲੀ ਨਹਿਰੀ ਓਵਰਸੀਅਰ ਹੁੰਦਿਆਂ ਖੁਰਦੇ ਕਿਨਾਰਿਆਂ ਨੂੰ ਖਤਾਨਾਂ ਵਿੱਚੋਂ ਮਿੱਟੀ ਪੁਟਵਾ ਕੇ ਟੋਏ-ਖੱਡੇ ਭਰਦਾ ਰਿਹਾ, ਸਾਵੇਂ-ਪੱਧਰੇ ਕਰਦਾ ਰਿਹਾ। ਅਜੇਹਾ ਕਰਦਾ ਸ਼ਾਇਰੀ ਵੀ ਕਰੀ ਗਿਆ ਤੇ ਮੋਘੇ ਵੀ ਲਵਾਈ ਗਿਆ ਜਿਨ੍ਹਾਂ ਦਾ ਹੇਰਵਾ ਉਸ ਦੇ ਹੱਡੀਂ ਰਚ ਗਿਆ, ਬਿਰਹਾ ਬਣ ਕੇ ਸਤਾਉਂਦਾ ਰਿਹਾ। ਉਹ ਪਾਕਿਸਤਾਨ ਤੋਂ ਭੇਜੇ ਖ਼ਤਾਂ ਵਚ ਬਿਰਹੋਂ ਦੇ ਵੈਣ ਵੀ ਪਾਉਂਦਾ ਹੈ, ਏਧਰ ਦੀ ਸੁੱਖ ਵੀ ਮੰਗਦਾ ਹੈ।

— ਬਾਬੂ ਸ਼ਾਇਰ ਬਣ ਗਿਆ ਜਹਾਨ ਹੱਸਿਆ, ਰਿਹਾ ਖਤਾਨ ਨਾਪਦਾ।
— ਠੇਕੇਦਾਰ ਅਨੇਕਾਂ ਨੇ, ਮੇਰੇ ਪਾਸ ਰਹਿ ਕੇ ਬੜੇ ਸੁੱਖ ਭੋਗੇ।
ਜੱਟ ਦਿਲੋਂ ਭੁਲਾਉਂਦੇ ਨਾ, ਦਾਸ ਨੇ ਲਾ ਤੇ ਜਿਨ੍ਹਾਂ ਦੇ ਮੋਘੇ।
ਪੈਦਾਵਾਰ ਵਧਾਤੀ ਸੀ ਬੋਹਲ਼ ਤੇ ਬੋਹਲ਼ ਲਾਤੀਆਂ ਧਾਂਗਾਂ।
ਮੈਨੂੰ ਉਠਦੇ ਬੈਠਦੇ ਨੂੰ ਰਹਿਣ ਹਰ ਵਕਤ ਵਤਨ ਦੀਆਂ ਤਾਂਘਾਂ।
— ਰੱਜਬਲੀ ਕਵੀਸ਼ਰ ਦੀ, ਸਦਾ ਰਹੇ ਨਗਰੀ ਰੰਗਾਂ ਵਿਚ ਵਸਦੀ।
— ਮੇਰੀ ਸਾਹੋ ਨਗਰੀ ਨੂੰ, ਕਿਸੇ ਦੀ ਚੰਦਰੀ ਨਜ਼ਰ ਨਾ ਲੱਗੇ।
— ਦੇਵਾਂ ਤਿਫਲ-ਤਸੱਲੀਆਂ ਮੈਂ, ਨਹੀਂ ਦਿਲ ਵਿਰਦਾ, ਨਹੀਂ ਦਿਲ ਵਿਰਦਾ।
ਮੂੰਹੋਂ ਆਹਾਂ ਨਿਕਲਦੀਆਂ ਜੀ, ਲੋਕ ਕਹਿਣ ਕਮਲ਼ ਮਾਰਦਾ ਫਿਰਦਾ।
ਰਹੇ ਦਰਦ ਮੱਠਾ ਜਿਹਾ ਜੀ, ਫ਼ਰਕ ਨਾ ਵਾਲ਼ ਬਰਾਬਰ ਪੈਂਦਾ।
ਰਿਹਾ ਭੇਜ ਸਲਾਮਾਂ ਨੂੰ, ਐਸ ਪਿੰਡ ਜੰਮਿਆਂ, ਹੋਰ ਪਿੰਡ ਰਹਿੰਦਾ।

ਰਜਬ ਅਲੀ ਸਾਹੋ ਕੇ ਤੋਂ ਹਿਜਰਤ ਕਰ ਕੇ ਉਕਾੜੇ, ਪਾਕਿਸਤਾਨ ਜਾਣ ਨੂੰ ਉੱਜੜਨਾ ਮੰਨਦਾ ਹੈ, ਭਾਵੇਂ ਉਸ ਨੂੰ ਓਧਰ ਵੀ ਚੰਗੀ-ਚੋਖੀ ਜ਼ਮੀਨ ਅਲਾਟ ਹੋ ਗਈ ਸੀ।

— ਸੱਚੇ ਦਾ ਹੁਕਮ ਆ ਗੇ ਉੱਜੜ ਨਗਰ ਵਿੱਚੋਂ, ਆ ਗੇ ਜਿੱਥੇ ਨਗਰੋਂ ਨਗਰ ਕਈ ਕੋਸ ਤਾਂ।
— ਸੰਨ ਸੰਤਾਲ਼ੀ ਦੇਸ਼ ਚੋਂ ਉਜਾੜੇ ਸੀ।
— ਲੱਗੇ ਨਾ ਕਿਸੇ ਦਾ ਦਿਲ ਪਰਦੇਸ ਜਾ।
— ਰਜਬਲੀ ਖ਼ਾਂ ਵਾਂਗ ਪਰਦੇਸੀਆਂ ਦੇ,
ਰਿਹਾ ਅੱਖੀਓਂ ਨੀਰ ਪਲੱਟ ਓਵੇਂ।

ਰਜਬ ਅਲੀ ਜਿਵੇਂ ਸਾਹੋ ਕੇ ਵਿਚਲੇ ਘਰ ਅਤੇ ਲਵੇ-ਲੌਣੇ ਦੇ ਪਿੰਡਾਂ ਨੂੰ ਮੁਹਾਰਤ ਨਾਲ ਛੰਦ-ਬਧ ਕਰਦਾ ਹੈ, ਉਸ ਨੂੰ ਪੜ੍ਹ ਕੇ ਅਸ਼-ਅਸ਼ ਕਰ ਉੱਠੀਦਾ ਹੈ।

— ਭਾਗਾਂ ਵਾਲਿਆਂ ਬੰਦਿਆਂ ਨੇ ਵੇਖੇ ਸਾਹੋ ਕੇ ਹਮਾਰੇ ਘਰ ਜੀ।
ਮਾੜੀ, ਮੱਲ ਕੇ, ਬੰਬੀਹੇ, ਸੇਖੇ ਤੇ ਸਿਵੀਆਂ ਸਮਾਲਸਰ ਜੀ।
ਜੀਦਾ, ਵਾਂਦਰ, ਬੁਰਜ, ਠੱਠੀ, ਨਾਲੇ ਬਾਬੂ ਕੋਲ਼ੇ ਬਰਗਾੜੀ ਦੇ।
— ਸੁੱਖ ਉਰੇ ਫ਼ੀਰੋਜ਼ਪੁਰੋਂ, ਮੁਕਤਸਰ, ਬੰਗਲੇ, ਬਠਿੰਡੇ, ਮੋਗੇ, ਫੂਲ ਜਗਰਾਵੀਂ।

ਬਾਬੂ ਜੀ ਸਾਹੋ ਕੇ ਦੇ ਵਿਰਾਗ ਵਿਚ ਡੁੱਬ ਕੇ ਜੋ ਵੈਣ ਪਾਉਂਦੇ ਹਨ ਤੇ ਤਰਲੇ ਕਰਦੇ ਹਨ, ਉਹ ਹੁਣ ਵੀ ਜਦੋਂ ਪੜ੍ਹਦੇ ਹਾਂ, ਕਾਲ਼ਜਾ ਮੂੰਹ ਨੂੰ ਆਉਂਦਾ ਹੈ —

ਮੈਨੂੰ ਰੱਖ ਲੋ ਨਗਰ ਮੇਂ ਜੀ, ਨਗਰ ਦੇ ਲੋਕੋ ਹੱਥਾਂ ਦੀਆਂ ਵਾਹੋ।
ਬਾਬੂ ਜਾਣ ਦੇਵਣਾ ਨਾ, ਦਾਸ ਦੀ ਕਬਰ ਬਣਾ ਲੋ ਸਾਹੋ।
ਲਾਸ਼ ਦੱਬ ਦਿਓ ਗਾਮ ਮੇਂ ਜੀ, ਸੱਚੇ ਕੋਲ਼ ਭੌਰ ਪਹੁੰਚ ਜੂ ਗ੍ਰਾਂ-ਗ੍ਰਾਂ।
ਮੈਨੂੰ ਉਠਦੇ ਬੈਠਦੇ ਨੂੰ ਰਹਿਣ ਹਰ ਵਕਤ ਵਤਨ ਦੀਆਂ ਤਾਂਘਾਂ।

ਅਜੇਹੇ ਵਤਨ ਦਾ ਬਿਰਹਾ ਕਿਵੇਂ ਨਾ ਸਤਾਉਂਦਾ ਜਿਸ ਬਾਰੇ ਉਸ ਦਾ ਇਹ ਨਿਰਣਾ ਸੀ — ਵੇਖੇ ਦੇਸ਼ ਬਥੇਰੇ ਦੁਨੀਆਂ ਦੇ, ਕੋਈ ਦੇਸ਼ ਪੰਜਾਬੋਂ ਸੋਹਣਾ ਨਾ।

ਬਿਰਹਾ ਸ਼ਾਗਿਰਦਾਂ ਦਾ - ਆਪਣਾ ਵਤਨ, ਵਤਨ ਦੇ ਲੋਕ, ਪਿੰਡ-ਗਰਾਂ, ਖੂਹ-ਟੋਭੇ, ਨਹਿਰਾਂ-ਸੂਏ, ਜੰਗਲ-ਬੇਲੇ, ਢਿੱਪਾਂ-ਝਿੜੀਆਂ, ਸੱਥ-ਅਖਾੜੇ ਬਾਬੂ ਜੀ ਦੇ ਦਿਲੋ-ਦਮਾਗ ਤੇ ਛਾਏ ਰਹੇ ਤਾਂ ਨਾਲ ਹੀ ਉਹ ਜਿਸ ਅਸਹਿ ਵਿਛੋੜੇ ਨੂੰ ਦਿਲ ਤੇ ਲਾ ਬੈਠੇ, ਉਹ ਸੀ ਉਨ੍ਹਾਂ ਦੇ ਸ਼ਾਗਿਰਦਾਂ ਤੋਂ ਦੂਰ ਚਲੇ ਜਾਣ ਦਾ, ਜਿਨ੍ਹਾਂ ਨੂੰ ਉਹ -ਆਪੇ ਗੁਰ ਚੇਲਾ- ਦੇ ਕਥਨ ਵਾਂਗ ਮੁਰਸ਼ਦ ਦਾ ਰੁਤਬਾ ਵੀ ਬਖ਼ਸ਼ਦੇ ਲਗਦੇ ਹਨ, ਜਦੋਂ ਕਹਿੰਦੇ ਹਨ - ਬਾਬੂ ਕਹੇ ਜਗਮੇਲ, ਬਸੰਤ, ਠਾਣਾ, ਪਿਆਰੇ ਸ਼ਿਸ਼ ਕੁਰਾਨ ਦੀ ਆਇਤ ਮੇਰੀ। ਇਕ ਸ਼ਾਇਰ ਅਤੇ ਸ਼ਾਗਿਰਦ ਦੇ ਸੰਬੰਧਾਂ ਨੂੰ ਦਰਸਾਉਂਦੀ ਇਹ ਦੁਨੀਆਂ ਦੀ ਸਭ ਤੋਂ ਖ਼ੂਬਸੂਰਤ ਸਤਰ ਹੈ।

ਰਜਬ ਅਲੀ ਕੋਈ ਕਿੱਸਾ ਜਾਂ ਵਿਕੋਲਿਤਰਾ ਛੰਦ ਲਿਖਣ ਸਮੇਂ ਗਾਹੇ-ਬਗਾਹੇ, ਜਿਵੇਂ ਸੂਤ ਲਗਦਾ, ਛੰਦਾਂ ਵਿਚ ਕਿਤੇ ਨਾ ਕਿਤੇ ਇਨ੍ਹਾਂ ਪਿਆਰੇ ਚੇਲਿਆਂ ਦਾ ਨਾਂ ਜੋੜ ਦੰਦੇ ਹਨ। ਪ੍ਰਸੰਗ ਬਾਬਾ ਦੀਪ ਸਿੰਘ ਵਿਚ — ਜਗਮੇਲ, ਬਸੰਤ ਸਿਆਂ ਜਾਮਦਾ ਟੈਇਮ ਗੁਜ਼ਰਦਾ ਜੁੱਧ ਦਾ। ਉਸ ਨੂੰ ਜਿੱਥੇ ਜੰਮਣ-ਭੋਂ ਦੀ ਮਿੱਟੀ ਯਾਦ ਆਉਂਦੀ ਹੈ, ਉੱਥੇ ਯਾਰਾਂ-ਬੇਲੀਆਂ ਨੂੰ ਯਾਦ ਕਰ ਕੇ ਵੀ ਬਿਹਬਲ ਹੋ ਉਠਦਾ ਹੈ — ਮੰਨ ਲੀ ਜੋ ਕਰਦਾ ਰੱਬ ਪਾਕ ਐ, ਔਂਦੀ ਯਾਦ ਵਤਨ ਦੀ ਖਾਕ ਐ।

ਟੁੱਟ-ਫੁੱਟ ਟੁਕੜੇ ਬਣਗੇ ਦਿਲ ਦੇ, ਹਾਇ ਮੈਂ ਭੁੱਜ ਗਿਆ ਵਾਂਗੂੰ ਖਿੱਲ ਦੇ।
ਭੁੜਥਾ ਬਣ ਗੀ ਦੇਹੀ ਐ। ਵਿੱਛੜੇ ਯਾਰ ਪਿਆਰੇ, ਬਣੀ ਮੁਸੀਬਤ ਕੇਹੀ ਐ।

ਸਿਆਣਪ ਦੇ ਇਕ ਬੈਂਤ ਵਿਚ ਵੀ ਮੋਤੀ ਵਾਂਗ ਪਰੋ ਦਿੰਦਾ ਹੈ -

ਗੁਣਕਾਰ ਨਾ ਸਿੰਘ ਜਗਮੇਲ ਵਰਗਾ, ਭਲਾ ਪੁਰਸ਼ ਨਾ ਕੇਹਰ ਸਿਉਂ ਗਿੱਲ ਜੈਸਾ।

ਸੰਮਨ-ਮੂਸਣ ਪ੍ਰਸੰਗ ਵਿਚ ਵੀ ਨਮੂਨਾ ਵੇਖੋ - ਲਾ ਗੀਝਾਂ ਗੌਂਦੇ ਐ, ਖੜ੍ਹੇ ਜਗਮੇਲ ਹੰਸ ਸਿੰਘ ਹੋਰੀਂ, ਦੋਤਾਰਾ ਤਰਜ਼ਾਂ। ਇਸੇ ਤਰ੍ਹਾਂ ਦਹੂਦ ਦੇ ਕਿੱਸੇ ਵਿਚ ਵੀ ਤੋੜਾ ਝਾੜ ਰੱਖਿਆ ਹੈ - ਰਜਬਲੀ ਨਕਲਾਂ ਅਨੇਕਾਂ ਕਰਗੇ। ਛੰਦ ਲਾਉਂਦੇ ਠਾਣੇ ਜਗਮੇਲ ਵਰਗੇ। ਲਗਦੈ ਸ਼ਾਗਿਰਦ ਬਾਬੂ ਜੀ ਦੀ ਕਲਮ ਦੀ ਨੋਕ ਤੇ ਹੀ ਰਹਿੰਦੇ ਸਨ। ਕਿੱਸਾ ਨੱਲ-ਦਮਯੰਤੀ ਵਿਚ ਦਮਯੰਤੀ ਸੁਬਾਹੂ ਰਾਜ ਦੇ ਰਾਜੇ ਦੇ ਮਹਿਲੀਂ ਰਾਣੀ ਸੁਨੰਦਾ ਦੀ ਬਾਂਦੀ ਬਣ ਕੇ ਦਿਨ-ਕਟੀ ਕਰਦੀ ਹੈ। ਕੋਰੜਾ ਛੰਦ ਵਿਚ ਬਾਬੂ ਜੀ ਦੇ ਚੇਲਿਆਂ ਦੇ ਨਾਂ ਨਾਲ ਹੀ ਤੋੜਾ ਝੜਦਾ ਹੈ -

ਰਜਬਲੀ ਕਵਿਤਾ ਬਣੌਂਦਾ ਰੀਝ ਦੀ।
ਤਿੱਕੜੀ ਸੀ ਫ਼ੱਤੇ ਭਗਤੂ ਅਜੀਜ਼ ਦੀ।
ਤਿੰਨੇ ਬੰਨ੍ਹ ਦਿੰਦੇ ਸੀ ਘੁਕਾਟ ਛੰਦਾਂ ਦੇ।
ਰਾਣੀ ਕੋਲ਼ੇ ਰਹਿਣ ਲੱਗ ਗੀ ਸੁਨੰਦਾ ਦੇ।

ਸ਼ਾਗਿਰਦ ਤਾਂ ਬਾਬੂ ਜੀ ਦੇ ਬਥੇਰੇ ਸਨ ਪਰ 18 ਬੰਦ ਦੇ ਮਕੰਦ ਛੰਦ ਵਿਚ ਤਕਰੀਬਨ 50 ਚੇਲਿਆਂ ਦਾ ਜ਼ਿਕਰ ਉਚੇਚੇ ਤੌਰ ਤੇ ਬੜੇ ਵਿਰਾਗਮਈ ਰੁਦਨ ਵਿਚ ਕੀਤਾ ਹੈ। ਇਸ ਵਿੱਚੋਂ ਕੁੱਝ ਸਤਰਾਂ ਦਾ ਹਵਾਲਾ ਤਾਂ ਦੇਣਾ ਹੀ ਬਣਦਾ ਹੈ।

— ਜਾਨਾਂ ਤੇ ਗਿੱਕੜ ਦੋ ਸ਼ਮੀਰੋਂ ਕੋਲਾਂ ਨੇ। ਮੋਹ ਲਿਆ ਸ੍ਰੋਤਿਆਂ ਨੂੰ ਮਹੀਨ ਬੋਲਾਂ ਨੇ।
— ਸ਼੍ਰੀ ਰਾਮ ਬਿਸ਼ਨ ਸਮੇਤ ਕੇਹਰਾ ਜੀ। ਉਨ੍ਹਾਂ ਬਿਨਾ ਚਿਤ ਲਗਦਾ ਨਾ ਮੇਰਾ ਜੀ।
— ਮੱਘਰ ਪ੍ਰੀਤਮ ਜਵਾਨ ਬੰਗੀ ਦੇ। ਉੱਚੇ ਟੌਰੇ ਪਗੜੀ ਨਰੰਜੀ ਰੰਗੀ ਦੇ।
— ਗੱਭਰੂ ਹਜ਼ੂਰ ਗੁਰਦਿਆਲ ਬਚਨਾ। ਜਿੱਥੇ ਖੜ੍ਹ ਜਾਂਵਦੇ ਲਗੌਂਦੇ ਰਚਨਾ।
— ਸ਼ੇਰ ਖ਼ਾਂ ਸਰਾਜ ਤੀਸਰਾ ਪਠਾਣਾ ਜੀ। ਟੇਢੇ ਸਾਫੇ ਰਖਦੇ ਇਕੋ ਜਿਆ ਬਾਣਾ ਜੀ।
— ਐਫ ਏ ਪਾਸ ਨਾਜਰ ਗਿੱਦੜਬਹੇ ਦਾ। ਪਤਲਾ ਸਰੀਰ ਜਿਉਂ ਬਦਨ ਸਹੇ ਦਾ।
— ਹਰਨਾਮ ਸਿੰਘ ਰਹਿ ਗਿਆ ਬਠਿੰਡੇ ਜੀ। ਫ਼ਤੇਹ ਖ਼ਾਂ ਅਜੀਜ਼ ਗਏ ਪੰਡੋਰੀ ਬਿੰਡੇ ਜੀ।

ਰਜਬ ਅਲੀ ਤਿੰਨੇ ਸੀ ਸ਼ਿੰਗਾਰ ਮੇਲਿਆਂ ਦੇ। ਮੈਥੋਂ ਝੱਲੇ ਜਾਂਦੇ ਨਾ ਵਿਛੋੜੇ ਚੇਲਿਆ ਦੇ।

ਪਾਕਿਸਤਾਨ ਵਿਚ ਬਾਬੂ ਜੀ ਦੇ ਸ਼ਾਗਿਰਦ ਮਾਸਟਰ ਅਲੀ ਨਿਵਾਜ਼, ਜੋ ਆਖ਼ਰੀ ਪਲਾਂ ਵਿਚ ਉਸ ਦੇ ਨਾਲ ਸਨ, ਉਨ੍ਹਾਂ ਨੇ ਆਪਣੀਆਂ ਲਿਖਤਾਂ ਦਾ ਬਸਤਾ ਉਸ ਦੇ ਸਪੁਰਦ ਕੀਤਾ। ਅਲੀ ਨਿਵਾਜ਼ ਨੇ ਏਧਰਲੇ ਗੁਰ-ਭਾਈਆਂ ਨੂੰ ਇਕ ਲੰਮੇ ਖ਼ਤ ਵਿਚ ਦੋਤਾਰਾ ਤਰਜ਼ ਰਾਹੀਂ ਆਪਣੇ ਗੁਰੂ ਦੇ ਵਲਵਲੇ ਭੇਜੇ ਸਨ। ਉਸ ਦੇ ਕੁਛ ਬੰਦ ਬਾਬੂ ਜੀ ਦੇ ਬਿਰਹਾ ਦੀ ਬਾਤ ਪਾਉਂਦੇ ਹਨ।

— ਜਦੋਂ ਵਕਤ ਕਜ਼ਾ ਦਾ ਸੀ ਕਹਿੰਦੇ ਮੇਲ ਬਸੰਤ ਪਿਆਰਾ।
ਰੱਬਾ ਰੂਹ ਪਈ ਤਰਸਦੀ ਏ ਸਾਹਮਣੇ ਲਿਆਦੇ ਅੱਖਾਂ ਦਾ ਤਾਰਾ।
— ਹੋਰ ਸੁਣ ਲਿਖਦੀਂ ਠਾਣੇ ਨੂੰ ਉਹ ਸੀ ਮੇਰਾ ਜੇਠਾ ਚੇਲਾ।
ਉਹ ਬਾਹਲ਼ਾ ਰੋਵੇ ਨਾ ਕਰਾਂਗੇ ਹਸ਼ਰ ਦਿਹਾੜੇ ਮੇਲਾ।
ਫਿਰ ਰੱਬ ਦੀ ਕਚਹਿਰੀ ਮੇਂ ਜਾਵਾਂਗੇ ਦੋਵੇਂ ਜੱਫੀਆਂ ਪਾ ਕੇ।
ਵੀਰ ਬਾਡਰ ਲੰਘ ਕੇ ਤੇ ਗੁਰੂ ਦੀ ਕਬਰ ਦੇਖ ਲੋ ਆ ਕੇ।

ਬਾਬਾ ਫ਼ਰੀਦ ਨੇ ਫ਼ਰਮਾਇਆ ਸੀ - ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨ। ਫ਼ਰੀਦਾ ਜਿਸ ਤਨ ਬਿਰਹਾ ਨਾ ਉਪਜੈ ਸੋ ਤਨ ਜਾਣ ਮਸਾਣ। ਅਜੋਕੇ ਸਮੇਂ ਅੰਦਰ ਪੰਜਾਬੋਂ ਬਾਹਰ ਵਸਦੇ ਪੰਜਾਬੀਆਂ ਨੂੰ ਪੰਜਾਬ, ਪੰਜਾਬੀ ਜ਼ਬਾਨ, ਪੰਜਾਬੀ ਸਭਿਆਚਾਰ ਕਿੰਨਾ ਕੁ ਯਾਦ ਆਉਂਦੇ ਹਨ, ਇਸ ਬਾਰੇ ਕਿੰਨਾ ਕੁ ਬਿਰਹਾ ਉਪਜਦਾ ਹੈ, ਇਹ ਤਾਂ ਦੂਰ ਦੀ ਗੱਲ ਰਹੀ, ਸਗੋਂ ਕਈ ਵਾਰ ਤਾਂ ਇਸ ਪਿਛੋਕੜ ਤੇ ਵਿਰਾਸਤ ਨੂੰ ਨਿੰਦਿਆ ਤਕ ਜਾਂਦਾ ਹੈ, ਘਟੀਆ ਸਮਝਿਆ ਜਾਂਦਾ ਹੈ। ਇਸ ਸੰਦਰਭ ਵਿਚ ਬਾਬੂ ਰਜਬ ਅਲੀ ਖ਼ਾਨ ਦੇ ਵਿਰਸੇ ਅਤੇ ਪਾਈ ਪਿਰਤ ਦੀ ਅਹਿਮੀਅਤ ਹੋਰ ਵੀ ਵਧ ਜਾਂਦੀ ਹੈ। ਕਦੇ ਅੰਮ੍ਰਿਤਾ ਪ੍ਰੀਤਮ ਨੇ ਵਾਰਸ ਸ਼ਾਹ ਨੂੰ ਕਬਰਾਂ ਵਿੱਚੋਂ ਬੋਲਣ ਦੀ ਗੁਹਾਰ ਲਾਈ ਸੀ, ਅੱਜ ਜੀਅ ਕਰਦੈ ਬਾਬੂ ਜੀ ਦੀ ਕਬਰ ਤੇ ਸਿਜਦਾ ਕਰ ਕੇ ਹਾਅ ਮਾਰ ਕੇ ਦੁਹਾਈ ਪਾਈਏ। ਬਾਬੂ ਜੀ ਦੀਆਂ ਲਿਖਤਾਂ ਨਾਲ ਵਾਹ-ਵਾਸਤਾ ਹੀ ਰੱਖ ਲਈਏ ਤਾਂ ਆਪਣੇ ਅਮੀਰ ਵਿਰਸੇ ਤੇ ਮਾਣ ਵੀ ਕਰ ਸਕਾਂਗੇ ਅਤੇ ਉਸ ਨੂੰ ਸੰਭਾਲਣ ਦੇ ਉਪਰਾਲੇ ਵੀ ਵਿੱਢ ਲਵਾਂਗੇ। ਨਿਰਸੰਦੇਹ ਅੱਜ ਬਾਬੂ ਜੀ ਦੀ ਪ੍ਰਸੰਗਕਤਾ ਪਹਿਲਾਂ ਨਾਲੋਂ ਵੀ ਵਧੇਰੇ ਜਾਪ ਰਹੀ ਹੈ।



ਬਾਬੂ ਰਜਬ ਅਲੀ ਆਪਣੇ ਸਾਹੋ ਕੇ ਪਿੰਡ ਵਾਸੀਆਂ ਨਾਲ

### ਪ੍ਰਿੰਸ ਚਾਰਲਸ ਘਿਰੇ ਵਿਵਾਦਾਂ ਵਿੱਚ

## ਓਸਾਮਾ ਬਿਨ ਲਾਦੇਨ ਦੇ ਪਰਿਵਾਰ ਤੋਂ ਚੈਰਿਟੀ ਲਈ ਕੀਤੇ ਹਨ 1 ਮਿਲੀਅਨ ਪੌਂਡ ਸਵੀਕਾਰ

ਲੰਡਨ/ ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ) ਓਸਾਮਾ ਬਿਨ ਲਾਦੇਨ ਦੇ ਪਰਿਵਾਰ ਤੋਂ 1 ਮਿਲੀਅਨ ਪੌਂਡ ਸਵੀਕਾਰ ਕਰਨ ਕਰਕੇ ਪ੍ਰਿੰਸ ਚਾਰਲਸ ਬੀਤੀ ਰਾਤ ਇੱਕ ਤਾਜਾ ਤੂਫਾਨ ਵਿੱਚ ਫਸ ਗਏ ਹਨ। ਜਾਣਕਾਰੀ ਮੁਤਾਬਕ ਉਸਨੇ ਅਮਰੀਕਾ ਦੇ 9/11 ਹਮਲੇ ਦੇ ਪਿੱਛੇ ਅੱਤਵਾਦੀ ਮਾਸਟਰਮਾਈਂਡ ਦੇ ਭਰਾਵਾਂ ਤੋਂ ਨਕਦੀ ਲੈ ਲਈ ਅਤੇ ਇਹ ਨਕਦੀ ਉਸਦੀ ਚੈਰਿਟੀ ਵਿੱਚ ਜਮ੍ਹਾ ਕਰ ਦਿੱਤੀ ਗਈ। ਉਸਨੇ 30 ਅਕਤੂਬਰ, 2013 ਨੂੰ ਕਲੇਰੈਂਸ ਹਾਊਸ ਵਿੱਚ ਬਕਰ ਨਾਲ ਇੱਕ ਨਿੱਜੀ ਮੀਟਿੰਗ ਤੋਂ ਬਾਅਦ ਸੌਦਾ ਕੀਤਾ ਸੀ। ਬਿਨ ਲਾਦੇਨ ਦੇ ਪਰਿਵਾਰ ਨਾਲ ਜੁੜੇ ਹੋਣ ਦੇ ਡਰ ਕਾਰਨ ਸਲਾਹਕਾਰਾਂ ਦੁਆਰਾ ਉਸਨੂੰ ਵਾਪਸ ਕਰਨ ਦੀ ਅਪੀਲ ਕਰਨ ਦੇ ਬਾਵਜੂਦ ਪ੍ਰਿੰਸ ਆਫ ਵੇਲਜ ਨੇ ਦਾਨ ਦੀ ਬੈਕਿੰਗ ਕੀਤੀ। ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਉਸਨੂੰ ਚੇਤਾਵਨੀ ਦਿੱਤੀ ਸੀ ਕਿ ਜੇਕਰ ਉਸਦਾ ਨਾਮ ਬਿਨ ਲਾਦੇਨ ਵਾਂਗ ਹੀ ਸੁਰਖੀਆਂ ਵਿੱਚ ਆਇਆ ਤਾਂ ਉਸਦੀ ਛਵੀ ਖਰਾਬ ਹੋ ਜਾਵੇਗੀ। 11 ਸਤੰਬਰ 2001 ਨੂੰ ਨਿਊਯਾਰਕ ਵਰਲਡ ਟਰੇਡ ਸੈਂਟਰ ਅਤੇ ਅਮਰੀਕਾ ਦੇ ਹੋਰ ਟਿਕਾਣਿਆਂ 'ਤੇ ਹੋਏ ਹਮਲਿਆਂ ਵਿੱਚ 67 ਬਰਤਾਨਵੀ ਨਾਗਰਿਕਾਂ ਸਮੇਤ ਕੁੱਲ 2,977 ਲੋਕ ਮਾਰੇ ਗਏ ਸਨ ਅਤੇ 6,000 ਤੋਂ ਵੱਧ ਜ਼ਖ਼ਮੀ ਹੋਏ ਸਨ। ਇੱਕ ਘਰੇਲੂ ਸਟਾਫ ਮੈਂਬਰ ਨੇ ਕਥਿਤ ਤੌਰ 'ਤੇ ਚਾਰਲਸ ਨੂੰ ਕਿਹਾ ਕਿ "ਇਹ ਕਿਸੇ ਲਈ ਚੰਗਾ ਨਹੀਂ ਹੋਵੇਗਾ" ਜੇਕਰ ਮੀਡੀਆ ਵਿੱਚ ਇਹ ਖੁਲਾਸਾ ਹੁੰਦਾ ਹੈ ਕਿ ਉਸਨੇ ਬਿਨ ਲਾਦੇਨ ਦੇ ਪਰਿਵਾਰ ਤੋਂ ਨਕਦੀ ਲਈ ਸੀ। ਉਕਤ ਫੰਡ ਚੈਰਿਟੀ ਦੇ ਕੌਟਸ ਬੈਂਕ ਖਾਤੇ ਵਿੱਚ ਜਮ੍ਹਾਂ ਹੋਣ ਤੋਂ ਬਾਅਦ ਪ੍ਰਵਾਨਗੀ ਦਿੱਤੀ ਗਈ ਸੀ। ਉਨ੍ਹਾਂ ਨੂੰ ਕਥਿਤ ਤੌਰ 'ਤੇ ਬਾਅਦ ਵਿੱਚ ਚਰਚਾ ਤੱਕ ਰੋਕਿਆ ਗਿਆ ਸੀ ਪਰ ਚਾਰਲਸ ਦੇ ਬੁਲਾਰੇ ਨੇ ਕਿਹਾ ਕਿ ਇਹ ਚੈਰਿਟੀ ਕਮਿਸਨ ਦੇ ਨਿਯਮਾਂ ਦੇ ਅਨੁਸਾਰ ਸੀ।



## ਲੰਡਨ: ਪੰਜ ਮਹੀਨੇ ਪਹਿਲਾਂ ਵਿਕੇ ਪੁਲਿਸ ਥਾਣੇ 'ਚ ਹੀ ਬੀਜੇ "ਸੁੱਖੇ ਦੇ ਬੂਟੇ" ਬਰਾਮਦ



ਲੰਡਨ/ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ) ਬਰਤਾਨੀਆ ਵਿੱਚ ਕੈਨਾਬਿਸ ਜਾਣੀਕਿ ਸੁੱਖੇ ਦੀ ਕਾਸ਼ਤ ਗੈਰਕਾਨੂੰਨੀ ਹੈ। ਅਕਸਰ ਹੀ ਖੰਡਰ ਬਣੀਆਂ ਇਮਾਰਤਾਂ ਜਾਂ ਘਰਾਂ ਅੰਦਰ ਸੁੱਖੇ (ਭੰਗ) ਦੀ ਕਾਸ਼ਤ ਦੀਆਂ ਖਬਰਾਂ ਪੜ੍ਹਨ ਸੁਣਨ ਨੂੰ ਮਿਲਦੀਆਂ ਰਹਿੰਦੀਆਂ ਹਨ ਪਰ ਇਹ ਖਬਰ ਹੈਰਾਨ ਕਰਨ ਵਾਲੀ ਹੈ ਕਿ ਤਸਕਰਾਂ ਨੇ ਮਹਿਜ ਪੰਜ ਮਹੀਨੇ ਪਹਿਲਾਂ ਵਿਕੀ ਪੁਲਿਸ ਥਾਣੇ ਦੀ ਇਮਾਰਤ ਅੰਦਰ ਹੀ ਇੱਕ ਵੱਡੀ "ਕੈਨਾਬਿਸ ਫੈਕਟਰੀ" ਬਣਾ ਲਈ ਹੋਵੇ। ਮੈਟਰੋਪੋਲੀਟਨ ਪੁਲਿਸ ਨੂੰ ਐਤਵਾਰ ਨੂੰ ਪੂਰਬੀ ਲੰਡਨ ਦੇ ਆਇਲ ਆਫ ਡੌਗਸ ਵਿੱਚ ਆਪਣੇ ਹੀ ਇੱਕ ਸਾਬਕਾ ਬੇਸ ਵਿੱਚ ਕੁਝ ਸ਼ੱਕੀ ਕਾਰਵਾਈਆਂ ਦੀ ਜਾਂਚ ਕਰਨ ਲਈ ਬੁਲਾਇਆ ਗਿਆ ਸੀ। ਪੁਲਿਸ ਕਰਮਚਾਰੀ ਹੱਕੇ ਬੱਕੇ ਰਹਿ ਗਏ, ਜਦੋਂ ਉਹਨਾਂ ਇਮਾਰਤ ਅੰਦਰ ਭੰਗ ਦੇ ਬੂਟਿਆਂ ਦਾ ਭੰਡਾਰ ਦੇਖਿਆ। ਫਿਲਹਾਲ ਇਸ ਸੰਬੰਧ ਵਿੱਚ ਕੋਈ ਗ੍ਰਿਫਤਾਰੀ ਨਹੀਂ ਕੀਤੀ ਗਈ ਪਰ ਜਾਂਚ ਸੁਰੂ ਕੀਤੀ ਗਈ ਹੈ। ਮਾਨਚੈਸਟਰ ਰੋਡ 'ਤੇ ਸਥਿਤ ਸਟੇਸਨ ਨੂੰ ਇਸ ਸਾਲ ਫਰਵਰੀ ਵਿੱਚ ਵੇਚਿਆ ਗਿਆ ਸੀ। ਆਇਲ ਆਫ ਡੌਗਜ ਦੇ ਕੌਂਸਲਰ ਪੀਟਰ ਗੋਲਡਜ ਨੇ ਦੱਸਿਆ ਕਿ ਦੋ ਸਾਲ ਪਹਿਲਾਂ ਸਾਨੂੰ ਬੋਰੋਅ ਦੇ ਇੱਕ ਸਕੂਲ ਵਿਚ ਭੰਗ ਬਣਾਉਣ ਵਾਲੀ ਫੈਕਟਰੀ ਮਿਲੀ ਸੀ ਅਤੇ ਹੁਣ ਇਹ ਮਿਲੀ ਹੈ। ਉਹਨਾਂ ਦਾ ਕਹਿਣਾ ਸੀ ਕਿ ਅਸੀਂ ਕਈ ਸਾਲਾਂ ਤੋਂ ਟਾਵਰ ਹੈਮਲੇਟਸ ਇਲਾਕੇ ਵਿੱਚ ਸਮਾਜ ਵਿਰੋਧੀ ਵਿਵਹਾਰ ਦੀਆਂ ਸਮੱਸਿਆਵਾਂ ਬਾਰੇ ਰੌਲਾ ਪਾਉਂਦੇ ਆ ਰਹੇ ਹਾਂ, ਪਰ ਅਸੀਂ ਉਲਟਾ ਪੁਲਿਸ ਸਟੇਸਨਾਂ ਨੂੰ ਬੰਦ ਹੁੰਦੇ ਦੇਖਦੇ ਆ ਰਹੇ ਹਾਂ।

ਆਜ਼ਾਦੀ ਦਿਹਾੜੇ ਤੇ ਵਿਸ਼ੇਸ਼-

## ਸੁਣ ਨੀ ਭੈਣ ਅਜ਼ਾਦੀਏ...

ਸੁਣ ਨੀ ਭੈਣ ਅਜ਼ਾਦੀਏ ਸਾਥੋਂ, ਦਰਦ ਨਾ ਜਾਏ ਸੁਣਾਇਆ।
ਇਕ ਅਰਸੇ ਤੋਂ ਅੜੀਏ ਨੀ ਤੂੰ, ਸਿਦਕ ਸਾਡਾ ਅਜ਼ਮਾਇਆ।

ਤੇਰੇ ਦੀਦ ਦੀ ਖਾਤਿਰ ਅੜੀਏ, ਪਰਵਾਨੇਂ ਤਾਂ ਸ਼ਮ੍ਹਾਂ 'ਚ ਸੜ ਗਏ।
ਰਾਜਗੁਰੂ, ਸੁੱਖਦੇਵ, ਭਗਤ ਸਿੰਘ, ਹੱਸਦੇ-ਹੱਸਦੇ ਫਾਂਸੀ ਚੜ੍ਹ ਗਏ।
ਕੂਕੇ, ਬੱਬਰਾਂ, ਤੇਰੀ ਖਾਤਿਰ, ਸਭ ਕੁੱਝ ਲੇਖੇ ਲਾਇਆ।
ਸੁਣ ਨੀ......

ਗਦਰ ਲਹਿਰ ਦੇ ਨਾਇਕ ਸਾਡੇ, ਤਨ ਤੇ ਲੱਖ ਤਸੀਹੇ ਜਰ ਗਏ।
ਐਪਰ ਦੇਸ਼ ਵਾਸੀਆਂ ਦੇ ਵਿੱਚ, ਤੇਰੀ ਇਕ ਚੰਗਿਆੜੀ ਧਰ ਗਏ।
ਮਘਦੀ ਮਘਦੀ ਜੋ ਚੰਗਿਆੜੀ, ਇਕ ਦਿਨ ਰੰਗ ਦਿਖਾਇਆ।
ਸੁਣ ਨੀ.....

ਸੰਨ ਸੰਤਾਲੀ ਵਿੱਚ ਤੂੰ ਆਈ, ਆਉਂਦੇ ਸਾਰ ਹੀ ਵੰਡੀਆਂ ਪਾਈਆਂ।
ਭਾਈ ਆਪਸ ਵਿੱਚ ਲੜਾ ਕੇ, ਖ਼ੂਨ ਦੀਆਂ ਨਦੀਆਂ ਤੂੰ ਵਹਾਈਆਂ।
ਤਾਂ ਵੀ ਘੁੰਡ ਚੁਕਾਈ ਦੇ ਕੇ, ਅਸਾਂ ਨੇ ਸ਼ਗਨ ਮਨਾਇਆ
ਸੁਣ ਨੀ.....

ਲਾਈ ਲੱਗ ਤੂੰ ਨਿਕਲੀ ਅੜੀਏ, ਧਨਵਾਨਾਂ ਦੇ ਹੱਥੀਂ ਚੜ੍ਹ ਗਈ।
ਆਪਣਿਆਂ ਵੱਲ ਪਾਸਾ ਵੱਟਿਆ, ਗ਼ੈਰਾਂ ਦੀ ਬੁੱਕਲ ਵਿੱਚ ਵੜ ਗਈ।
ਸੱਤਰਾਂ ਨੂੰ ਤੂੰ ਟੱਪ ਗਈ ਏਂ, ਤੈਨੂੰ ਹੋਸ਼ ਅਜੇ ਨਾ ਆਇਆ
ਸੁਣ ਨੀ...

ਐਨਾ ਵੱਡਾ ਮੁੱਲ ਤਾਰ ਕੇ, ਸੂਰਮਿਆਂ ਤੈਨੂੰ ਪਰਨਾਇਆ।
'ਦੀਸ਼' ਦੇ ਵੀਰਾਂ ਦੀ ਕੁਰਬਾਨੀ, ਦਾ ਤੈਂ ਅੜੀਏ ਮੁੱਲ ਨਾ ਪਾਇਆ।
ਹੱਥ ਅਜੇ ਨਾ ਸਾਡੇ ਆਈ, ਡਾਢਾ ਸਾਨੂੰ ਤੂੰ ਤਰਸਾਇਆ।
ਸੁਣ ਨੀ......



ਗੁਰਦੀਸ਼ ਕੌਰ ਗਰੇਵਾਲ- ਕੈਲਗਰੀ- ਕੈਨੇਡਾ
ਵਟਸਐਪ ਸੰਪਰਕ: +91 98728 60488

## ਯੂਕੇ: ਕੇਲਿਆਂ 'ਚ ਲੁਕੋਈ ਅੱਧੇ ਟਨ ਤੋਂ ਵੱਧ ਕੋਕੀਨ ਥੇਮਜ ਬੰਦਰਗਾਹ 'ਤੇ ਜਬਤ

ਲੰਡਨ/ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)- ਦੱਖਣ-ਪੂਰਬੀ ਇੰਗਲੈਂਡ ਦੇ ਏਸੇਕਸ ਤੱਟ ਸਥਿਤ ਲੰਡਨ ਗੇਟਵੇ 'ਤੇ ਕੋਲੰਬੀਆ ਤੋਂ ਯਾਤਰਾ ਕਰਨ ਵਾਲੀ ਕਿਸ਼ਤੀ 'ਤੇ ਅੱਧੇ ਟਨ ਤੋਂ ਵੱਧ ਕਲਾਸ ਏ ਡਰੱਗ ਜਬਤ ਕੀਤੇ ਜਾਣ ਦੀ ਖਬਰ ਸਾਹਮਣੇ ਆਈ ਹੈ। ਜਾਂਚਕਰਤਾਵਾਂ ਨੇ ਮੰਗਲਵਾਰ ਨੂੰ ਇੱਕ ਸ਼ਿਪਮੈਂਟ ਨੂੰ ਰੋਕਿਆ, ਜੋ ਕਿ ਨੀਦਰਲੈਂਡਜ ਨੂੰ ਜਾ ਰਿਹਾ ਸੀ। ਜਾਣਕਾਰੀ ਮੁਤਾਬਕ ਗੱਤੇ ਦੇ ਡੱਬਿਆਂ ਵਿੱਚ ਕੇਲਿਆਂ ਦੇ ਨਾਲ-ਨਾਲ ਸੈਂਕੜੇ ਵੱਡੀਆਂ ਕੋਕੀਨ ਦੀਆਂ ਸਲੈਬਾਂ ਪਾਈਆਂ ਗਈਆਂ ਸਨ। ਇਸ ਸਬੰਧੀ ਨੈਸ਼ਨਲ ਕ੍ਰਾਈਮ ਏਜੰਸੀ ਨੇ ਕਿਹਾ ਕਿ ਇੱਕ ਵਾਰ ਕੱਟਣ ਅਤੇ ਵੇਚੇ ਜਾਣ 'ਤੇ ਢੋਆ-ਢੁਆਈ ਦਾ ਯੂਕੇ ਸਟ੍ਰੀਟ ਮੁੱਲ 40 ਮਿਲੀਅਨ ਪੌਂਡ ਤੋਂ ਵੱਧ ਹੋਣਾ ਸੀ। ਐਨਸੀਏ ਸ਼ਾਖਾ ਦੇ ਸੰਚਾਲਨ ਮੈਨੇਜਰ ਐਡਮ ਬੇਰੀ ਨੇ ਇਸ ਕਾਰਵਾਈ ਨੂੰ ਨਸ਼ੇ ਦੇ ਵਪਾਰੀਆਂ ਲਈ ਵੱਡਾ ਝਟਕਾ ਦੱਸਿਆ ਹੈ। ਉਸਨੇ ਕਿਹਾ ਕਿ ਇਸ ਆਕਾਰ ਦੀ ਇੱਕ ਖੇਪ ਨੂੰ ਜਬਤ ਕਰਨਾ ਇਸ ਖੇਪ ਵਿੱਚ ਸ਼ਾਮਲ ਅਪਰਾਧਿਕ ਨੈਟਵਰਕ ਲਈ ਇੱਕ ਬਹੁਤ ਵੱਡਾ ਝਟਕਾ ਹੋਵੇਗਾ। ਉਹਨਾਂ ਦਾ ਕਹਿਣਾ ਹੈ ਕਿ ਐਨਸੀਏ ਨਸ਼ੀਲੇ ਪਦਾਰਥਾਂ ਨੂੰ ਇਸ ਹੱਦ ਤੱਕ ਪਹੁੰਚਣ ਤੋਂ ਰੋਕਣ ਲਈ ਸਮੇਂ ਸਮੇਂ 'ਤੇ ਲੋਕਾਂ ਨੂੰ ਸੁਚੇਤ ਕਰਨ ਦੇ ਨਾਲ ਨਾਲ ਉਹਨਾਂ ਦੀ ਸਹਾਇਤਾ ਲੈਣ ਲਈ ਵੀ ਸਖਤ ਮਿਹਨਤ ਕਰਦਾ ਹੈ। ਉਹਨਾਂ ਕਿਹਾ ਕਿ ਨਸ਼ੇ ਦੇ ਤਸਕਰ ਸਮੇਂ ਸਮੇਂ 'ਤੇ ਵੱਖ ਵੱਖ ਤਰ੍ਹਾਂ ਦੇ ਹੱਥਕੰਡੇ ਅਪਣਾਉਂਦੇ ਰਹਿੰਦੇ ਹਨ ਪਰ ਸਾਡੀ ਫੋਰਸ ਵੱਲੋਂ ਉਹਨਾਂ ਨੂੰ ਦਬੋਚਣ ਲਈ ਵੀ ਵੱਡੀ ਪੱਧਰ 'ਤੇ ਮੁਸਤੈਦੀ ਵਰਤੀ ਜਾਂਦੀ ਹੈ।



# ਪੁਲੀਸ ਦੇ ਵੱਡੇ ਅਫ਼ਸਰਾਂ ਨੇ ਵੀ ਪੰਚਾਇਤੀ ਜ਼ਮੀਨਾਂ ’ਤੇ ਕੀਤੇ ਨਾਜਾਇਜ਼ ਕਬਜ਼ੇ

ਜਲੰਧਰ (ਪੰਜਾਬੀ ਅਖਬਾਰ ਬਿਊਰੋ)- ਪੰਜਾਬ ਵਿਧਾਨ ਸਭਾ ਦੀਆਂ ਆਮ ਚੋਣਾਂ ’ਚ ਅਜਨਾਲਾ ਵਿਧਾਨ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੀ ਟਿਕਟ ’ਤੇ ਚੁਣੇ ਗਏ ਕੁਲਦੀਪ ਸਿੰਘ ਧਾਲੀਵਾਲ ਪਾਰਟੀ ਦੇ ਉਨ੍ਹਾਂ ਸੀਨੀਅਰ ਨੇਤਾਵਾਂ ’ਚ ਸ਼ਾਮਿਲ ਹਨ ਜਿਨ੍ਹਾਂ ਨੇ ਵਿਰੋਧੀ ਧਿਰ ’ਚ ਰਹਿੰਦਿਆਂ ਆਮ ਆਦਮੀ ਪਾਰਟੀ ਦਾ ਪੱਲਾ ਫ਼ੜੀ ਰੱਖਿਆ ਸੀ ਅਤੇ ਪਾਰਟੀ ਦੀ ਮਜ਼ਬੂਤੀ ਲਈ ਲਗਾਤਾਰ ਕੰਮ ਕਰਦੇ ਰਹੇ। ਵਿਧਾਨ ਸਭਾ ਚੋਣਾਂ ਜਿੱਤਣ ਤੋਂ ਬਾਅਦ ਆਮ ਆਦਮੀ ਪਾਰਟੀ ਦੇ ਕੌਮੀ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੁਲਦੀਪ ਸਿੰਘ ਧਾਲੀਵਾਲ ਦੀ ਪਾਰਟੀ ਪ੍ਰਤੀ ਵਫ਼ਾਦਾਰੀ ਅਤੇ ਮਿਹਨਤ ਨੂੰ ਵੇਖਦਿਆਂ ਉਨ੍ਹਾਂ ਨੂੰ ਕੈਬਨਿਟ ਮੰਤਰੀ ਬਣਾਇਆ। ਕੈਬਨਿਟ ਮੰਤਰੀ ਬਣਾਉਣ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੇ ਉਨ੍ਹਾਂ ਨੂੰ ਸਭ ਤੋਂ ਅਹਿਮ ਜ਼ਿੰਮੇਵਾਰੀ ਸੌਂਪੀ, ਜੋ ਕਿ ਪੇਂਡੂ ਵਿਕਾਸ ਅਤੇ ਪੰਚਾਇਤ ਮਹਿਕਮੇ ਨਾਲ ਸਬੰਧਤ ਸੀ। ਮੁੱਖ ਮੰਤਰੀ ਜਾਣਦੇ ਸਨ ਕਿ ਧਾਲੀਵਾਲ ਹੀ ਅਜਿਹੇ ਕਾਬਲ ਆਗੂ ਹਨ ਜੋ ਪੰਚਾਇਤਾਂ ਦੀਆਂ ਕਰੋੜਾਂ-ਅਰਬਾਂ ਰੁਪਏ ਦੀਆਂ ਪੰਚਾਇਤਾਂ ਦੀਆਂ ਜ਼ਮੀਨਾਂ ’ਤੇ ਹੋਏ ਨਾਜਾਇਜ਼ ਕਬਜ਼ਿਆਂ ਨੂੰ ਛੁਡਵਾਉਣ ਦਾ ਜਿਗਰਾ ਰੱਖਦੇ ਹਨ। ਪੰਜਾਬ ਸਰਕਾਰ ਨੇ ਪੰਚਾਇਤੀ ਜ਼ਮੀਨਾਂ ਨੂੰ ਨਾਜਾਇਜ਼ ਕਬਜ਼ਿਆਂ ਤੋਂ ਮੁਕਤ ਕਰਵਾਉਣ ਲਈ ਵੱਡੇ ਪੱਧਰ ’ਤੇ ਮੁਹਿੰਮ ਸੁਰੂ ਕਰ ਦਿੱਤੀ ਹੈ ਜਿਸ ਦੀ ਅਗਵਾਈ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਕਰ ਰਹੇ ਹਨ। ਇਸ ਸਬੰਧ ’ਚ ਧਾਲੀਵਾਲ ਨਾਲ ਗੱਲਬਾਤ ਕੀਤੀ ਗਈ ਜਿਸ ਦੇ ਮੁੱਖ ਅੰਸ਼ ਇਸ ਤਰ੍ਹਾਂ ਹਨ:

**- ਪੰਚਾਇਤੀ ਜ਼ਮੀਨਾਂ ’ਤੇ ਨਾਜਾਇਜ਼ ਕਬਜ਼ੇ ਰਸੂਖਦਾਰਾਂ ਨੇ ਕੀਤੇ ਹੋਏ ਹਨ। ਇਸ ਮੁਹਿੰਮ ਨੂੰ ਕਦੋਂ ਤਕ ਸਿਰੇ ਚੜ੍ਹਾਇਆ ਜਾਵੇਗਾ ?**

ਪੰਜਾਬ ਸਰਕਾਰ ਨੇ ਪੰਚਾਇਤੀ ਜ਼ਮੀਨਾਂ ’ਤੇ ਕੀਤੇ ਨਾਜਾਇਜ਼ ਕਬਜ਼ਿਆਂ ਨੂੰ ਰਸੂਖਦਾਰਾਂ ਤੋਂ ਛੁਡਵਾਉਣ ਲਈ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਅਜੇ ਤਾਂ ਸ਼ੁਰੂਆਤ ਹੋਈ ਹੈ। ਅੱਗੇ-ਅੱਗੇ ਵੇਖੋ ਕਈ ਰਸੂਖਦਾਰ ਲੋਕਾਂ ਦੇ ਨਾਂ ਸਾਹਮਣੇ ਆਉਣਗੇ। ਮੁੱਖ ਮੰਤਰੀ ਭਗਵੰਤ ਮਾਨ ਨੇ ਉਨ੍ਹਾਂ ਨੂੰ ਸੂਬੇ ਭਰ ’ਚ ਪੰਚਾਇਤੀ ਜ਼ਮੀਨਾਂ ਨੂੰ ਪੂਰੀ ਤਰ੍ਹਾਂ ਕਬਜ਼ਾ ਮੁਕਤ ਕਰਵਾਉਣ ਦੇ ਨਿਰਦੇਸ਼ ਦਿੱਤੇ ਹਨ। ਬੀਤੇ ਦਿਨੀਂ ਤਾਂ ਚੰਡੀਗੜ੍ਹ ਨੇੜੇ ਮੁੱਖ ਮੰਤਰੀ ਭਗਵੰਤ ਮਾਨ ਨੇ ਖੁਦ ਨਾਜਾਇਜ਼ ਕਬਜ਼ੇ ਹਟਾਉਣ ਦੀ ਮੁਹਿੰਮ ਦੀ ਅਗਵਾਈ ਕੀਤੀ ਸੀ।

**- ਪੰਜਾਬ ’ਚ ਸਰਕਾਰ ਮੁਤਾਬਿਕ ਕਿੰਨੀ ਜ਼ਮੀਨ ’ਤੇ ਨਾਜਾਇਜ਼ ਕਬਜ਼ੇ ਹੋਏ ਹਨ ?**

ਸਰਕਾਰ ਨੇ ਇੱਕ ਅੰਦਾਜ਼ਾ ਲਾਇਆ ਹੈ ਕਿ ਸੂਬੇ ਦੀਆਂ ਪੰਚਾਇਤੀ ਜ਼ਮੀਨਾਂ ’ਤੇ ਨਾਜਾਇਜ਼ ਕਬਜ਼ਿਆਂ ਦੀ ਭਰਮਾਰ ਹੈ। 50 ਹਜ਼ਾਰ ਏਕੜ ਤੋਂ ਵੱਧ ਜ਼ਮੀਨ ’ਤੇ ਨਾਜਾਇਜ਼ ਕਬਜ਼ੇ ਕੀਤੇ ਗਏ ਹਨ। ਅਜੇ ਤਾਂ ਸਰਕਾਰ ਨੇ ਇਸ ’ਚੋਂ 9053 ਏਕੜ ਜ਼ਮੀਨ ਨੂੰ ਹੀ ਨਾਜਾਇਜ਼ ਕਬਜ਼ਿਆਂ ਤੋਂ ਮੁਕਤ ਕਰਵਾਇਆ ਹੈ। ਸਰਕਾਰ ਦੀ ਇਹ ਮੁਹਿੰਮ ਲਗਾਤਾਰ ਚੱਲਣ ਵਾਲੀ ਹੈ। ਪਿਛਲੇ ਕਈ ਸਾਲਾਂ ਤੋਂ ਰਸੂਖ਼ਦਾਰ ਲੋਕਾਂ ਨੇ ਸਿਆਸਤਦਾਨਾਂ ਦੀ ਮਿਲੀਭੁਗਤ ਨਾਲ ਨਾਜਾਇਜ਼ ਕਬਜ਼ੇ ਕੀਤੇ ਹੋਏ ਹਨ।

**- ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਦੇ ਪੁੱਤਰ ਅਤੇ ਧੀ ਤੋਂ ਚੰਡੀਗੜ੍ਹ ਨੇੜੇ ਸ਼ਿਵਾਲਿਕ ਦੀਆਂ ਪਹਾੜੀਆਂ ਕੋਲ ਨਾਜਾਇਜ਼ ਕਬਜ਼ੇ ਛੁਡਵਾਏ ਗਏ ਸਨ। ਕੀ ਅਜਿਹੇ ਹੋਰ ਵੀ ਸਿਆਸਤਦਾਨ ਹਨ ਜਿਨ੍ਹਾਂ ਨੇ ਨਾਜਾਇਜ਼ ਕਬਜ਼ੇ ਕੀਤੇ ਹੋਏ ਹਨ ?**

ਪੰਚਾਇਤਾਂ ਦੀਆਂ ਜ਼ਮੀਨਾਂ ’ਤੇ ਨਾਜਾਇਜ਼ ਕਬਜ਼ੇ ਕਰਨ ਵਾਲਿਆਂ ’ਚ ਕਾਂਗਰਸ ਅਤੇ ਅਕਾਲੀ ਦਲ ਦੇ ਵੱਡੇ ਆਗੂ ਵੀ ਸ਼ਾਮਿਲ ਹਨ ਜਿਨ੍ਹਾਂ ਤੋਂ ਆਉਣ ਵਾਲੇ ਦਿਨਾਂ ’ਚ ਪੰਚਾਇਤੀ ਜ਼ਮੀਨਾਂ ਨੂੰ ਵਾਪਿਸ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਕਾਂਗਰਸ, ਅਕਾਲੀ ਦਲ ਦੇ ਚੋਟੀ ਦੇ ਆਗੂਆਂ ਤੋਂ ਇਲਾਵਾ [illegible] ਅਤੇ [illegible] ਅਫ਼ਸਰਾਂ ਨੇ ਵੀ ਪੰਚਾਇਤੀ ਜ਼ਮੀਨਾਂ ’ਤੇ ਨਾਜਾਇਜ਼ ਕਬਜ਼ੇ ਕੀਤੇ ਹੋਏ ਹਨ। ਕਿਸੇ ਨੂੰ ਵੀ ਬਖ਼ਸ਼ਿਆ ਨਹੀਂ ਜਾਵੇਗਾ।



**- ਕੀ ਤੁਸੀਂ ਇਨ੍ਹਾਂ ਵੱਡੇ ਕਾਂਗਰਸੀ ਅਤੇ ਅਕਾਲੀ ਆਗੂਆਂ ਦੇ ਨਾਂ ਜਨਤਕ ਕਰ ਸਕਦੇ ਹੋ ? ਲੋਕਾਂ ਨੂੰ ਇਹ ਵੀ ਪਤਾ ਲੱਗਣਾ ਚਾਹੀਦਾ ਹੈ ਕਿ ਕਬਜ਼ਾ ਕਰਨ ਵਾਲਿਆਂ ’ਚ ਕਿੰਨੇ ਵੱਡੇ ਆਗੂਆਂ ਦੇ ਨਾਂ ਸ਼ਾਮਿਲ ਹਨ ?**

ਅਜੇ ਮੈਂ ਇਨ੍ਹਾਂ ਵੱਡੇ ਆਗੂਆਂ ਦੇ ਨਾਂ ਜਨਤਕ ਨਹੀਂ ਕਰਾਂਗਾ। ਸਰਕਾਰ ਆਪਣੀ ਕਾਨੂੰਨੀ ਪ੍ਰਕਿਰਿਆ ਪੂਰੀ ਕਰੇਗੀ ਅਤੇ ਉਸ ਤੋਂ ਬਾਅਦ ਇਨ੍ਹਾਂ ਚੋਟੀ ਦੇ ਕਾਂਗਰਸੀ ਅਤੇ ਅਕਾਲੀ ਆਗੂਆਂ ਦੇ ਨਾਂ ਆਪਣੇ-ਆਪ ਹੀ ਲੋਕਾਂ ਦੇ ਸਾਹਮਣੇ ਆ ਜਾਣਗੇ। ਜਨਤਾ ਤੋਂ ਕੁੱਝ ਵੀ ਲੁਕਾ ਕੇ ਨਹੀਂ ਰੱਖਿਆ ਜਾਵੇਗਾ। ਜਨਤਾ ਨੂੰ ਪਤਾ ਹੈ ਕਿ ਕਿਹੜੇ-ਕਿਹੜੇ ਨੇਤਾਵਾਂ ਨੇ ਸਰਕਾਰੀ ਜ਼ਮੀਨਾਂ ’ਤੇ ਕਬਜ਼ੇ ਕੀਤੇ ਹੋਏ ਹਨ। ਭਗਵੰਤ ਮਾਨ ਸਰਕਾਰ ਸਾਰੇ ਵੱਡੇ ਕਾਂਗਰਸੀ ਅਤੇ ਅਕਾਲੀ ਆਗੂਆਂ ਤੋਂ ਵੀ ਕਬਜ਼ੇ ਵਾਲੀਆਂ ਜ਼ਮੀਨਾਂ ਵਾਪਿਸ ਲਵੇਗੀ। ਕਬਜ਼ੇ ਹਟਾਉਣ ਵਾਲੀ ਮੁਹਿੰਮ ’ਚ ਕਿਸੇ ਵੀ ਆਗੂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਪੰਜਾਬ ਨੂੰ ਇੱਕ ਈਮਾਨਦਾਰ ਮੁੱਖ ਮੰਤਰੀ ਲੰਬੇ ਸਮੇਂ ਬਾਅਦ ਮਿਲਿਆ ਹੈ ਜਿਸ ਦੇ ਦਿਲ ’ਚ ਪੰਜਾਬੀਆਂ ਲਈ ਦਰਦ ਹੈ।

**- ਕਾਂਗਰਸ ਅਤੇ ਅਕਾਲੀਆਂ ਦੇ ਚੋਟੀ ਦੇ ਆਗੂਆਂ ਤੋਂ ਇਲਾਵਾ ਕੀ ਕੁੱਝ ਹੋਰ ਆਗੂ ਵੀ ਹਨ, ਜਿਨ੍ਹਾਂ ਨੇ ਸਰਕਾਰੀ ਜ਼ਮੀਨਾਂ ਦਬਾਈਆਂ ਹਨ ?**

ਹਾਂ, ਕੁੱਝ ਆਗੂ ਦੂਜੀਆਂ ਪਾਰਟੀਆਂ ਨਾਲ ਵੀ ਸਬੰਧ ਰੱਖਦੇ ਹਨ। ਆਉਣ ਵਾਲੇ ਦਿਨਾਂ ’ਚ ਉਨ੍ਹਾਂ ਦੇ ਨਾਵਾਂ ਦਾ ਵੀ ਖ਼ੁਲਾਸਾ ਕੀਤਾ ਜਾਵੇਗਾ। ਕਿਸੇ ਨੂੰ ਵੀ ਬਖ਼ਸ਼ਿਆ ਨਹੀਂ ਜਾਵੇਗਾ। ਇਨ੍ਹਾਂ ਤੋਂ ਇਲਾਵਾ ਕਈ ਪੁਲੀਸ ਅਤੇ ਪ੍ਰਸ਼ਾਸਨਿਕ ਅਧਿਕਾਰੀ ਵੀ ਹਨ ਜਿਨ੍ਹਾਂ ਨੇ ਪੰਚਾਇਤਾਂ ਦੀਆਂ ਜ਼ਮੀਨਾਂ ’ਤੇ ਕਬਜ਼ੇ ਕੀਤੇ ਹੋਏ ਹਨ, ਉਨ੍ਹਾਂ ਤੋਂ ਵੀ ਕਬਜ਼ੇ ਛੁਡਵਾਏ ਜਾਣਗੇ। ਪੰਚਾਇਤੀ ਜ਼ਮੀਨਾਂ ਸਰਕਾਰ ਦੀਆਂ ਹਨ ਅਤੇ ਕਬਜ਼ੇ ਛੁਡਵਾਉਣ ਤੋਂ ਬਾਅਦ ਇਹ ਜ਼ਮੀਨਾਂ ਪੰਚਾਇਤਾਂ ਦੇ ਨਾਂ ਦਰਜ ਕਰਵਾਈਆਂ ਜਾ ਰਹੀਆਂ ਹਨ।

**- ਪੰਚਾਇਤੀ ਜ਼ਮੀਨਾਂ ਲੰਮੇ ਸਮੇਂ ਤੋਂ ਕਬਜ਼ੇ ਹੇਠ ਹਨ। ਇਨ੍ਹਾਂ ਕਾਬਜ਼ਕਾਰਾਂ ਨੇ ਜ਼ਮੀਨ ਆਪਣੇ ਕਬਜ਼ੇ ’ਚ ਕਿਵੇਂ ਲਈ ?**

ਪਹਿਲਾਂ ਤਾਂ ਪ੍ਰਭਾਵਸ਼ਾਲੀ ਤੇ ਰਸੂਖ਼ਦਾਰ ਲੋਕ, ਸਿਆਸਤਦਾਨ ਅਤੇ ਅਧਿਕਾਰੀ ਪਿੰਡਾਂ ਦੀਆਂ ਕੀਮਤੀ ਜ਼ਮੀਨਾਂ ਦਾ ਸਰਵੇ ਕਰਵਾਉਂਦੇ ਹਨ, ਅਤੇ ਫ਼ਿਰ ਇਨ੍ਹਾਂ ਜ਼ਮੀਨਾਂ ਨੂੰ ਠੇਕੇ ’ਤੇ ਲੈ ਲੈਂਦੇ ਹਨ। ਕੁੱਝ ਸਮੇਂ ਬਾਅਦ ਉਹ ਸਰਕਾਰ ਨੂੰ ਠੇਕੇ ਦੀ ਰਕਮ ਦੇਣਾ ਬੰਦ ਕਰ ਦਿੰਦੇ ਹਨ। ਇਸ ਤਰ੍ਹਾਂ ਇਹ ਜ਼ਮੀਨਾਂ ਇਨ੍ਹਾਂ ਆਗੂਆਂ ਅਤੇ ਰਸੂਖ਼ਦਾਰ ਲੋਕਾਂ ਦੇ ਕਬਜ਼ੇ ’ਚ ਆ ਜਾਂਦੀਆਂ ਹਨ। ਸਰਕਾਰ ਇਹ ਵੇਖ ਰਹੀ ਹੈ ਕਿ ਕਿਹੜੀ-ਕਿਹੜੀ ਜ਼ਮੀਨ ’ਤੇ ਠੇਕੇ ਦੀ ਰਕਮ ਸਰਕਾਰ ਨੂੰ ਅਦਾ ਨਹੀਂ ਕੀਤੀ ਗਈ ਹੈ। ਇਨ੍ਹਾਂ ਸਾਰੀਆਂ ਜ਼ਮੀਨਾਂ ਨੂੰ ਸਰਕਾਰ ਵਾਪਿਸ ਲਵੇਗੀ।

**- ਜ਼ਮੀਨਾਂ ਦੀਆਂ ਕੀਮਤਾਂ ਬਹੁਤ ਜ਼ਿਆਦਾ ਹਨ। ਕੀ ਤੁਸੀਂ ਇਸ ਸਬੰਧ ’ਚ ਵਿਸਥਾਰ ਨਾਲ ਕੁੱਝ ਦੱਸ ਸਕਦੇ ਹੋ?**

ਪੇਂਡੂ ਖੇਤਰਾਂ ’ਚ ਸਥਿਤ ਜ਼ਮੀਨ ਦੀ ਕੀਮਤ 20 ਲੱਖ ਰੁਪਏ ਪ੍ਰਤੀ ਕਿੱਲਾ ਹੈ। ਸ਼ਹਿਰਾਂ ਦੇ ਨੇੜੇ ਸਥਿਤ ਜ਼ਮੀਨ ਹੋਰ ਵੀ ਮਹਿੰਗੀ ਹੈ। ਇਨ੍ਹਾਂ ਦੇ ਰੇਟ 50 ਲੱਖ ਰੁਪਏ ਪ੍ਰਤੀ ਕਿੱਲੇ ਤਕ ਹਨ। ਇਸੇ ਤਰ੍ਹਾਂ ਚੰਡੀਗੜ੍ਹ ਨੇੜੇ ਪੰਚਾਇਤੀ ਜ਼ਮੀਨਾਂ ਦੀ ਕੀਮਤ ਆਸਮਾਨ ਨੂੰ ਛੂਹ ਰਹੀ ਹੈ। ਇਹ 80 ਲੱਖ ਤੋਂ ਇੱਕ ਕਰੋੜ ਰੁਪਏ ਪ੍ਰਤੀ ਕਿੱਲਾ ਤਕ ਵਿੱਕ ਸਕਦੀ ਹੈ।

**- ਰਸੂਖ਼ਦਾਰ ਲੋਕਾਂ ਵਲੋਂ ਕਬਜ਼ਾ ਕਰਨ ਤੋਂ ਬਾਅਦ ਇਨ੍ਹਾਂ ਜ਼ਮੀਨਾਂ ਦੀ ਕੀ ਖੇਤੀਬਾੜੀ ਲਈ ਵਰਤੋਂ ਹੁੰਦੀ ਹੈ ਜਾਂ ਫ਼ਿਰ ਇਨ੍ਹਾਂ ਦੀ ਉਹ ਨਿੱਜੀ ਵਰਤੋਂ ਕਰਦੇ ਹਨ ?**

ਅਸਲ ’ਚ ਸਰਕਾਰੀ ਜ਼ਮੀਨਾਂ ’ਤੇ ਕਬਜ਼ਾ ਕਰਨ ਤੋਂ ਬਾਅਦ ਇਹ ਲੋਕ ਉੱਥੇ ਫ਼ਾਰਮ ਹਾਊਸ ਬਣਾ ਲੈਂਦੇ ਹਨ। ਕਈਆਂ ਨੇ ਤਾਂ ਆਪਣੇ ਘਰ ਵੀ ਬਣਾਏ ਹੋਏ ਹਨ। ਆਮ ਤੌਰ ’ਤੇ ਇਨ੍ਹਾਂ ਜ਼ਮੀਨਾਂ ਦੀ ਵਰਤੋਂ ਨਿੱਜੀ ਕੰਮਾਂ ਲਈ ਕੀਤੀ ਜਾ ਰਹੀ ਹੈ। ਸਿਰਫ਼ ਕੁੱਝ ਥਾਵਾਂ ’ਤੇ ਹੀ ਪੰਚਾਇਤੀ ਜ਼ਮੀਨਾਂ ’ਤੇ ਵਾਹੀ ਕੀਤੀ ਜਾਂਦੀ ਹੈ। ਜ਼ਮੀਨਾਂ ’ਤੇ ਕਬਜ਼ਿਆਂ ਦਾ ਕਾਰਨ ਭਾਵੇਂ ਕੁੱਝ ਵੀ ਹੋਵੇ ਪਰ ਸਰਕਾਰ ਇਨ੍ਹਾਂ ਨੂੰ ਆਪਣੇ ਕਬਜ਼ੇ ’ਚ ਲੈ ਕੇ ਰਹੇਗੀ।

**- ਜ਼ਮੀਨਾਂ ਦੇ ਕਬਜ਼ੇ ਹਟਾਉਣ ਦੇ ਕੰਮ ਨੂੰ ਲੈ ਕੇ ਮੁੱਖ ਮੰਤਰੀ ਅਤੇ ਤੁਹਾਡੀ ਬਹੁਤ ਸਲਾਘਾ ਹੋਈ ਹੈ ?**

ਅਸੀਂ ਤਾਂ ਪੰਜਾਬ ਅਤੇ ਪੰਜਾਬੀਆਂ ਪ੍ਰਤੀ ਆਪਣਾ ਫ਼ਰਜ਼ ਨਿਭਾਇਆ ਹੈ। ਅਸੀਂ ਪੰਜਾਬੀਆਂ ਨਾਲ ਵਾਅਦਾ ਕੀਤਾ ਹੈ ਕਿ ਨਾਜਾਇਜ਼ ਕਬਜ਼ੇ ਛੁਡਵਾਏ ਜਾਣਗੇ ਅਤੇ ਅਸੀਂ ਸਰਕਾਰ ’ਚ ਆਉਂਦੇ ਹੀ ਇਹ ਕੰਮ ਸ਼ੁਰੂ ਕਰ ਦਿੱਤਾ ਹੈ। ਇਸ ਕੰਮ ’ਚ ਸਾਨੂੰ ਮੁੱਖ ਮੰਤਰੀ ਭਗਵੰਤ ਮਾਨ ਦਾ ਭਰਪੂਰ ਸਹਿਯੋਗ ਮਿਲਿਆ ਹੈ।

# ਉਹ ਸ਼ਖਸ, ਜੋ ਜਹਾਜ ਥੱਲੇ ਲਟਕ ਕੇ, ਦਿੱਲੀ ਤੋਂ ਲੰਡਨ ਪਹੁੰਚ ਗਿਆ



ਸੰਨ 1996 ਦੀ ਗੱਲ ਹੈ, ਪੰਜਾਬ ’ਚ ਆਪ੍ਰੇਸ਼ਨ ਬਲਿਊ ਸਟਾਰ ਤੋਂ ਬਾਅਦ ਖਰਾਬ ਹੋਏ ਹਾਲਾਤ ਹਜੇ ਵੀ ਪੂਰੀ ਤਰਾਂ ਨਾਲ ਕਾਬੂ ’ਚ ਨਹੀਂ ਸਨ, ਇਸੇ ਸਮੇਂ ਗੜ੍ਹਸ਼ੰਕਰ ਲਾਗੇ ਨਵਾਂਸ਼ਹਿਰ ਰੋਡ ਤੇ , ਹੁਸ਼ਿਆਰਪੁਰ ਜਿਲੇ ਦੇ ਇਕ ਪਿੰਡ ਬਸਿਆਲਾ ਦੇ ਦੋ ਨੌਜਵਾਨ ਸਕੇ ਭਰਾ, 23 ਸਾਲਾ ਪ੍ਰਦੀਪ ਸਿੰਘ ਸੈਣੀ ਤੇ 19 ਸਾਲਾ ਵਿਜੈ ਸਿੰਘ ਸੈਣੀ, ਜੋ ਕਾਰਾਂ ਠੀਕ ਕਰਨ ਦਾ ਕੰਮ ਸਿਖਦੇ ਸਨ, ਪੁਲਿਸ ਦੀ ਰੋਜ਼ਾਨਾ ਪੁੱਛਗਿੱਛ ਤੇ ਤਸ਼ੱਦਦ ਤੋਂ ਪ੍ਰੇਸ਼ਾਨ ਸਨ। ਉਹਨਾਂ ਇਸ ਸਭ ਤੋਂ ਖਹਿੜਾ ਛੁਡਾਉਣ ਲਈ ਇੰਗਲੈਂਡ ਜਾਣ ਦਾ ਮੰਨ੍ਹ ਬਣਾ ਲਿਆ ਜਦਕਿ ਉਨਾਂ ਕੋਲ ਨਾ ਤਾਂ ਕੋਈ ਪਾਸਪੋਰਟ ਸੀ, ਨਾ ਵੀਜਾ ਤੇ ਨਾ ਹੀ ਪੈਸੇ ਪਰ ਸਤੰਬਰ 1996 ’ਚ ਦੋਵੇਂ ਭਰਾ ਬਸ ਚੜ੍ਹ ਦਿੱਲੀ ਆ ਗਏ, ਜਿੱਥੇ ਇਕ ਠੱਗ ਏਜੰਟ ਨੇ ਇੰਨ੍ਹਾਂ ਨੂੰ ਜਹਾਜ ’ਚ ਸਵਾਰੀਆਂ ਦੇ ਸਮਾਨ ਆਲੇ ਖਾਨੇ ’ਚ ਲੁਕੋ ਕੇ ਭੇਜਣ ਦੀ ਗੱਲ ਆਖਦਿਆਂ, 150 ਪੌਂਡ ਦੀ ਠੱਗੀ ਮਾਰ ਲਈ। ਪਰ ਦੋਵੇਂ ਭਰਾ ਠੱਗੇ ਜਾਣ ਤੋਂ ਬਾਅਦ ਵੀ ਵਾਪਸ ਨ੍ਹੀਂ ਆਏ ਤੇ ਉਹਨਾਂ ਸੱਚੀ ਇਸੇ ਤਰੀਕੇ ਲੰਡਨ ਜਾਣ ਲਈ ਇੰਦਰਾ ਗਾਂਧੀ ਇੰਟਰਨੈਸ਼ਨਲ ਏਅਰਪੋਰਟ ਦਿੱਲੀ ਦੀ ਰੇਕੀ ਕਰਨੀ ਸ਼ੁਰੂ ਕਰ ਦਿੱਤੀ। ਲਗਾਤਾਰ ਦਸ ਦਿਨ ਰੇਕੀ ਕਰਨ ਤੋਂ ਬਾਅਦ ਇਕ ਦਿਨ ਦੋਵੇਂ ਭਰਾ ਕੰਧ ਤੋਂ ਛਾਲ ਮਾਰਕੇ ਅੰਦਰ ਵੜ੍ਹ ਗਏ ਤੇ ਦਿੱਲੀ ਤੋਂ ਹੀਥਰੋ (ਲੰਡਨ) ਜਾਣ ਵਾਲੇ ਜਹਾਜ ਦੇ ਅਲਗ-ਅਲਗ ਟਾਇਰਾਂ ਅੰਦਰ ਜਾਣ ਵਾਲੀ ਥੋੜੀ ਜਿਹੀ ਥਾਂ ’ਚ ਲੁੱਕ ਕੇ ਉਸ ਜਹਾਜ ਨਾਲ ਲਟਕ ਗਏ, ਜਿਹੜਾ ਅਗਲੇ 10 ਘੰਟੇ ਲਗਾਤਾਰ 40,000 ਫੁੱਟ ਦੀ ਉੱਚਾਈ ਤੇ, -50 ਤਾਪਮਾਨ ਤੇ, 700 ਕਿਲੋਮੀਟਰ ਘੰਟੇ ਦੀ ਸਪੀਡ ਨਾਲ ਉਡਕੇ ਲੰਡਨ ਪਹੁੰਚਿਆ। ਦੋਵਾਂ ਦਾ ਜਿੰਦਾ ਬਚਣਾ ਨਾਮੁਮਕਿਨ ਸੀ, ਜਹਾਜ ਚਲਦਿਆਂ ਈ ਲਗਾਤਾਰ ਹੁੰਦੇ ਜ਼ਬਰਦਸਤ ਖੜਕੇ ਅਤੇ ਟਾਇਰਾਂ ਦੇ ਹਿਲਣ ਨਾਲ ਦੋਵੇਂ ਭਰਾਵਾਂ ਦੇ ਹਾਲਾਤ ਖਰਾਬ ਹੋਣ ਲੱਗੇ ਤੇ ਜਦੋਂ ਜਹਾਜ 40,000 ਫੁੱਟ ਦੀ ਉੱਚਾਈ ਤੇ ਗਿਆ, ਜਿੱਥੇ ਆਕਸੀਜਨ ਸਿਰਫ 5% ਤੇ ਤਾਪਮਾਨ -50 ?ਸੀ ਤਾਂ ਪਤਲੀ ਜਿਹੀ ਪੇਂਟ-ਬੁਸ਼ਰਟ ’ਚ ਲਟਕੇ ਦੋਵਾਂ ਭਰਾਵਾਂ ਦੀ ਕੁਲਫੀ ਜੰਮਣ ਲੱਗੀ ਤੇ ਛੋਟੇ ਭਰਾ ਵਿਜੈ ਦਾ ਦਿਮਾਗ ਫੱਟ ਗਿਆ ਤੇ ਉਸਦੀ ਮੌਤ ਹੋ ਗਈ ਜਿਸਦੀ ਲਾਸ਼ ਜਹਾਜ ਉਤਰਨ ਤੋਂ ਕੁੱਝ ਸਮਾਂ ਪਹਿਲਾਂ ਨੀਚੇ ਡਿੱਗ ਗਈ ਸੀ। ਜਦੋਂ ਜਹਾਜ ਹੀਥਰੋ ਏਅਰਪੋਰਟ ਤੇ ਪਹੁੰਚਿਆਂ ਤਾਂ ਗਰਾਉਂਡ ਸਟਾਫ ਨੇ ਪ੍ਰਦੀਪ ਨੂੰ ਬੇਹੋਸ਼ੀ ਦੀ ਹਾਲਤ ’ਚ ਟਾਇਰਾਂ ਆਲੀ ਥਾਂ ਲਟਕਿਆ ਦੇਖਿਆ ਤਾਂ ਉਸਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਕਰਿਸ਼ਮਾਈ ਢੰਗ ਨਾਲ ਉਹ ਬੱਚ ਗਿਆ ਜਿਸਤੇ ਪੂਰੀ ਦੁਨੀਆ ਦੇ ਡਾਕਟਰ ਹੈਰਾਨ ਰਹਿ ਗਏ ਪਰ ਜਦੋਂ ਅਗਲੇ ਦਿਨ ਵਿਜੈ ਦੀ ਲਾਸ਼ ਮਿਲੀ ਤਾਂ ਪ੍ਰਦੀਪ ਨੂੰ ਆਪਣੇ ਭਰਾ ਦੀ ਮੌਤ ਤੇ ਬਹੁਤ ਡੂੰਘਾ ਸਦਮਾ ਲੱਗਿਆ। ਉਸਨੂੰ ਆਪਣੇ ਇਸ ਕੰਮ ਤੇ ਬਹੁਤ ਪਛਤਾਵਾ ਹੋਇਆ, ਜੋ ਅੱਜ ਵੀ ਕਾਇਮ ਹੈ ਕਿਉਂਕਿ ਉਸਨੂੰ ਲੱਗਦਾ ਏ ਕਿ ਉਹ ਵੱਡਾ ਸੀ ਤੇ ਉਸੇ ਦੇ ਫੈਸਲੇ ਕਾਰਨ ਛੋਟੇ ਦੀ ਜਾਨ ਚਲੀ ਗਈ।ਬਾਅਦ ’ਚ ਡਾਕਟਰਾਂ ਨੇ ਉਸਦੇ ਜਿੰਦਾ ਬਚਣ ਤੇ ਆਪਣੀ ਰਿਪੋਰਟ ’ਚ ਦੱਸਿਆ ਕਿ ਅਜਿਹੇ ਹਾਲਾਤਾਂ ’ਚ ਇਕ ਕਰੋੜ ’ਚੋਂ, ਇਕ ਬੰਦੇ ਦੇ ਬਚਣ ਦੀ ਉਮੀਦ ਹੁੰਦੀ ਏ, ਇਸ ਕੇਸ ’ਚ ਪ੍ਰਦੀਪ ਦੀ ਇੱਛਾ ਸ਼ਕਤੀ ਦਾ ਬੇਹੱਦ ਮਜ਼ਬੂਤ ਹੋਣਾ ਤੇ ਬਹੁਤ ਜਿਆਦਾ ਠੰਡ ’ਚ ਉਸਦੇ ਦਿਮਾਗ ਦਾ ਰਿਐਕਟ ਕਰਨਾ ਉਕਾ ਈ ਬੰਦ ਕਰ ਦੇਣਾ ਉਸਦੀ ਜਾਨ ਬਚਾ ਗਿਆ ਪਰ ਗੈਰਕਾਨੂੰਨੀ ਢੰਗ ਨਾਲ ਇੰਗਲੈਂਡ ਆਉਣ ਕਾਰਨ, ਉਸਨੂੰ ਵਾਪਸ ਇੰਡੀਆ ਡੀਪੋਰਟ ਕਰਨ ਦੀ ਗੱਲ ਆ ਗਈ। ਪ੍ਰਦੀਪ ਨੇ ਮਾਨਵੀ ਆਧਾਰ ਤੇ ਉਸਨੂੰ ਇੰਗਲੈਂਡ ’ਚ ਰਹਿਣ ਦੀ ਆਗਿਆ ਦੇਣ ਲਈ, ਇੰਗਲੈਂਡ ਦੀ ਕੋਰਟ ’ਚ 1996 ’ਚ ਅਰਜ਼ੀ ਲਾ ਦਿੱਤੀ, ਹਾਲਾਂਕਿ ਇਸ ਦੌਰਾਨ ਭਰਾ ਦੀ ਮੌਤ ਕਾਰਨ ਤੇ ਸਫਰ ਦੌਰਾਨ ਹੋਏ ਸਰੀਰਕ ਨੁਕਸਾਨ ਕਾਰਨ ਉਹ ਲਗਾਤਾਰ ਛੇ ਸਾਲ ਡਿਪ੍ਰੈਸ਼ਨ ਤੇ ਹੋਰ ਰੋਗਾਂ ਨਾਲ ਵੀ ਘਿਰਿਆ ਰਿਹਾ ਪਰ ਅਖੀਰ 18 ਸਾਲ ਕੇਸ ਚਲਣ ਤੋਂ ਬਾਅਦ 2014 ’ਚ ਕੋਰਟ ਨੇ, ਪ੍ਰਦੀਪ ਨੂੰ ਰਹਿਣ ਦੀ ਆਗਿਆ ਹੀ ਨਹੀਂ ਸਗੋਂ ਇੰਗਲੈਂਡ ਦੀ ਪੱਕੀ ਨਾਗਰਿਕਤਾ ਵੀ ਮਿਲ ਗਈ, ਉਸਦਾ ਨਾਮ ਗਿਨੀਜ ਬੁਕ ’ਚ ਵੀ ਦਰਜ ਕੀਤਾ ਗਿਆ ਹੈ, ਉਸਦਾ ਵਿਆਹ ਹੋ ਚੁੱਕਾ ਏ ਤੇ ਦੋ ਬੱਚੇ ਵੀ ਹਨ। ਅੱਜ 49 ਸਾਲਾਂ ਦੀ ਉਮਰ ’ਚ ਉਹ ਇੰਗਲੈਂਡ ਦੇ ਉਸੇ ਹੀਥਰੋ ਏਅਰਪੋਰਟ ਤੇ ਆਪਣੀ ਕਾਰ ਰਾਹੀਂ ਇਕ ਕੰਪਨੀ ਨੂੰ ਖਾਣੇ ਦੀਆਂ ਚੀਜ਼ਾਂ ਸਪਲਾਈ ਕਰਨ ਦਾ ਕੰਮ ਕਰਦਾ ਏ, ਜਿੱਥੇ ਉਸ ਕੋਲ ਜਿੰਦਗੀ ਦੀ ਹਰ ਐਸ਼ੋ-ਆਰਾਮ ਹੈ ਪਰ ਅੱਜ ਵੀ ਆਪਣੇ ਭਰਾ ਨੂੰ ਯਾਦ ਕਰਦਾ, ਉਹ ਝੁਰਦਾ ਰਹਿੰਦਾ ਹੈ।

**ਅਸ਼ੋਕ ਸੋਨੀ ਕਾਲਮਨਵੀਸ**
**ਪਿੰਡ ਖੂਈ ਖੇੜਾ, ਫਾਜ਼ਿਲਕਾ**
**9872705078**

# ਬੈਨ ਕੀਤੀਆਂ ਗਈਆਂ ਬੰਦੂਕਾਂ ਨੂੰ ਲਾਜ਼ਮੀ ਤੌਰ ਤੇ ਜਮ੍ਹਾ ਕਰਵਾਉਣ ਵਾਲਿਆਂ ਨੂੰ ਬੰਦੂਕ ਦੀ ਕਿਸਮ ਅਨੁਸਾਰ ਕੀਮਤ ਮਿਲੇਗੀ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਬੰਦੂਕਾਂ ਨਾਲ ਹੁੰਦੀ ਹਿੰਸਾ ਨੂੰ ਰੋਕਣ ਦੇ ਮਕਸਦ ਨਾਲ ਕੈਨੇਡਾ ਸਰਕਾਰ ਵੱਲੋਂ ਦੋ ਸਾਲ ਪਹਿਲਾਂ ਅਸਾਲਟ ਟਾਈਪ ਰਾਈਫਲਾਂ ਉਪਰ ਪਾਬੰਦੀ ਲਗਾਉਣ ਤੋਂ ਬਾਅਦ ਮਈ ਮਹੀਨੇ ਦੇ ਆਖਿਰ ਵਿੱਚ ਪਿਸਤੌਲਾਂ ਦੀ ਵਿਕਰੀ ਖ਼ਰੀਦ ਟਰਾਂਸਫਰ ਤੇ ਇੰਪੋਰਟ ਕਰਨ ਉਪਰ ਰੋਕ ਸਬੰਧੀ ਬਿਲ ਪੇਸ਼ ਕੀਤਾ ਗਿਆ ਸੀ ਜਿਨ੍ਹਾਂ ਬੰਦੂਕਾਂ ਉੱਪਰ ਸਰਕਾਰ ਵੱਲੋਂ ਬੈਨ ਲਗਾਇਆ ਗਿਆ ਹੈ ਉਨ੍ਹਾਂ ਨੂੰ ਲਾਜ਼ਮੀ ਤੌਰ ਉੱਤੇ ਵਾਪਸ ਕਰਨ ਬਦਲੇ ਸਰਕਾਰ ਨੇ ਵੱਖ ਵੱਖ ਬੰਦੂਕਾਂ ਅਨੁਸਾਰ ਉਨ੍ਹਾਂ ਦੀ ਕੀਮਤ ਅਦਾ ਕਰਨ ਦਾ ਐਲਾਨ ਕੀਤਾ ਹੈ।


















ਕੈਲਗਰੀ ਵਿੱਚ ਸਾਂਝਾ ਪੰਜਾਬ ਗਰੌਸਰੀ ਸਟੋਰ ਦੀ ਚੌਥੀ ਲੋਕੇਸ਼ਨ
ਹੁਣ 104 ਐਵਨਿਊ ਵਾਲੀਆਂ ਲਾਈਟਾਂ ਉਪਰ
606 ਸਿਟੀ ਸਕੇਪ ਸਕੇਅਰ ਨਾਰਥ ਈਸਟ ਵਿੱਚ ਖੁੱਲ ਗਈ ਐ
Mega Sanjha Punjab
GROCERY STORE
ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ,
ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ,
ਪਰੈਸ਼ਰ ਕੂਕਰ, ਮੰਜੇ, ਆਦਿ ਪੰਜਾਬ ਦੀ ਘਾਟ
ਮਹਿਸੂਸ ਹੀ ਨਹੀਂ ਹੋਣ ਦਿੰਦੇ ।
FRESH PRODUCE
Mega Sanjha Punjab
403-266-5200
FOUR LOCATIONS TO SERVE YOU
3690 Westwinds Dr NE, Calgary, AB T3J 5H3
7171 80 Ave NE #117, Calgary, AB T3J 0P6
570-6520 Falconridge BLVD NE Calgary
606 Cityscape Square NE Calgary, AB T3N 2A8


Ambleton
A Qualico Community
ਡੁਪਲੈਕਸ ਘਰ
ਥੋੜੀਆਂ ਲਾਟਾਂ ਹੀ ਬਾਕੀ ਹਨ $400s ਤੱਕ
ਲੇਨਡ ਘਰ
ਥੋੜੀਆਂ ਲਾਟਾਂ ਹੀ ਬਾਕੀ ਹਨ $600s ਤੋਂ ਸ਼ੁਰੂ
ਫਰੰਟ ਗੈਰਾਜ ਵਾਲੇ ਘਰ
$600s ਅੱਧ ਤੋਂ ਸ਼ੁਰੂ
ਕੈਲਗਰੀ ਦਾ ਨਵਾਂ ਨਾਰਥ ਏਰੀਆ
ਨਵਾਂ ਫੇਸ ਹੁਣ ਵੇਚਿਆ ਜਾ ਰਿਹਾ ਹੈ !
liveinambleton.com
24 St NW
14 St NW
144 Ave NE
Evanston Dr NW
Symons Valley Pkwy NW
Stoney Trail NW
ਐਂਬਲਟਨ ਵਧੇ ਹੋਏ ਕੁਦਰਤੀ ਮਾਹੌਲ, ਵਿਲੱਖਣ ਥਾਵਾਂ ਅਤੇ ਦ੍ਰਿਸ਼ਾਂ ਦੇ ਨਾਲ, ਉੱਤਰ ਪੱਛਮੀ ਕੈਲਗਰੀ ਦਾ ਸਭ ਤੋਂ ਉੱਤਮ ਰੂਪ ਹੈ। ਖੇਡ ਖੇਤਰ, ਸਥਾਨਕ ਅਤੇ ਖੇਤਰੀ ਮਾਰਗ ਜਿਹੇ ਨੈੱਟਵਰਕ ਕਮਿਊਨਿਟੀ ਨੂੰ ਜਾਨਣ ਲਈ ਆਸਾਨ ਬਣਾਉਂਦੇ ਹਨ। ਕਾਫ਼ੀ ਪ੍ਰਚੂਨ ਅਤੇ ਨੇੜਲੇ ਸਕੂਲਾਂ ਦੇ ਨਾਲ, ਅਤੇ ਇੱਕ ਭਵਿੱਖੀ ਹਾਈ ਸਕੂਲ ਸਾਈਟ। ਐਂਬਲਟਨ ਕੋਲ ਉਹ ਸਭ ਕੁੱਝ ਹੈ ਜਿਸਦੀ ਤੁਸੀਂ ਕਦੇ ਕਲਪਨਾ ਕਰ ਸਕਦੇ ਹੋ
1200 ਤੋਂ ਜਿਆਦਾ ਘਰ
8 ਫੇਸ ਹਨ
7.3 ਕਿਲੋਮੀਟਰ ਲੰਮਾਂ ਪਥ ਵੇਅ
5 ਪਾਰਕ
ਸਕੇਟਿੰਗ ਰਿੰਕ ਦੀ ਭਵਿੱਖੀ ਯੋਜਨਾ
ਹਾਈ ਸਕੂਲ ਦੀ ਭਵਿੱਖੀ ਯੋਜਨਾ
ਐਵਾਰਡ ਜੇਤੂ ਹੋਮ ਬਿਲਡਰ ਇਹ ਹਨ:
• Truman Homes • Shane Homes • Sterling Homes • Trico Homes • Broadview Homes • Jayman Built
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities

# ਕੈਨੇਡਾ ਦੇ ਚਾਰ ਸ਼ਹਿਰਾਂ ਵਿੱਚ ਗੁਰੂ ਮਾਨਿਓ ਗ੍ਰੰਥ ਚੇਤਨਾ ਕੈਂਪ ਸ਼ਾਨੋ-ਸ਼ੌਕਤ ਨਾਲ ਸੰਪੂਰਨ ਹੋਏ

## ਨੌਜਵਾਨ ਮਾਪੇ ਚਾਹੁੰਦੇ ਹਨ ਆਪਣੇ ਬੱਚਿਆਂ ਨੂੰ ਗੁਰੂ ਵਿਰਸਾ ਵੰਡਣਾ - ਗਿਆਨੀ ਰਾਮ ਸਿੰਘ ਚਹਿਲਾਂ

ਰੀਜਾਇਨਾ (ਪੰਜਾਬੀ ਅਖਬਾਰ ਬਿਊਰੋ): ਅੱਜ ਸਿੱਖ ਕੌਮ ਦੀ ਨਵੀਂ ਪੀੜ੍ਹੀ ਨੂੰ ਗੁਰੂ ਵਿਰਸੇ ਦਾ ਗਿਆਨ ਵੰਡਣ ਲਈ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਸਿੱਖ ਕੌਮ ਦੀਆਂ ਮਾਣਮੱਤੀਆਂ ਸੰਸਥਾਵਾਂ ਦੇ ਪ੍ਰਬੰਧਕ ਨਵੀਂ ਪੀੜ੍ਹੀ ਨੂੰ ਗੁਰੂ ਵਿਰਸਾ ਵੰਡਣ ਲਈ ਸੁਹਿਰਦ ਯਤਨ ਕਰਨ ਵਿੱਚ ਅਤੇ ਲੰਬੇ ਸਮੇਂ ਦੀ ਪਲਾਨ ਬਨਾਉਣ ਨੂੰ ਪਹਿਲ ਦੇ ਅਧਾਰ ਤੇ ਤਰਜ਼ੀਹ ਦੇਣ ਵਿੱਚ ਫੇਲ੍ਹ ਹੁੰਦੀਆਂ ਦਿਖਾਈ ਦੇ ਰਹੀਆਂ ਹਨ। ਲੋਕਤੰਤਰੀ ਤਰੀਕੇ ਨਾਲ ਵੋਟਾਂ ਦੇ ਅਧਾਰ ਤੇ ਚੁਣੇ ਸੰਸਥਾਵਾਂ ਦੇ ਮੈਂਬਰਾਂ ਅਤੇ ਅਹੁਦੇਦਾਰਾਂ ਨੂੰ ਖੁਦ ਆਪਣਾ ਹੀ ਪਤਾ ਨਹੀਂ ਹੁੰਦਾ ਕਿ ਕੀ ਉਹ ਅਗਲੀ ਇਲੈਕਸ਼ਨ ਵਿੱਚ ਮੈਂਬਰ ਜਾਂ ਅਹੁਦੇਦਾਰ ਰਹਿਣਗੇ ਜਾਂ ਨਹੀਂ ਤਾਂ ਫਿਰ ਉਹ 10 ਸਾਲ ਜਾਂ 15 ਸਾਲ ਦੀ ਲੰਬੀ ਪਲਾਨਿੰਗ ਕਿਵੇਂ ਉਲੀਕ ਸਕਦੇ ਹਨ।

ਦੂਜਾ ਪੱਖ ਇਹ ਵੀ ਹੈ ਕਿ ਕੁੱਝ ਗੁਰੂ ਪਿਆਰ ਵਿੱਚ ਭਿੱਜੇ ਅਤੇ ਆਪਾ ਵਾਰਨ ਦੀ ਭਾਵਨਾ ਵਾਲੇ ਪਰਉਪਕਾਰੀ ਲੋਕ ਵਕਤੀ ਹਾਲਾਤਾਂ ਨਾਲ ਜੂਝ ਕੇ ਅਤੇ ਸਮੇਂ ਦੇ ਹਾਣੀ ਬਣ ਕੇ ਨਵੀਂ ਪੀੜ੍ਹੀ ਨੂੰ ਗੁਰੂ ਵਿਰਸੇ ਨਾਲ ਜੋੜਣ ਦੇ ਇਸ ਕੀਮਤੀ ਕਾਰਜ ਲਈ ਸਲਾਘਾਯੋਗ ਯਤਨ ਕਰਕੇ ਲੋਕਾਂ ਦੇ ਸਾਹਮਣੇ ਨਤੀਜੇ ਵੀ ਸਿਰਜ ਦਿੰਦੇ ਹਨ। ਅੱਜ ਸਾਨੂੰ ਮਾਣ ਹੈ ਕਿ ਕੈਨੇਡਾ ਦੇ ਸ਼ਹਿਰ ਰੀਜਾਇਨਾ ਦੇ ਵਸਨੀਕ ਅਤੇ ਗੁਰ ਗਿਆਨ ਲਰਨਿੰਗ ਸੈਂਟਰ ਦੇ ਇਨਚਾਰਜ ਗਿਆਨੀ ਰਾਮ ਸਿੰਘ ਚਹਿਲਾਂ ਜੋ ਕਿ ਬੱਚਿਆਂ ਤੇ ਨੌਜਵਾਨਾਂ ਨੂੰ ਗੁਰੂ ਸਾਹਿਬ ਜੀ ਦੇ ਵਿਰਸੇ ਦੀਆਂ ਉੱਚ ਮਿਆਰੀ ਕਦਰਾਂ ਕੀਮਤਾਂ ਨਾਲ ਜੋੜਣ ਲਈ ਇੱਕ ਵਿਲੱਖਣ ਕਿਸਮ ਦੇ ਨਤੀਜੇ ਸਾਹਮਣੇ ਲਿਆ ਰਹੇ ਹਨ। ਉਹ ਮਲਟੀਮੀਡੀਏ ਦਾ ਸਹਾਰਾ ਲੈ ਕੇ ਸਲਾਈਡ ਸ਼ੋਅ ਅਤੇ ਲਘੂ ਫਿਲਮਾਂ (ਸ਼ੋਰਟ ਮੂਵੀਆਂ) ਰਾਹੀਂ ਆਪਣੇ ਵੱਖਰੇ ਹੀ ਅੰਦਾਜ਼ ਵਿੱਚ ਨਿਵੇਕਲੇ ਯਤਨ ਕਰਕੇ ਸਭ ਦੇ ਦਿਲਾਂ ਤੇ ਰਾਜ਼ ਕਰ ਰਹੇ ਹਨ।

ਜਿੱਥੇ ਉਹ ਕੈਨੇਡਾ ਦੇ ਦੋ ਨੈਸ਼ਨਲ ਚੈਨਲ ਜੁਆਇ ਟੀਵੀ ਅਤੇ ਫੇਥ ਟੀਵੀ ਉੱਪਰ ਬਤੌਰ ਪ੍ਰਡਿਊਸਰ ਹਫਤਾਵਾਰੀ ਲੜੀਵਾਰ ਗੁਰ ਗਿਆਨ ਦਾ ਨਗਾਰਾ ਸ਼ੋਅ ਰਾਹੀਂ ਵੀ ਬਾ-ਕਮਾਲ ਪ੍ਰਚਾਰ ਕਰ ਰਹੇ ਹਨ ਅਤੇ ਗੁਰ ਗਿਆਨ ਅੰਤਰਰਾਸਟਰੀ ਔਨਲਾਈਨ ਅਕੈਡਮੀ ਰਾਹੀਂ ਵੀ ਦੁਨੀਆਂ ਭਰ ਦੇ ਬੱਚਿਆਂ ਨੂੰ ਮਾਂ-ਬੋਲੀ ਗੁਰਮੁੱਖੀ ਅਤੇ ਗੁਰੂ ਵਿਰਸੇ ਨਾਲ ਜੋੜ ਰਹੇ ਹਨ। 2022 ਦੀਆਂ ਗਰਮੀਆਂ ਦੀਆਂ ਛੁੱਟੀਆਂ ਵਿੱਚ ਉਹਨਾਂ ਨੇ ਕੈਨੇਡਾ ਦੇ ਦੋ ਪ੍ਰੋਵਿਨਸ ਅਲਬਰਟਾ ਅਤੇ ਸਸਕੈਚਵਨ ਦੇ ਚਾਰ ਸ਼ਹਿਰਾਂ ਵਿੱਚ ਗੁਰੂ ਮਾਨਿਓ ਗ੍ਰੰਥ ਚੇਤਨਾ ਕੈਂਪ ਲਾਏ ਜੋ ਕਿ ਬਹੁਤ ਹੀ ਸਫਲਤਾ ਪੂਰਵਕ ਸੰਪੂਰਨ ਹੋਏ ਹਨ।

ਜੁਲਾਈ ਮਹੀਨੇ ਵਿੱਚ ਉਹਨਾਂ ਨੇ ਕੈਲਗਰੀ, ਵਿਨੀਪੈਗ, ਐਡਮਿੰਟਨ ਅਤੇ ਸੈਸਕਾਟੂਨ ਸ਼ਹਿਰਾਂ ਵਿੱਚ ਤਕਰੀਬਨ 700 ਦੇ ਕਰੀਬ ਬੱਚਿਆਂ ਨੂੰ ਗੁਰੂ ਵਿਰਸੇ ਦਾ ਗਿਆਨ ਵੰਡਣ ਦੇ ਨਾਲ ਨਾਲ ਉਹਨਾਂ ਨੂੰ ਪਰਿਵਾਰਿਕ ਜੀਵਨ ਵਿੱਚ ਮਾਪਿਆਂ ਦੇ ਆਗਿਆਕਾਰੀ ਹੋਣਾ, ਇੱਕ ਆਦਰਸ਼ ਇਨਸਾਨ ਬਨਣਾ, ਪਰਉਪਕਾਰ ਦੀ ਬਿਰਤੀ ਰਾਹੀਂ ਦੂਜਿਆਂ ਦਾ ਭਲਾ ਕਰਨਾ ਅਤੇ ਉੱਚੇ ਅਹੁਦਿਆਂ ਤੇ ਪਹੁੰਚ ਕੇ ਆਪਣੇ ਜੀਵਨ ਕਿਰਦਾਰ ਦੀ ਮਿਸਾਲ ਬਣ ਕੇ ਹੋਰਨਾਂ ਲਈ ਰਾਹ ਦਸੇਰੇ (ਆਈਕੋਨ) ਬਨਣਾ ਆਦਿ ਦੇ ਗੁਰ ਵੀ ਦੱਸੇ।

ਉਹਨਾਂ ਚਾਰ ਸ਼ਹਿਰਾਂ ਵਿੱਚ ਸਫਲਤਾ ਪੂਰਵਕ ਸਮਾਪਤ ਹੋਏ ਕੈਂਪਾਂ ਦੇ ਤਜ਼ਰਬੇ ਬਾਰੇ ਦੱਸਿਆ ਕਿ ਅੱਜ ਕੈਨੇਡਾ ਵਸਦੇ ਨੌਜਵਾਨ ਮਾਪੇ ਆਪਣੇ ਬੱਚਿਆਂ ਨੂੰ ਗੁਰੂ ਵਿਰਸੇ ਦੀਆਂ ਉੱਚ ਮਿਆਰੀ ਕਦਰਾਂ ਕੀਮਤਾਂ ਨਾਲ ਜੋੜਨ ਦੇ ਚਾਹਵਾਨ ਹਨ। ਆਉਣ ਵਾਲੀ ਨੌਜਵਾਨਾਂ ਦੀ ਪੀੜ੍ਹੀ ਇਸ ਗੱਲ ਤੋਂ ਬਹੁਤ ਸੁਚੇਤ ਹੁੰਦੀ ਜਾ ਰਹੀ ਹੈ ਕਿ ਕਿਤੇ ਸਾਡੇ ਬੱਚੇ ਕੁਸੰਗ ਵਿੱਚ ਫਸ ਕੇ ਗਲਤ ਆਦਤਾਂ ਦੇ ਸ਼ਿਕਾਰ ਨਾ ਹੋ ਜਾਣ ਅਤੇ ਉਹਨਾਂ ਨੂੰ ਗੁਰੂ ਵਿਰਸੇ ਨਾਲ ਜੋੜਣਾ ਹੀ ਅਸਲੀ ਪ੍ਰਾਪਤੀ ਹੈ।

ਆਖੀਰ ਤੇ ਉਹਨਾਂ ਨੇ ਦੱਸਿਆਂ ਕਿ ਨੌਜਵਾਨ ਮਾਪਿਆਂ ਅੰਦਰ ਜਾਗ ਰਹੀ ਇਸ ਚੇਤਨਾ ਦਾ ਸਦਕਾ ਗੁਰ ਗਿਆਨ ਲਰਨਿੰਗ ਸੈਂਟਰ ਵੱਲੋਂ ਬਹੁਤ ਜਲਦੀ ਇੱਕ ਗੁਰ ਗਿਆਨ ਆਫਟਰ ਸਕੂਲ ਸ਼ੁਰੂ ਕੀਤਾ ਜਾਵੇਗਾ ਜਿਸ ਵਿੱਚ ਸਕੂਲ ਟਾਈਮ ਤੋਂ ਬਾਦ ਰੋਜਾਨਾਂ ਸ਼ਾਮ 5 ਵਜੇ ਤੋਂ 8 ਵਜੇ ਤੱਕ ਕਲਾਸਾਂ ਹੋਇਆ ਕਰਨਗੀਆਂ। ਇਸ ਸਕੂਲ ਦਾ ਮਿਸ਼ਨ ਤੇ ਵਿਯਨ ਇਹ ਹੋਵੇਗਾ ਕਿ ਆਓ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਰਾਹੀਂ ਨਵੀਂ ਪੀੜ੍ਹੀ ਦੇ ਸੁਭਾਉ ਅਤੇ ਸੋਚ ਨੂੰ ਘੜ੍ਹੀਏ ਭਵਿੱਖ ਆਪਣੇ ਆਪ ਘੜਿਆ ਜਾਵੇਗਾ। ਇਸ ਬਾਰੇ ਜਾਣਕਾਰੀ ਲੈਣ ਦੇ ਚਾਹਵਾਨ ਫੋਨ ਨੰਬਰ 639-590-4464 ਤੇ ਜਾਂ ਈ ਮੇਲ ਗੁਰਗਿਆਨ ਲਰਨਿੰਗ ਸੈਂਟਰ ਐਟ ਜੀਮੇਲ ਡੋਟ ਕੌਮ ਵੈੱਬਸਾਈਟ ਗੁਰਗਿਆਨ ਡੋਟ ਕੌਮ ਤੇ ਸੰਪਰਕ ਕਰ ਸਕਦੇ ਹਨ।




# ਸਿੱਧੂ ਮੂਸੇਵਾਲਾ ਦੇ ਕਾਤਲਾਂ ਦੀ ਪੁਲੀਸ ਨੂੰ ਵੰਗਾਰ, ਫ਼ੇਸਬੁੱਕ 'ਤੇ ਤਸਵੀਰ ਪਾ ਕੇ ਲਿਖੀਆਂ ਗੱਲਾਂ

ਲੁਧਿਆਣਾ (ਪੰਜਾਬੀ ਅਖਬਾਰ ਬਿਊਰੋ)- ਸਿੱਧੂ ਮੂਸੇਵਾਲਾ ਕਤਲ ਕਾਂਡ ਵਿਚ ਸ਼ਾਮਲ ਸ਼ਾਰਪ ਸ਼ੂਟਰ ਮੰਨੀ ਰੱਈਆ ਅਤੇ ਮਨਦੀਪ ਸਿੰਘ ਤੂਫ਼ਾਨ ਅਜੇ ਵੀ ਪੁਲੀਸ ਦੀ ਗ੍ਰਿਫ਼ਤ ਤੋਂ ਬਾਹਰ ਹਨ ਪਰ ਦੋਵੇਂ ਹੀ ਮੁਲਜ਼ਮਾਂ ਦੇ ਨਾਮ ਨਾਲ ਬਣੇ ਫ਼ੇਸਬੁਕ ਅਕਾਊਂਟ ਲਗਾਤਾਰ ਅਪਡੇਟ ਹੋ ਰਹੇ ਹਨ। ਮੁਲਜ਼ਮਾਂ ਦੇ ਫ਼ੇਸਬੁੱਕ ਅਕਾਊਂਟ ਵਿੱਚ 5 ਦਿਨ ਪਹਿਲਾਂ ਫ਼ੋਟੋ ਦੇ ਨਾਲ ਸਟੇਟਸ ਅਪਲੋਡ ਕੀਤਾ ਹੈ ਜੋ ਕਿ ਪੰਜਾਬ ਪੁਲੀਸ ਲਈ ਇਕ ਸਿੱਧੀ ਚੁਣੌਤੀ ਹੈ ਕਿਉਂਕਿ ਮੰਨੀ ਰੱਈਆ ਨੇ ਪੋਸਟ ਵਿਚ ਲਿਖਿਆ ਹੈ ਕਿ ਜੰਗ ਸਿਰਫ਼ ਜਿੱਤਣ ਲਈ ਨਹੀਂ ਲੜੀ ਜਾਂਦੀ, ਕਈ ਵਾਰ ਇਹ ਦੱਸਣਾ ਵੀ ਜ਼ਰੂਰੀ ਹੁੰਦਾ ਹੈ ਕਿ ਅਜੇ ਅਸੀਂ ਜਿਊਂਦੇ ਹਾਂ, ਜਦੋਂਕਿ ਤੂਫ਼ਾਨ ਨੇ ਇੱਕ ਖ਼ਬਰ 'ਤੇ ਆਪਣਾ ਸਪੱਸ਼ਟੀਕਰਨ ਦਿੱਤਾ ਹੈ। ਹਾਲਾਂਕਿ ਪੁਲੀਸ ਦਾ ਕਹਿਣਾ ਹੈ ਕਿ ਇਹ ਲੋਕ ਖੁਦ ਪੇਜ ਅਪਰੇਟ ਨਹੀਂ ਕਰਦੇ ਪਰ ਫ਼ਿਰ ਵੀ ਸਾਇਬਰ ਸੈੱਲ ਦੀ ਪੁਲੀਸ ਨੇ ਇਸ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਅਸਲ ਵਿੱਚ ਸਿੱਧੂ ਮੂਸੇਵਾਲਾ ਕਤਲ ਕਾਂਡ ਤੋਂ ਪਹਿਲਾਂ ਵਿਧਾਨ ਸਭਾ ਦੇ ਸਾਬਕਾ ਸਪੀਕਰ ਨਿਰਮਲ ਸਿੰਘ ਕਾਹਲੋਂ ਦੇ ਭਤੀਜੇ ਸੰਦੀਪ ਸਿੰਘ ਕਾਹਲੋਂ ਨੇ ਆਪਣੇ ਦੋਸਤ ਸਤਬੀਰ ਸਿੰਘ ਦੀ ਮਦਦ ਨਾਲ ਮਨਪ੍ਰੀਤ ਸਿੰਘ ਉਰਫ਼ ਮਨੀ ਰੱਈਆ, ਮਨਦੀਪ ਸਿੰਘ ਤੂਫ਼ਾਨ ਅਤੇ ਇੱਕ ਹੋਰ ਸ਼ਾਰਪ ਸ਼ੂਟਰ ਨੂੰ ਬਠਿੰਡਾ ਛੱਡਿਆ ਸੀ। ਉਕਤ ਮਾਮਲੇ ਵਿੱਚ ਸੀ.ਆਈ.ਏ-2 ਦੀ ਪੁਲੀਸ ਨੇ ਪਹਿਲਾਂ ਸਤਬੀਰ ਸਿੰਘ ਨੂੰ ਹਥਿਆਰਾਂ ਦੇ ਨਾਲ ਕਾਬੂ ਕਰ ਲਿਆ ਸੀ। ਫ਼ਿਰ ਉਸ ਦੀ ਨਿਸ਼ਾਨਦੇਹੀ 'ਤੇ ਸੰਦੀਪ ਕਾਹਲੋਂ ਨੂੰ ਵੀ ਦਬੋਚ ਲਿਆ ਸੀ ਪਰ ਮਨੀ ਰੱਈਆ ਅਤੇ ਮਨਦੀਪ ਤੂਫ਼ਾਨ ਦਾ ਕੁਝ ਪਤਾ ਨਹੀਂ ਲਗ ਸਕਿਆ। ਇਹ ਵੀ ਸ਼ੱਕ ਜਤਾਇਆ ਜਾ ਰਿਹਾ ਹੈ ਕਿ ਕੁਝ ਦਿਨ ਪਹਿਲਾਂ ਅੰਮ੍ਰਿਤਸਰ ਵਿੱਚ ਹੋਏ ਮੁਕਾਬਲੇ ਵਿੱਚ ਇਹ ਦੋਵੇਂ ਗੈਂਗਸਟਰ ਮਾਰੇ ਗਏ ਗੈਂਗਸਟਰਾਂ ਦੇ ਨਾਲ ਹੀ ਸਨ ਪਰ ਉੱਥੋਂ ਕਿਸੇ ਤਰ੍ਹਾਂ ਬਚ ਨਿਕਲੇ ਸਨ। ਹਾਲਾਂਕਿ ਇਹ ਅਜੇ ਸਪੱਸ਼ਟ ਨਹੀਂ ਹੋਇਆ। ਪੁਲਸ ਨੂੰ ਹੁਣ ਤਕ ਉਨ੍ਹਾਂ ਸਬੰਧੀ ਕੋਈ ਸੂਚਨਾ ਨਹੀਂ ਮਿਲੀ। ਤੂਫ਼ਾਨ ਨੇ 24 ਤਾਂ ਰਈਆ ਨੇ 25 ਦੀ ਸਵੇਰ ਅਪਲੋਡ ਕੀਤੀ ਪੋਸਟ ਸੂਤਰਾਂ ਦੀ ਮੰਨੀਏ ਤਾਂ ਦੋਵੇਂ ਹੀ ਇਕੱਠੇ ਹਨ।



ਮਨਦੀਪ ਸਿੰਘ ਤੂਫ਼ਾਨ ਦਾ ਫ਼ੇਸਬੁੱਕ ਪੇਜ ਤੂਫ਼ਾਨ ਬਟਾਲਾ ਦੇ ਨਾਮ ਨਾਲ ਬਣਿਆ ਹੋਇਆ ਹੈ। ਉਕਤ ਪੇਜ 'ਤੇ 24 ਜੁਲਾਈ ਦੀ ਸਵੇਰ ਤਕਰੀਬਨ 11 ਵਜੇ ਇੱਕ ਨਿਊਜ਼ ਚੈਨਲ ਦੀ ਖ਼ਬਰ ਅਪਲੋਡ ਕਰ ਕੇ ਪੋਸਟ ਪਾਈ ਗਈ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਨਿਊਜ਼ ਚੈਨਲ ਨੇ ਉਸ ਸਬੰਧੀ ਗਲਤ ਖ਼ਬਰ ਪਾਈ ਹੈ, ਜਿਵੇਂ ਕਿਹਾ ਜਾ ਰਿਹਾ ਹੈ ਕਿ ਉਸ ਨੇ ਅਜਿਹਾ ਕੁਝ ਨਹੀਂ ਕੀਤਾ। ਉਕਤ ਪੋਸਟ 'ਤੇ ਕਈ ਲੋਕਾਂ ਦੇ ਕਮੈਂਟ ਵੀ ਹਨ, ਜਦੋਂਕਿ ਮਨਪ੍ਰੀਤ ਸਿੰਘ ਦੀ ਫ਼ੇਸਬੁੱਕ ਆਈ.ਡੀ. ਮਨੀ ਰੱਈਆ ਦੇ ਨਾਮ ਨਾਲ ਬਣੀ ਹੋਈ ਹੈ ਜਿਸ ਨੇ 25 ਜੁਲਾਈ ਦੀ ਸਵੇਰ ਤਕਰੀਬਨ ਸਾਢੇ 11 ਵਜੇ ਇੱਕ ਪੋਸਟ ਪਾਈ ਹੈ ਅਤੇ ਚੁਣੌਤੀਪੂਰਨ ਲਹਿਜ਼ੇ ਵਿੱਚ ਲਿਖਿਆ ਹੈ ਕਿ ਜੰਗ ਸਿਰਫ਼ ਜਿੱਤਣ ਲਈ ਨਹੀਂ ਲੜੀ ਜਾਂਦੀ, ਕਈ ਵਾਰ ਇਹ ਦੱਸਣਾ ਵੀ ਜ਼ਰੂਰੀ ਹੁੰਦਾ ਹੈ ਕਿ ਅਸੀਂ ਅਜੇ ਜਿਊਂਦੇ ਹਾਂ। ਉਕਤ ਪੋਸਟ ਵਿੱਚ ਉਸ ਨੇ ਆਪਣੀ ਫ਼ੋਟੋ ਵੀ ਅਪਲੋਡ ਕੀਤੀ ਹੈ। ਉਧਰ, ਸੀ.ਆਈ.ਏ-2 ਦੇ ਇੰਚਾਰਜ ਇੰਸਪੈਕਟਰ ਬੇਅੰਤ ਜੁਨੇਜਾ ਨੇ ਦੱਸਿਆ ਕਿ ਮੁਲਜ਼ਮਾਂ ਦੀ ਭਾਲ ਵਿੱਚ ਲਗਾਤਾਰ ਛਾਪੇਮਾਰੀ ਚੱਲ ਰਹੀ ਹੈ। ਕਈ ਇਨਪੁਟਸ ਮਿਲੇ ਸਨ ਪਰ ਮੁਲਜ਼ਮ ਪੁਲੀਸ ਦੇ ਪੁੱਜਣ ਤੋਂ ਪਹਿਲਾਂ ਹੀ ਫ਼ਰਾਰ ਹੋ ਜਾਂਦੇ ਸਨ। ਦੋਵੇਂ ਮੁਲਜ਼ਮ ਕਾਫ਼ੀ ਸ਼ਾਤਰ ਹਨ। ਉਨ੍ਹਾਂ ਦੀ ਭਾਲ ਵਿਚ ਪੰਜਾਬ ਪੁਲੀਸ ਦੀਆਂ ਕਈ ਟੀਮਾਂ ਛਾਪੇਮਾਰੀ ਕਰਨ ਵਿੱਚ ਜੁਟੀਆਂ ਹੋਈਆਂ ਹਨ। ਜਲਦੀ ਹੀ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਫ਼ੇਸਬੁੱਕ ਵਿਚ ਪਾਈ ਗਈ ਪੋਸਟ ਲਈ ਉਨ੍ਹਾਂ ਵਲੋਂ ਸਾਇਬਰ ਸੈੱਲ ਦੀ ਟੀਮ ਦੀ ਮਦਦ ਲਈ ਜਾ ਰਹੀ ਹੈ ਤਾਂ ਕਿ ਪਤਾ ਲਗਾਇਆ ਜਾ ਸਕੇ ਕਿ ਪੋਸਟ ਕਿੱਥੋਂ ਅਪਡੇਟ ਹੋਈ ਹੈ।

# ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵੱਲੋਂ 14 ਅਗਸਤ ਨੂੰ ਇੱਕ ਰੋਜ਼ਾ ਪੁਸਤਕ ਮੇਲਾ ਲਗਾਇਆ ਜਾਵੇਗਾ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ ਸਰਪ੍ਰਸਤ ਜਸਵਿੰਦਰ ਕੌਰ ਮਾਨ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿਚ 19 ਜੂਨ ਨੂੰ ਹੋਏ 11ਵੇਂ ਸਲਾਨਾ ਨਾਟਕ ਸਮਾਗਮ ਦਾ ਲੇਖਾ-ਜੋਖਾ ਕੀਤਾ ਗਿਆ। ਲਗਭਗ ਸਭ ਹਾਜ਼ਰ ਮੈਂਬਰਾਂ ਵਲੋਂ ਪੂਰਨ ਰੂਪ 'ਚ ਸਫ਼ਲ ਨਾਟਕ ਸਮਾਗਮ 'ਤੇ ਤਸੱਲੀ ਅਤੇ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ। ਜੋ ਨਿੱਕੀਆਂ ਮੋਟੀਆਂ ਕਮੀਆਂ ਰਹੀਆਂ ਉਹ ਨੋਟ ਕੀਤੀਆਂ ਗਈਆਂ ਅੱਗੇ ਨੂੰ ਉਨ੍ਹਾਂ ਨੂੰ ਦੂਰ ਕਰਨ ਦਾ ਪ੍ਰਣ ਕੀਤਾ ਗਿਆ। ਜਿਥੇ ਸਾਰੀ ਆਗੂ ਟੀਮ ਨੇ ਸਰਗਰਮੀ ਨਾਲ ਟੀਮ ਵਰਕ ਕੀਤਾ, ਉੱਥੇ ਮੀਡੀਆ ਦੀ ਨਿਭਾਈ ਭੂਮਿਕਾ ਦੀ ਸ਼ਲਾਘਾ ਕੀਤੀ ਗਈ। ਖਾਸ ਕਰਕੇ ਹਰਚਰਨ ਪਰਹਾਰ, ਗੁਰਦੀਪ ਪਰਹਾਰ (ਸਿੱਖ ਵਿਰਸਾ), ਰਿਸ਼ੀ ਨਾਗਰ ਜੀ (ਰੈਡ ਐਫਐਮ), ਹਰਬੰਸ ਬੁੱਟਰ (ਪੰਜਾਬੀ ਅਖ਼ਬਾਰ), ਸਰੋਕਾਰਾਂ ਦੀ ਅਵਾਜ਼ ਟਰਾਂਟੋ, ਪ੍ਰਾਇਮ ਏਸ਼ੀਆ, ਪੰਜਾਬੀ ਨੈਸ਼ਨਲ, ਬਲਜਿੰਦਰ ਸੰਘਾ (ਮੈਪਲ ਮੀਡੀਆ) ਆਦਿ ਸਭ ਦਾ ਜਥੇਬੰਦੀ ਵਲੋਂ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਇਸ ਵਾਰੀ ਹਫ਼ਤਾ ਪਹਿਲਾਂ ਹੀ ਟਿਕਟਾਂ ਮੁੱਕਣ ਕਾਰਨ ਬਹੁਤ ਸਾਰੇ ਪੱਕੇ ਦਰਸ਼ਕ ਵੀ ਨਾਟਕ ਦੇਖਣ ਤੋਂ ਵਾਂਝੇ ਰਹਿ ਗਏ ਜਿਸ ਦਾ ਸਾਨੂੰ ਅਫ਼ਸੋਸ ਹੈ। ਇਸ ਦੀ ਮੁਆਫ਼ੀ ਮੰਗਦੇ ਹੋਏ, ਅੱਗੇ ਨੂੰ ਦੋ ਸ਼ੋਅ ਕਰਵਾਉਣ ਦਾ ਫੈਸਲਾ ਕੀਤਾ ਗਿਆ। ਵੱਡੇ ਖਰਚਿਆਂ ਕਾਰਨ ਬਹੁਤ ਸਾਰੇ ਸਪਾਂਸਰਜ਼ ਵੀਰਾਂ ਨੇ ਫੰਡਾਂ ਦੀ ਸਹਾਇਤਾ ਕੀਤੀ ਹੈ ਅਸੀਂ ਉਨ੍ਹਾਂ ਸਭ ਦਾ ਹਾਰਦਿਕ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਅਤੇ ਗੁਰਸ਼ਰਨ ਕਲਾ ਭਵਨ ਦੀ ਵੱਖਰੀ ਮੱਦਦ ਕੀਤੀ ਹੈ। ਉਨ੍ਹਾਂ ਸਭ ਦਾ ਵੀ ਬਹੁਤ ਧੰਨਵਾਦ। ਇਸ ਉਪਰੰਤ ਵਿੱਤ ਸਕੱਤਰ ਕਮਲਪ੍ਰੀਤ ਪੰਧੇਰ ਨੇ ਫੰਡਾਂ ਦੇ ਆਮਦਨ ਖਰਚੇ ਦੇ ਵੇਰਵੇ ਸਾਂਝੇ ਕੀਤੇ। ਐਸੋਸੀਏਸ਼ਨ ਦੀ ਵੱਡੀ ਮਾਸਕ ਮੀਟਿੰਗ ਜੋ ਮਹੀਨੇ ਦੇ ਪਹਿਲੇ ਐਤਵਾਰ ਕੋਸੋ ਹਾਲ 102, 3208-8 ਅਵਏ ਵਿਖੇ ਹੁੰਦੀ ਹੈ, ਉਹ 7 ਅਗਸਤ ਨੂੰ 2-5 ਵਜੇ ਦੁਪਹਿਰ ਹੋਵੇਗੀ। ਜਿਸ ਵਿਚ ਚਲੰਤ ਮਾਮਲੇ ਜਿਵੇਂ ਸਿਹਤ ਸਮੱਸਿਆ, ਵਧਦੀ ਮਹਿੰਗਾਈ ਆਦਿ ਮੁੱਦਿਆਂ 'ਤੇ ਵਿਚਾਰ-ਚਰਚਾ ਹੋਵੇਗੀ। ਇਸ ਵਾਰੀ ਨਾਟਕ ਟੀਮ ਦੇ ਕਲਾਕਾਰਾਂ ਨੂੰ ਬੋਲਣ ਦਾ ਵਿਸ਼ੇਸ਼ ਮੌਕਾ ਦਿੱਤਾ ਜਾਵੇਗਾ। ਇਹ ਵੀ ਫੈਸਲਾ ਕੀਤਾ ਗਿਆ ਕਿ ਐਸੋਸੀਏਸ਼ਨ ਵਲੋਂ ਚਲਾਏ ਜਾ ਰਹੇ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਵੱਲੋਂ 15 ਅਗਸਤ ਨੂੰ ਡਾ. ਭੁੱਲਰ ਵਾਲੇ ਗਰੀਨ ਪਲਾਜ਼ੇ 'ਚ ਇੱਕ ਰੋਜ਼ਾ ਪੁਸਤਕ ਮੇਲਾ ਸਮਾਂ 10 ਵਜੇ ਤੋਂ ਸ਼ਾਮ 6 ਵਜੇ ਤੱਕ ਲੱਗੇਗਾ। ਇਸ ਮੇਲੇ ਦਾ ਸਵੇਰੇ 10 ਵਜੇ ਛੋਟੀ ਬੱਚੀ ਅਮਰੀਤ ਗਿੱਲ ਰਸਮੀ ਉਦਘਾਟਨ ਕਰੇਗੀ। ਜਿਸ ਨੇ ਲਿਖੀ ਹੈ। ਮੀਟਿੰਗ 'ਚ ਜਸਵਿੰਦਰ ਕੌਰ ਮਾਨ, ਮਾ. ਭਜਨ ਸਿੰਘ, ਹਰੀ ਪਾਲ, ਕਮਲਪ੍ਰੀਤ ਪੰਧੇਰ, ਨਵਕਿਰਨ ਢੁੱਡੀਕੇ, ਕੁਸਮ ਸ਼ਰਮਾ, ਬਨਦੀਪ ਕੌਰ ਗਿੱਲ ਅਤੇ ਕਮਲ ਸਿੱਧੂ ਹਾਜ਼ਰ ਸਨ। ਮੀਟਿੰਗ ਵਿਚ ਇੱਕ ਮਤੇ ਰਾਹੀਂ ਭਾਰਤ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਗਈ ਕਿ ਸਾਜ਼ਿਸ਼ ਅਧੀਨ ਝੂਠੇ ਕੇਸਾਂ 'ਚ ਬੰਦ ਸਭ ਬੁੱਧੀਜੀਵੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ।




















DAWSON'S LANDING
CHESTERMERE
A QUALICO COMMUNITY
ਲੱਭੋ ਆਪਣਾ
ਸੰਪੂਰਣ ਘਰ
ਨਵੀਆਂ ਲਾਟਾਂ ਆ
ਗਈਆਂ ਹਨ
ਹੁਣ ਫੇਸ 3 ਵੇਚਿਆ ਜਾ ਰਿਹਾ ਹੈ
ਫਰੰਟ ਗੈਰਾਜ ਵਾਲੀਆਂ ਲਾਟਾਂ
ਡੁਪਲੈਕਸ ਘਰਾਂ ਦੀਆਂ ਲਾਟਾਂ
ਲੇਨਡ ਘਰਾਂ ਦੀਆਂ ਲਾਟਾਂ
DUPLEX HOMES
FROM THE
$400s
LANED HOMES
FROM THE LOW
$500s
FRONT GARAGE HOMES
FROM THE HIGH
$500s
SHOWHOME APPOINTMENTS AVAILABLE AND RECOMMENDED. 360° ਵਰਚੁਅਲ ਟੂਰ ਵੀ ਮਿਲਦਾ ਹੈ
Broadview Homes | NuVista Homes | Trico Homes | Sterling Homes | Truman Homes | Morrison Homes
ਡਾਵਸਨ ਲੈਂਡਿੰਗ ਤੁਹਾਡੇ ਪਰਿਵਾਰਾਂ ਦੇ ਵਿਕਾਸ ਨੂੰ ਧਿਆਨ ਵਿੱਚ ਰੱਖਕੇ ਬਣਾਇਆ ਗਿਆ ਹੈ। ਚੈਸਟਰਮੀਅਰ ਦੀਆਂ ਝੀਲਾਂ ਦੇ ਨੇੜੇ ਉਸਾਰਿਆ ਗਿਆ ਡਾਵਸਨ ਲੈਂਡਿੰਗ ਜਿੱਥੇ ਬਹੁਤ ਸਾਰੀਆਂ ਬਾਹਰੀ ਗਤੀਵਿਧੀਆਂ ਲਈ ਥਾਂਵਾਂ ਹਨ,ਜਿਵੇਂ ਸਕੂਲ, ਪਾਰਕ, ਸਾਪਿੰਗ ਸੈਂਟਰ ਅਤੇ ਹੋਰ ਬਹੁਤ ਕੁੱਝ। ਵੱਖੋ ਵੱਖ ਤਰਾਂ ਦੇ ਮਾਡਲਾਂ ਵਾਲੇ ਘਰ ਕੈਲਗਰੀ ਅਤੇ ਇਸ ਦੇ ਆਸ ਪਾਸ ਵਾਲੇ ਨਾਮਵਰ ਬਿਲਡਰਾਂ ਵੱਲੋਂ ਬਣਾਏ ਜਾ ਰਹੇ ਹਨ। ਚੈਸਟਰਮੀਅਰ ਝੀਲ ਤੋਂ ਸਿਰਫ ਕੁੱਝ ਕੁ ਮਿੰਟਾਂ ਦੀ ਦੂਰੀ ਉੱਪਰ ਹੀ ਹਨ । ਸੋ ਤੁਸੀਂ ਮਾਣ ਨਾਲ ਕਹਿ ਸਕੋਗੇ ਕਿ ਤੁਹਾਡਾ ਘਰ ਡਾਵਸਨ ਲੈਂਡਿੰਗ ਵਿੱਚ ਹੈ
liveindawsonslanding.ca
22 ਕੈਲਗਰੀ ਡਾਊਨ ਟਾਊਨ ਤੱਕ
4 ਮਿੰਟ ਡਰਾਈਵ ਐਨੀ ਵਰਸਿਰੀ ਪਾਰਕ ਤੱਕ
4 ਮਿੰਟ ਵਿੱਚ ਚੈਸਟਰਮੀਅਰ ਬਾਈਕ ਪਾਰਕ ਤੱਕ ਪੈਦਲ
ਅਸੀਂ ਅਜਿਹਾ ਭਾਈਚਾਰਾ ਉਸਾਰਦੇ ਹਾਂ , ਜਿੱਥੇ ਚੰਗਾ ਰਹਿਣ ਸਹਿਣ, ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਮਾਣਦੇ ਜ਼ਿੰਦਗੀ ਦੀ ਅਮੀਰੀ ਹੰਢਾ ਸਕਦੇ ਹੋ
QUALICO communities


SOUTH POINTE
TOYOTA
2021 COROLLA
ONLY $58 A WEEK!
$0 DOWN! LE
2020 RAV4
ONLY $92 A WEEK!
$0 DOWN! LE AWD
FREE WINTER TIRES WITH PURCHASE
0% FINANCING AVAILABLE
FREE REMOTE STARTER WITH PURCHASE
RISHI MUKHERJEE
NEW CAR SALES MANAGER
ZAK BHANJI
NEW CAR SALES MANAGER
PREZ TIWANA
NEW CAR PRODUCT ADVISOR
MINAZ RATANSHI
NEW CAR PRODUCT ADVISOR
AFSHEEN HARJEE
NEW CAR PRODUCT ADVISOR
MUHAMMAD YOUSAF
NEW CAR PRODUCT ADVISOR
IT'S TIME TO TOYOTA
11150 35 ST SE
CALGARY, AB
CALL US!
403-567-8888
WWW.SOUTHPOINTETOYOTA.COM
CALGARYS #1 VOLUME TOYOTA DEALERSHIP


Calgary
ਕਿੱਥੇ ਸੁੱਟਾਂ ਇਹ ਕਾਲੀ ਪਾਈਪ?
ਕਾਲੇ ਬਿਨ ਵਿੱਚ ਕਾਲੀ ਪਾਈਪ!
ਆਓ,
ਵਧੀਆ ਰੀਸਾਈਕਲਰ ਬਣੀਏ!
calgary.ca/TheRecyclers




ਰਾਜਨ ਸਾਹਨੀ ਕੈਲਗਰੀ ਨੌਰਥ ਈਸਟ ਲਈ ਮੌਜੂਦਾ MLA ਹਨ। ਉਹ UCP ਸਰਕਾਰ ਵਿੱਚ ਟ੍ਰਾਂਸਪੋਰਟ ਅਤੇ ਸੋਸ਼ਲ ਸਰਵਿਸ ਮਨਿਸਟਰ ਵੀ ਰਹਿ ਚੁੱਕੇ ਹਨ।

ਇਮੀਗਰੈਂਟ ਮਾਂ ਪਿਓ ਦੀ ਧੀ ਰਾਜਨ ਸਾਹਨੀ ਆਪਣੇ ਪਤੀ ਅਤੇ ਚਾਰ ਬੱਚਿਆਂ ਦੇ ਸਹਿਯੋਗ ਨਾਲ ਆਪਣੇ ਭਾਈਚਾਰੇ ਦੀ ਅਣਥੱਕ ਸੇਵਾ ਕਰਦੇ ਆ ਰਹੇ ਹਨ।

ਰਾਜਨ ਸਾਹਨੀ UCP ਲੀਡਰਸ਼ਿਪ ਲਈ ਉਮੀਦਵਾਰ ਹਨ ਅਤੇ ਤੁਹਾਡੇ ਸਾਥ ਦੀ ਮੰਗ ਕਰਦੇ ਨੇ। ਰਾਜਨ ਸਾਹਨੀ ਨੂੰ ਅਲਬਰਟਾ ਪ੍ਰੀਮਿਅਰ ਬਨਾਉਣ ਲਈ UCP ਦੀ ਮੈਂਬਰਸ਼ਿਪ ਲਵੋ।

ਵੈਬਸਾਇਟ ਹੈ voterajan.ca

ਵੋਟ ਪਾਉਣ ਲਈ Aug12,2022 ਤੋਂ ਪਹਿਲਾ ਮੈਂਬਰਸ਼ਿਪ ਲੈਣਾ ਜ਼ਰੂਰੀ ਹੈ।

Authorized by the official agent of Rajan Sawhney


ਇਹ ਅਟੱਲ ਸੱਚਾਈ ਹੈ ਕਿ
ਇਸ ਜਹਾਨੋ ਹਰ ਕਿਸੇ ਨੇ ਤੁਰ ਜਾਣਾ ਹੈ।
ਇਸ ਦੁਖਦਾਈ ਘੜੀ ਵਿੱਚ ਸਾਡਾ ਸਟਾਫ ਤੁਹਾਡੇ ਦੁੱਖ ਦਰਦ
ਨੂੰ ਮਹਿਸੂਸ ਕਰਦਾ ਹੋਇਆ ਤੁਹਾਡਾ ਖਿਆਲ ਰੱਖਦਾ ਹੈ
600 ਲੋਕਾਂ ਦੇ ਬਹਿਣ ਦੀ ਜਗ੍ਹਾ
ਵੀਲ ਚੇਅਰ, ਲਿਫਟ, ਖੁੱਲੀ ਕਾਰ ਪਾਰਕਿੰਗ,ਦੀ ਸਹੂਲਤ
ਤੁਸੀਂ ਖੁਦ ਆਪਣੀ ਇਸ ਆਖਰੀ ਘੜੀ ਦੀਆਂ ਰਸਮਾਂ ਸਬੰਧੀ ਪਹਿਲਾਂ ਹੀ ਪੈਕੇਜ ਲੈਕੇ ਮਰਨ ਉਪਰੰਤ ਤੁਹਾਡੇ ਪਿੱਛੇ ਰਹਿ ਗਏ ਪਿਆਰਿਆਂ ਦਾ ਦੁਖਦਾਈ ਆਰਥਿਕ ਬੋਝ ਘੱਟ ਕਰਨ ਵਿੱਚ ਮੱਦਦ ਕਰ ਸਕਦੇ ਹੋ !
PARK PLACE FUNERAL HOME
CHAPEL & CREMATORIUM LTD.
51 Broadway Blvd.
Ph. 417 - 8000 24 hrs.
ਐਡਮਿੰਟਨ ਅਤੇ ਪੂਰੇ ਕਨੇਡਾ ਭਰ ਵਿੱਚੋਂ ਤੁਸੀਂ ਸਾਡੀਆਂ ਸੇਵਾਵਾਂ ਲੈ ਸਕਦੇ ਹੋ !
ਸਾਰੇ ਧਰਮਾਂ ਦੀਆਂ ਰੀਤੀਆਂ ਅਨੁਸਾਰ ਅੰਤਿਮ ਰਸਮਾਂ ਪੂਰੀਆ ਕਰਨ ਲਈ ਸਾਡਾ ਸਟਾਫ ਬਚਨਵੱਧ ਹੈ।
ਜੇਕਰ ਮ੍ਰਿਤਕ ਦੇਹ ਦਾ ਸਸਕਾਰ ਬਾਹਰ ਕਿਤੇ ਵੀ ਕਿਸੇ ਵੀ ਮੁਲਕ ਲੈ ਜਾਕੇ ਕਰਨ ਦੀ ਅਗਰ ਤੁਹਾਡੀ ਇੱਛਾ ਹੈ ਤਾਂ ਅਸੀਂ ਪੂਰਾ ਪੇਪਰ ਵਰਕ ਕਰਨ ਵਿੱਚ ਤੁਹਾਡੀ ਮੱਦਦ ਕਰਦੇ ਹਾਂ।
Satvir Kaur Brar, (780)417-8000, 780 267 3500 Parkfuneral@gmail.com 51, Broadway Blvd. Sherwood Park, AB T8H 2C1


2 ਫਾਰ ਵਨ ਵਾਲਿਆਂ ਦਾ ਪੀਜ਼ਾ ਇੱਕ ਵਾਰ ਖਾਂਓਗੇ
ਤਾਂ ਆਪਣੇ ਘਰ ਖਾਣਾ ਬਣਾਉਣਾ ਭੁੱਲ ਜਾਓਗੇ
ਪਹਿਲੀ ਅਤੇ ਆਖਰੀ ਬਾਈਟ ਦਾ ਸੁਆਦ
2 ਫਾਰ ਵਨ ਪੀਜ਼ਾ ਹਾਊਸ ਨੂੰ ਰੱਖਣਾ ਯਾਦ
2 FOR 1
PIZZA HOUSE
HOUSE OF TASTE & QUALITY
Please advise us of any food allergies
Call for Delivery
Westwinds
#123 – 55 Westwind Cres NE Calgary, AB
403-285-9000
Stonegate
#112 – 2250 Country Hills Blvd NE Calgary, AB
403-818-9000
The Hills at Charlesworth
#3747 – 8th Ave SW Edmonton, AB
780-250-9009
ਆਪਣੇ ਸ਼ਹਿਰ ਵਿੱਚ 2 ਫਾਰ ਵਨ ਪੀਜ਼ਾ ਦੀ ਫਰੈਂਚਾਈਜ ਲੈਣ ਲਈ ਕਾਲ ਕਰੋ
ਅੰਮ੍ਰਿਤ :403-333-9000
2 For 1 Pizza House Franchise Application
Business Hours
Sunday – Thursday 11:00 am – 12:00 am
Friday & Saturday 11:0 am – 1:00 am
Location Hours May Vary
info@2for1pizzahouse.com
www.2for1pizzahouse.com
"GREAT FOOD, GREAT PRICE, GREAT QUALITY!!"


BHINDER EXTERIORS LTD.
BHINDER EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com